20ਵਾਂ ਸਾਲ | PARDES TIMES | 20th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 20 No. 483 December 15, 2025 E-mail : info@pardestimes.com Ph 510-938-7771

## ਪੰਜਾਬ ਦੀ ਰਾਜਨੀਤੀ ਵਿਚ ਫਿਰ ਹਲਚਲ

ਚੰਡੀਗੜ੍ਹ- ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਤਾਂ ਅਗਲੇ ਸਾਲ ਦੇ ਸ਼ੁਰੂ ਵਿਚ ਹੋਣੀਆਂ ਹਨ ਪਰ ਰਾਜਨੀਤੀ ਹੁਣੇ ਤੋਂ ਭਖਣੀ ਆਰੰਭ ਹੋ ਗਈ ਹੈ। ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਕਰਵਾ ਕੇ ਇਹ ਦੇਖਣਾ ਚਾਹੁੰਦੀ ਹੈ ਕਿ ਪੰਜਾਬ ਦੇ ਦਿਹਾਤੀ ਖੇਤਰਾਂ ਵਿਚ ਉਸ ਦੀ ਕਿੰਨੀ ਕੁ ਸਾਖ ਹੈ ਅਤੇ ਕਿੰਨੀ ਕੁ ਆਸ ਹੈ, ਜਦਕਿ ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਆਪ ਸਰਕਾਰ ਕੋਈ ਅੰਦਾਜ਼ਾ ਲਗਾ ਹੀ ਨਹੀਂ ਸਕਦੀ ਕਿਉਂਕਿ ਇਹਨਾਂ ਚੋਣਾਂ ਨੂੰ ਜਿੱਤਣ ਲਈ ਸੱਤਾਧਾਰੀ ਪਾਰਟੀ ਆਪਣੀ



ਸਰਕਾਰੀ ਤਾਕਤ ਦੀ ਵਰਤੋਂ ਕਰ ਰਹੀ ਹੈ, ਜਦਕਿ ਪੰਜਾਬ ਦੇ ਦਿਹਾਤੀ ਇਲਾਕਿਆਂ ਵਿਚ ਚੋਣਾਂ ਦਾ ਕਿਤੇ ਕੋਈ ਉਤਸ਼ਾਹ ਹੀ ਨਜ਼ਰ ਨਹੀਂ ਆਇਆ। ਬਹੁਤ ਘੱਟ ਵੋਟਿੰਗ ਹੋਈ ਅਤੇ ਕਿਸੇ ਦੀ ਜਿੱਤ-ਹਾਰ ਨੂੰ ਲੈ ਕੇ ਨਾ ਜਸ਼ਨ ਦਾ ਮਾਹੌਲ ਦਿਸਿਆ ਅਤੇ ਨਾ ਹੀ ਗਮਗੀਨ ਮਾਹੌਲ ਦਿਖਾਈ ਦਿੱਤਾ। ਇਸ ਦਰਮਿਆਨ ਪੰਜਾਬ ਕਾਂਗਰਸ ਵਿਚ ਕੱਪੜੇ ਫਾੜੂ ਸਿਆਸਤ ਆਰੰਭ ਹੋ ਗਈ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੀ ਪਤਨੀ ਨੇ ਇਹ ਬਿਆਨ ਦੇ ਕੇ ਹੰਗਾਮਾ ਹੀ ਮਚਾ ਦਿੱਤਾ ਕਿ 500 ਕਰੋੜ ਦੇ ਕੇ ਕਾਂਗਰਸ ਪਾਰਟੀ ਦਾ ਕੋਈ ਵੀ ਵਿਅਕਤੀ ਮੁੱਖ ਮੰਤਰੀ ਬਣ ਸਕਦਾ ਹੈ। ਉਹਨਾਂ ਦਾ ਸਿੱਧਾ ਨਿਸ਼ਾਨਾ ਕਾਂਗਰਸ ਦੀ ਹਾਈ ਕਮਾਨ ਤੇ ਸੀ। ਇਸ ਤੋਂ ਬਾਅਦ ਕਾਂਗਰਸ ਵਿਚ ਹੰਗਾਮਾ ਹੀ ਹੋ ਗਿਆ। ਕਾਂਗਰਸ ਦੇ ਕਈ ਲੀਡਰਾਂ ਨੇ ਉਹਨਾਂ ਨੂੰ ਨੋਟਿਸ ਵੀ ਭੇਜੇ ਅਤੇ ਦਬਾਅ ਵੀ ਬਣਾਇਆ। ਕਾਂਗਰਸ ਹਾਈ ਕਮਾਨ ਵੱਲੋਂ ਇਹ ਵੀ ਧਮਕੀ ਆਈ ਕਿ ਜੇਕਰ ਕੋਈ ਲੀਡਰ ਕਾਂਗਰਸ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਵੇਗਾ।ਇਸ ਤੋਂ ਬਾਅਦ ਸੱਤਾਧਾਰ ਆਮ ਆਦਮੀ ਪਾਰਟੀ ਨੂੰ ਵੀ ਮੌਕਾ ਮਿਲ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਿਹੜੇ ਲੋਕ 500 ਕਰੋੜ ਰੁਪਏ ਦੇ ਕੇ ਮੁੱਖ ਮੰਤਰੀ ਦੀ ਕੁਰਸੀ ਖਰੀਦਣਗੇ, ਉਹ ਲੋਕਾਂ ਦੀ ਸੇਵਾ ਨਹੀਂ ਕਰਨਗੇ। ਪਹਿਲਾਂ ਉਹ ਲੋਕ ਆਪਣੇ ਪੈਸੇ ਪੂਰੇ ਕਰਨਗੇ। ਇਨ੍ਹਾਂ ਸਿਆ-ਸਤਦਾਨਾਂ ਨੇ ਪੰਜਾਬ ਨੂੰ ਬੋਲੀ ’ਤੇ ਲਾ ਦਿੱਤਾ ਹੈ, ਜਿਹੜਾ ਵੱਧ ਬੋਲੀ ਲਾਊ, ਉਸ ਨੂੰ ਮੁੱਖ ਮੰਤਰੀ ਦੀ ਕੁਰਸੀ ਮਿਲ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦੇ ਕਿਸਾਨਾਂ ਅਤੇ ਵਪਾਰੀਆਂ ਦੇ ਕਰਜ਼ੇ ਅਤੇ ਬਿਜਲੀ ਬਿੱਲ ਮੁਆਫ ਕਰਨ ਦੀ ਗੱਲ ਕਰ ਰਹੇ ਹਨ। ਪੰਜਾਬ ਦੇ ਲੋਕ ਸਭ ਕੁਝ ਵੇਖ ਰਹੇ ਹਨ, ਉਹ ਸਮਾਂ ਆਉਣ ’ਤੇ ਸਿਆਸੀ ਆਗੂਆਂ ਦੀ ਕਾਰਗੁਜ਼ਰੀ ਦਾ ਫੈਸਲਾ ਕਰਨਗੇ। ਡਾ. ਨਵਜੋਤ ਕੌਰ ਸਿੱਧੂ ਨੂੰ ਬਾਹਰ ਦਾ ਰਸਤਾ ਤਾਂ ਦਿਖਾ ਦਿੱਤਾ ਪਰ ਉਹ ਹਾਲੇ ਵੀ ਅੜੀ ਹੋਈ ਹੈ। ਡਾ. ਸਿੱਧੂ ਨੇ ਕਿਹਾ ਕਿ ਉਨ੍ਹਾਂ ਨੂੰ ਚੁੱਪ ਕਰਾਉਣ ਲਈ ਫੋਨ ਆਏ ਹਨ ਪਰ ਉਹ ਖਾਮੋਸ਼ ਨਹੀਂ ਬੈਠਣਗੇ ਕਿਉਂਕਿ “ਜਿਨ੍ਹਾਂ ਟਿਕਟਾਂ ਵੇਚੀਆਂ ਅਤੇ ਕਾਂਗਰਸ ਨੂੰ ਨੁਕਸਾਨ ਪਹੁੰਚਾਇਆ, ਉਨ੍ਹਾਂ ਨੂੰ ਚੁੱਪ ਕਰਾਉਣ ਦੀ ਲੋੜ ਹੈ। ਪੰਜਾਬ ਵਾਲੇ 4-5 ਲੀਡਰਾਂ ਨਾਲ ਕਿਸੇ ਵੀ ਹਾਲਤ ਵਿਚ ਸਮਝੌਤਾ ਨਹੀਂ ਕਰਾਂਗੀ। ਮੈਂ ਕਿਸੇ ਮੁਅੱਤਲੀ ਨੂੰ ਨਹੀਂ ਮੰਨਦੀ ਹਾਂ ਕਿਉਂਕਿ ਰਾਜਾ ਵੜਿੰਗ ਤਾਂ ਖ਼ੁਦ ਵਿਵਾਦਤ ਹੈ।”

## ਅਮਰੀਕਾ ’ਚ 'ਗੋਲਡ ਕਾਰਡ' ਵੀਜ਼ਾ ਪ੍ਰੋਗਰਾਮ ਹੋਇਆ ਆਰੰਭ

### ਅਮਰੀਕੀ ਨਾਗਰਿਕਤਾ ਚਾਹੀਦੀ ਹੈ ਤਾਂ ਦੇਣੇ ਪੈਣਗੇ 10 ਲੱਖ ਡਾਲਰ




ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਕਾਰੋਬਾਰੀ ਆਗੂਆਂ ਦੀ ਮੌਜੂਦਗੀ ਵਿੱਚ ਬਹੁ-ਉਡੀਕ ਵਾਲੇ "ਟਰੰਪ ਗੋਲਡ ਕਾਰਡ" ਵੀਜ਼ਾ ਪ੍ਰੋਗਰਾਮ ਦੀ ਅਧਿਕਾਰਤ ਤੌਰ 'ਤੇ ਸ਼ੁਰੂਆਤ ਕੀਤੀ। ਕਾਰਡ ਦੀ ਸ਼ੁਰੂਆਤ ਦਾ ਐਲਾਨ ਕਰਦੇ ਹੋਏ, ਟਰੰਪ ਨੇ ਕਿਹਾ ਕਿ ਇਹ "ਕੁਝ ਹੱਦ ਤੱਕ ਗ੍ਰੀਨ ਕਾਰਡ ਵਰਗਾ ਹੈ, ਪਰ ਗ੍ਰੀਨ ਕਾਰਡ ਦੇ ਮੁਕਾਬਲੇ ਇਸ ਦੇ ਬਹੁਤ ਸਾਰੇ ਵੱਡੇ ਫਾਇਦੇ ਹਨ।" ਟਰੰਪ ਅਨੁਸਾਰ, ਇਸ ਪ੍ਰੋਗਰਾਮ ਦਾ ਉਦੇਸ਼ ਉੱਚ-ਮੁੱਲ ਵਾਲੇ ਨਿਵੇਸ਼ਕਾਂ ਅਤੇ ਉੱਦਮੀਆਂ ਨੂੰ ਆਕਰਸ਼ਿਤ ਕਰਨਾ, ਅਮਰੀਕੀ ਉਦਯੋਗ ਲਈ ਅਰਬਾਂ ਡਾਲਰ ਦਾ ਮਾਲੀਆ ਪੈਦਾ ਕਰਨਾ ਅਤੇ ਅਮਰੀਕੀ ਕਾਰੋਬਾਰਾਂ ਲਈ ਪ੍ਰਤਿਭਾ ਨੂੰ ਬਰਕਰਾਰ ਰੱਖਣਾ ਯਕੀਨੀ ਬਣਾਉਣਾ ਹੈ, ਜਦੋਂ ਕਿ ਇਹ ਵਿਆਪਕ ਇਮੀਗ੍ਰੇਸ਼ਨ ਪਾਬੰਦੀਆਂ ਦੇ ਉਲਟ ਹੈ।

'ਗੋਲਡ ਕਾਰਡ' ਦੀ ਵੈੱਬਸਾਈਟ ਸ਼ੁਰੂ ਹੋ ਚੁੱਕੀ ਹੈ ਅਤੇ ਵ੍ਹਾਈਟ ਹਾਊਸ ਹੁਣ ਨਾਗਰਿਕਤਾ ਪ੍ਰਾਪਤ ਕਰਨ ਦੇ ਇਸ ਨਵੇਂ ਤਰੀਕੇ ਲਈ ਆਨਲਾਈਨ ਅਰਜ਼ੀਆਂ ਸਵੀਕਾਰ ਕਰ ਰਿਹਾ ਹੈ। 'ਗੋਲਡ ਕਾਰਡ' ਵਿਦੇਸ਼ੀ ਨਾਗਰਿਕਾਂ ਨੂੰ ਅਮਰੀਕੀ ਖਜ਼ਾਨੇ ਵਿੱਚ 1 ਮਿਲੀਅਨ ਡਾਲਰ ਦਾ ਦਾਨ ਦੇ ਕੇ ਸਥਾਈ ਨਿਵਾਸੀ ਦਾ ਦਰਜਾ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ।

**ਸਾਰਾ ਪੈਸਾ ਅਮਰੀਕੀ ਸਰਕਾਰ ਕੋਲ ਜਾਵੇਗਾ – ਟਰੰਪ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ, "ਮੇਰੇ ਅਤੇ ਮੇਰੇ ਦੇਸ਼ ਲਈ ਬਹੁਤ ਖੁਸ਼ੀ ਦੀ ਗੱਲ ਹੈ ਕਿ ਅਸੀਂ ਹੁਣੇ-ਹੁਣੇ ਟਰੰਪ ਗੋਲਡ ਕਾਰਡ ਲਾਂਚ ਕੀਤਾ ਹੈ। ਵੈੱਬਸਾਈਟ ਲਗਪਗ 30 ਮਿੰਟਾਂ ਵਿੱਚ ਖੁੱਲ੍ਹ ਜਾਵੇਗੀ ਅਤੇ ਸਾਰਾ ਪੈਸਾ ਅਮਰੀਕੀ ਸਰਕਾਰ ਕੋਲ ਜਾਵੇਗਾ... ਇਹ ਕੁਝ ਹੱਦ ਤੱਕ ਗ੍ਰੀਨ ਕਾਰਡ ਵਰਗਾ ਹੈ, ਪਰ ਗ੍ਰੀਨ ਕਾਰਡ ਨਾਲੋਂ ਕਿਤੇ ਜ਼ਿਆਦਾ ਫਾਇਦੇਮੰਦ ਹੈ।"

ਉਨ੍ਹਾਂ ਅੱਗੇ ਕਿਹਾ ਕਿ, "ਕੰਪਨੀਆਂ ਕਿਸੇ ਵੀ ਸੰਸਥਾ ਵਿੱਚ ਜਾ ਕੇ ਕਾਰਡ ਖਰੀਦ ਸਕਣਗੀਆਂ ਅਤੇ ਉਸ ਵਿਅਕਤੀ ਨੂੰ ਅਮਰੀਕਾ ਵਿੱਚ ਰੱਖ ਸਕਣਗੀਆਂ... ਕਿਸੇ ਪ੍ਰਤਿਭਾਸ਼ਾਲੀ ਵਿਅਕਤੀ ਨੂੰ ਆਪਣੇ ਦੇਸ਼ ਵਿੱਚ ਲਿਆਉਣਾ ਇੱਕ ਤੋਹਫ਼ਾ ਹੈ, ਕਿਉਂਕਿ ਸਾਨੂੰ ਲੱਗਦਾ ਹੈ ਕਿ ਕੁਝ ਅਜਿਹੇ ਪ੍ਰਤਿਭਾਸ਼ਾਲੀ ਲੋਕ ਹੋਣਗੇ ਜਿਨ੍ਹਾਂ ਨੂੰ ਨਹੀਂ ਤਾਂ ਇੱਥੇ ਰਹਿਣ ਦੀ ਇਜਾਜ਼ਤ ਨਹੀਂ ਮਿਲਦੀ। ਕਾਲਜ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਉਨ੍ਹਾਂ ਨੂੰ ਭਾਰਤ, ਚੀਨ ਜਾਂ ਫਰਾਂਸ ਵਾਪਸ ਜਾਣਾ ਪੈਂਦਾ ਹੈ... ਕੰਪਨੀਆਂ ਬਹੁਤ ਖੁਸ਼ ਹੋਣਗੀਆਂ।"

ਨਾਲ ਹੀ, ਟਰੰਪ ਬੋਲੇ, "ਮੈਨੂੰ ਪਤਾ ਹੈ ਕਿ ਐਪਲ ਵੀ ਬਹੁਤ ਖੁਸ਼ ਹੋਵੇਗਾ। ਟਿਮ ਕੁੱਕ ਨੇ ਮੇਰੇ ਨਾਲ ਇਸ ਬਾਰੇ ਸਭ ਤੋਂ ਵੱਧ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਗੰਭੀਰ ਸਮੱਸਿਆ ਸੀ, ਪਰ ਹੁਣ ਇਹ ਸਮੱਸਿਆ ਨਹੀਂ ਰਹੇਗੀ.. ਦੂਜੀ ਗੱਲ ਇਹ ਹੈ ਕਿ ਇਸ ਨਾਲ ਸਾਨੂੰ ਲੱਗਦਾ ਹੈ ਕਿ ਅਰਬਾਂ ਡਾਲਰ ਅਮਰੀਕੀ ਖਜ਼ਾਨੇ ਵਿੱਚ ਜਾਣਗੇ.. ਕਈ ਅਰਬ ਡਾਲਰ ਤੱਕ।"

### ਚਲਦੇ-ਚਲਦੇ

## ਮੋਦੀ ਤੇ ਟਰੰਪ ਵਿਚਾਲੇ ਫੋਨ 'ਤੇ ਗੱਲਬਾਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੋ ਮਹੀਨਿਆਂ ਅੰਦਰ ਪਹਿਲੀ ਵਾਰ ਅੱਜ ਫੋਨ ’ਤੇ ਗੱਲਬਾਤ ਕਰਦਿਆਂ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀਆਂ ਕੋਸ਼ਿਸ਼ਾਂ ਵਿਚਾਲੇ ਆਰਥਿਕ ਸਬੰਧ ਮਜ਼ਬੂਤ ਕਰਨ ’ਤੇ ਧਿਆਨ ਕੇਂਦਰਿਤ ਕੀਤਾ। ਦੋਵਾਂ ਆਗੂਆਂ ਵਿਚਾਲੇ ਇਹ ਗੱਲਬਾਤ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ 4-5 ਦਸੰਬਰ ਨੂੰ ਹੋਈ ਭਾਰਤ ਯਾਤਰਾ ਤੋਂ ਕੁਝ ਦਿਨ ਬਾਅਦ ਹੋਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਦੋਵਾਂ ਆਗੂਆਂ ਨੇ ਵਪਾਰ, ਅਹਿਮ ਤਕਨੀਕਾਂ, ਊਰਜਾ, ਰੱਖਿਆ ਤੇ ਸੁਰੱਖਿਆ ਦੇ ਖੇਤਰ ’ਚ ਸਹਿਯੋਗ ਵਧਾਉਣ ਬਾਰੇ ਵਿਚਾਰ ਸਾਂਝੇ ਕੀਤੇ। ਦੋਵਾਂ ਆਗੂਆਂ ਨੇ ਸਾਂਝੀਆਂ ਚੁਣੌਤੀਆਂ ਹੱਲ ਕਰਨ ਅਤੇ ਸਾਂਝੇ ਹਿੱਤ ਅੱਗੇ ਲਿਜਾਣ ਲਈ ਮਿਲ ਕੇ ਕੰਮ ਕਰਨ ’ਤੇ ਸਹਿਮਤੀ ਜ਼ਾਹਿਰ ਕੀਤੀ। ਸ੍ਰੀ ਮੋਦੀ ਤੇ ਸ੍ਰੀ ਟਰੰਪ ਨੇ ਭਾਰਤ-ਅਮਰੀਕਾ ਵਿਆਪਕ ਆਲਮੀ ਰਣਨੀਤਕ ਭਾਈਵਾਲੀ ’ਚ ਹੋਈ ਪ੍ਰਗਤੀ ਦੀ ਵੀ ਸਮੀਖਿਆ ਕੀਤੀ। ਦੋਵਾਂ ਆਗੂਆਂ ਨੇ ਸਾਰੇ ਖਿੱਤਿਆਂ ’ਚ ਦੁਵੱਲਾ ਸਹਿਯੋਗ ਲਗਾਤਾਰ ਮਜ਼ਬੂਤ ਹੋਣ ’ਤੇ ਤਸੱਲੀ ਜ਼ਾਹਿਰ ਕੀਤੀ।

Dhaliwal Law Group. Inc.



1. Tax Attorney
2. Edd case
3. Equalization CDTFA
4. IRS-Cases
5. Bankruptcy
5. Contracts ਚੰਗੇ ਬਣਾਉਣ ਲਈ
6. ESTATE PLANNING
7. CRIMINAL DEFENSE

Rattandev Singh Dhaliwal
ATTORNEY AT LAW
PHONE- 408-988-7722
Rattan@attorneydhaliwal.com
www.attorneydhaliwal.com
2005 DELA CRUZ BLVD # Suite 185
Santa Clara, CA 95050

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Mann Insurance Brokers Inc.

ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ ’ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।




Phone:- 510-487-1000
LIC:- 0F 34231
32146 Alvarado Blvd, Union City, CA 94587

# ਔਰਤਾਂ ਲਈ ਸੁਰੱਖਿਅਤ ਮਾਹੌਲ ਬੇਹੱਦ ਜ਼ਰੂਰੀ

ਸੰਯੁਕਤ ਰਾਸ਼ਟਰ ਵੱਲੋਂ ਪੇਸ਼ ਰਿਪੋਰਟ ਨੇ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਕੀਤੇ ਜਾਂਦੇ ਸਰਕਾਰਾਂ ਦੇ ਦਾਅਵਿਆਂ 'ਤੋਂ ਪਰਦਾ ਚੁੱਕਿਆ ਹੈ। ਇਸ ਰਿਪੋਰਟ ਮੁਤਾਬਕ ਸਾਰੀ ਦੁਨੀਆ 'ਚ ਹਰੇਕ 10 ਮਿੰਟਾਂ 'ਚ ਇਕ ਔਰਤ/ਲੜਕੀ ਦਾ ਕਤਲ ਹੁੰਦਾ ਹੈ। ਇਹ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ ਕਿਉਂਕਿ ਇਹ ਕਤਲ ਜ਼ਿਆਦਾਤਰ ਉਨ੍ਹਾਂ ਦੇ ਆਪਣੇ ਸਾਥੀਆਂ ਦੇ ਹੱਥੋਂ ਹੋ ਰਹੇ ਹਨ। ਯੂਐੱਨਓਡੀਸੀ ਦਫ਼ਤਰ ਅਤੇ ਯੂਐੱਨ ਵਿਮੈੱਨ ਆਫਿਸ ਦੀ ਇਸ ਰਿਪੋਰਟ 'ਚ ਕਈ ਗੱਲਾਂ ਗ਼ੌਰ ਕਰਨ ਵਾਲੀਆਂ ਹਨ। ਦੁਨੀਆ ਭਰ ਦੀਆਂ ਹਜ਼ਾਰਾਂ ਔਰਤਾਂ ਘਰੇਲੂ ਝਗੜਿਆਂ ਕਾਰਨ ਕਤਲ ਹੋਈਆਂ ਹਨ।

ਪਿਛਲੇ ਸਾਲ 83 ਹਜ਼ਾਰ ਅਜਿਹੇ ਮਾਮਲੇ ਸਾਹਮਣੇ ਆਏ ਸਨ। ਇਨ੍ਹਾਂ 'ਚੋਂ 60 ਫ਼ੀਸਦ ਮਾਮਲਿਆਂ 'ਚ (50 ਹਜ਼ਾਰ ਔਰਤਾਂ) ਕੁੜੀਆਂ/ਔਰਤਾਂ ਆਪਣੇ ਨੇੜਲੇ ਸਾਥੀਆਂ ਜਾਂ ਪਰਿਵਾਰਕ ਮੈਂਬਰਾਂ ਹੱਥੋਂ ਮਾਰੀਆਂ ਗਈਆਂ। ਹਾਲਾਂਕਿ ਉਸੇ



ਸਾਲ ਮਰਦਾਂ ਦੇ ਹੋਏ ਕਤਲਾਂ 'ਚ ਸਿਰਫ਼ 11 ਫ਼ੀਸਦ ਮਾਮਲੇ ਨੇੜਲੇ ਸਕੇ-ਸਬੰਧੀਆਂ ਵੱਲੋਂ ਵਾਪਰੇ ਸਨ। ਘਰਾਂ 'ਚ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆਉਣ ਨਾਲ ਪਰਿਵਾਰਕ ਸਬੰਧ ਵੀ ਸ਼ੱਕ ਦੇ ਦਾਇਰੇ 'ਚ ਆ ਰਹੇ ਹਨ ਤੇ ਘਰੇਲੂ ਮਾਹੌਲ ਵੀ ਖ਼ਤਰਨਾਕ ਸਾਬਿਤ ਹੋ ਰਿਹਾ ਹੈ। ਪੰਜਾਬ 'ਚ ਵੀ ਘਰੇਲੂ ਹਿੰਸਾ ਕਾਰਨ ਔਰਤਾਂ ਦੀਆਂ ਮੌਤਾਂ ਦੇ ਮਾਮਲੇ ਸਾਹਮਣੇ ਆਏ ਹਨ।

ਸਾਲ 2022 ਦੀ ਇਕ ਰਿਪੋਰਟ ਮੁਤਾਬਕ ਦਾਜ ਖ਼ਾਤਰ ਔਰਤਾਂ ਦੀ ਹੱਤਿਆ ਦੇ 71 ਮਾਮਲੇ ਦਰਜ ਕੀਤੇ ਗਏ। ਦੋ ਮਾਮਲੇ ਅਜਿਹੇ ਸਨ ਜਿਨ੍ਹਾਂ 'ਚ ਤੇਜ਼ਾਬ ਸੁੱਟ ਕੇ ਲੜਕੀਆਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਗਈ। ਔਰਤਾਂ ਨਾਲ ਵਧੀਕੀਆਂ ਦੇ ਮਾਮਲਿਆਂ 'ਚ ਜਬਰ-ਜਨਾਹ, ਇਕਤਰਫ਼ਾ ਪਿਆਰ, ਦਾਜ, ਘਰੇਲੂ ਹਿੰਸਾ ਅਤੇ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਕੀਤੇ ਗਏ ਧੱਕੇ ਸ਼ਾਮਲ ਹਨ। ਪ੍ਰੇਮ ਵਿਆਹ ਦੇ ਮਾਮਲਿਆਂ 'ਚ 'ਇੱਜ਼ਤ-ਅਣਖ' ਖ਼ਾਤਰ ਕੀਤੇ ਜਾ ਰਹੇ ਕਤਲ ਗੰਭੀਰ ਮੁੱਦਾ ਹਨ। ਪਿਛਲੇ ਦਿਨੀਂ ਹਰਿਆਣਾ 'ਚ ਅਜਿਹੇ ਹੀ ਇਕ ਮਾਮਲੇ ਦਾ ਤਿੰਨ ਸਾਲਾਂ ਬਾਅਦ ਖੁਲਾਸਾ ਹੋਇਆ ਜਿਸ 'ਚ ਭਰਾ ਨੇ ਆਪਣੀ ਭੈਣ ਦਾ ਕਤਲ ਉਸ ਵੱਲੋਂ ਪ੍ਰੇਮ ਵਿਆਹ ਕਰਨ ਤੋਂ ਬਾਅਦ ਕੀਤਾ ਸੀ।

ਔਰਤਾਂ ਨਾਲ ਅਜਿਹੀਆਂ ਘਟਨਾਵਾਂ 'ਚ ਵਾਧਾ ਹੋਣ ਦਾ ਕਾਰਨ ਇਨ੍ਹਾਂ ਮਾਮਲਿਆਂ 'ਚ ਦੇਰੀ ਨਾਲ ਦਰਜ ਹੋਈਆਂ ਐੱਫਆਈਆਰ ਵੀ ਹਨ। ਕਾਨੂੰਨੀ ਚੋਰ-ਮੋਰੀਆਂ ਲੱਭ ਕੇ ਕਈ ਵਾਰ ਮੁਲਜ਼ਮ ਜੇਲ੍ਹ ਦੀਆਂ ਸਲਾਖਾਂ ਤੋਂ ਬਚੇ ਰਹਿੰਦੇ ਹਨ। ਐੱਨਸੀਆਰਬੀ ਦੀ ਸਾਲ 2020-22 ਦੀ ਰਿਪੋਰਟ ਮੁਤਾਬਕ 2020 'ਚ 752 ਔਰਤਾਂ ਦੇ ਕਤਲ ਦੇ ਮਾਮਲੇ ਸਾਹਮਣੇ ਆਏ ਸਨ। ਸਾਲ 2021 'ਚ 723 ਅਤੇ 2022 'ਚ 670 ਮਾਮਲੇ ਉਜਾਗਰ ਹੋਏ ਸਨ। ਬਹੁਤ ਸਾਰੇ ਮਾਮਲਿਆਂ 'ਚ ਐੱਫਆਈਆਰ ਦੇਰ ਨਾਲ ਦਰਜ ਹੁੰਦੀਆਂ ਹਨ।

ਬਹੁਤੇ ਮਾਮਲੇ ਅਜਿਹੇ ਹਨ ਜਿਨ੍ਹਾਂ ਦਾ ਪਤਾ ਲੰਬੇ ਸਮੇਂ ਬਾਅਦ ਲੱਗਦਾ ਹੈ। ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਕਰਨ ਦੀਆਂ ਆਵਾਜ਼ਾਂ ਬੁਲੰਦ ਕਰਨ ਤੋਂ ਪਹਿਲਾਂ ਉਹ ਕਾਰਨ ਵੀ ਲੱਭਣੇ ਜ਼ਿਆਦਾ ਜ਼ਰੂਰੀ ਹਨ ਜਿਨ੍ਹਾਂ ਕਾਰਨ ਔਰਤਾਂ ਨੂੰ ਦਬਾਇਆ ਜਾਂਦਾ ਹੈ। ਔਰਤਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਨੂੰ ਸਖ਼ਤ ਕਾਨੂੰਨਾਂ ਅਤੇ ਤੇਜ਼ੀ ਨਾਲ ਇਨਸਾਫ਼ ਦੇ ਕੇ ਘੱਟ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਹੱਕਾਂ ਲਈ ਲੜਨ ਵਾਲੀਆਂ ਸੰਸਥਾਵਾਂ ਦੀ ਅਜਿਹੇ ਮਾਹੌਲ 'ਚ ਜ਼ਿੰਮੇਵਾਰੀ ਜ਼ਿਆਦਾ ਬਣਦੀ ਹੈ। ਮਹਿਲਾਵਾਂ ਨੂੰ ਖ਼ੁਦ ਵੀ ਆਪਣੇ ਹੱਕਾਂ ਤੇ ਕਾਨੂੰਨੀ ਲਾਹਿਆਂ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਸਮਾਜ 'ਚ ਔਰਤਾਂ ਨੂੰ ਬਰਾਬਰੀ ਦੇ ਹੱਕ ਦੇਣ ਲਈ ਉਨ੍ਹਾਂ ਨੂੰ ਸੁਰੱਖਿਅਤ ਕੰਮਕਾਜੀ ਮਾਹੌਲ ਤੇ ਹੁਨਰ ਨੂੰ ਹੱਲਾਸ਼ੇਰੀ ਦੇਣ ਦੇ ਪ੍ਰਬੰਧ ਹੋਣੇ ਚਾਹੀਦੇ ਹਨ।

# ਨਹੀਂ ਰੁਕ ਰਹੀ ਬੱਚੀਆਂ ਨਾਲ ਦਰਿੰਦਗੀ

**ਜਗਮੋਹਨ ਸਿੰਘ ਲੱਕੀ**

ਜਲੰਧਰ 'ਚ ਪਿਛਲੇ ਦਿਨੀਂ ਉਸ ਸਮੇਂ ਇਨਸਾਨੀਅਤ ਸ਼ਰਮਸਾਰ ਹੋ ਗਈ ਜਦੋਂ ਇਕ ਨਾਬਾਲਗ ਲੜਕੀ ਨਾਲ ਜਬਰ-ਜਨਾਹ ਤੋਂ ਬਾਅਦ ਦੋਸ਼ੀ ਵੱਲੋਂ ਉਸ ਨੂੰ ਕਤਲ ਕਰ ਦਿੱਤਾ ਗਿਆ। ਪੀੜਤ ਲੜਕੀ ਉਸ ਦੀ ਧੀ ਦੀ ਸਹੇਲੀ ਸੀ। ਇਸ ਤੋਂ ਪਹਿਲਾਂ ਵੀ ਸਕੂਲਾਂ ਤੇ ਹੋਰ ਥਾਵਾਂ 'ਤੇ ਮਾਸੂਮ ਬੱਚੀਆਂ ਨਾਲ ਬਲਾਤਕਾਰ ਹੋਣ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ ਜੋ ਆਧੁਨਿਕ ਕਹੇ ਜਾਂਦੇ ਸਮਾਜ ਦੇ ਮੱਥੇ 'ਤੇ ਕਲੰਕ ਹਨ।

ਅਜੇ ਕੁਝ ਦਿਨ ਪਹਿਲਾਂ ਹੀ ਪਟਿਆਲਾ ਦੇ ਇਕ ਸਕੂਲ ਵਿਚ ਇਕ ਅਧਿਆਪਕ ਵੱਲੋਂ ਸਕੂਲ 'ਚ ਹੀ ਪੜ੍ਹਦੀ 8 ਸਾਲਾ ਬੱਚੀ ਦਾ ਕਈ ਵਾਰ ਜਿਨਸੀ ਸ਼ੋਸ਼ਣ ਕਰਨ ਦਾ ਮਾਮਲਾ ਸੁਰਖੀਆਂ ਵਿਚ ਆਇਆ ਸੀ। ਉਕਤ ਅਧਿਆਪਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਕੁਝ ਦਿਨ ਪਹਿਲਾਂ ਹੁਸ਼ਿਆਰਪੁਰ ਵਿਚ ਇਕ ਪੰਜਾਬੀ ਬੱਚੇ ਨੂੰ ਇਕ ਪਰਵਾਸੀ ਮਜ਼ਦੂਰ ਵੱਲੋਂ ਅਗਵਾ ਕਰ ਕੇ ਉਸ ਨਾਲ ਬਦਫੈਲੀ ਕੀਤੀ ਗਈ ਤੇ ਉਸ ਦਾ ਕਤਲ ਕਰ ਦਿੱਤਾ ਗਿਆ।



ਇਸ ਘਟਨਾ ਤੋਂ ਕੁਝ ਸਮਾਂ ਪਹਿਲਾਂ ਪੰਜਾਬ ਦੇ ਰਿਆਸਤੀ ਸ਼ਹਿਰ ਨਾਭਾ ਦੇ ਇਕ ਸਰਕਾਰੀ ਸਕੂਲ ਵਿਚ ਇਕ ਅਧਿਆਪਕ ਵੱਲੋਂ ਇਕ ਵਿਦਿਆਰਥੀ ਨਾਲ ਬਦਫੈਲੀ ਕਰਨ ਦਾ ਮਾਮਲਾ ਉਜਾਗਰ ਹੋਇਆ ਸੀ। ਸਿਤਮ ਦੀ ਗੱਲ ਇਹ ਹੈ ਕਿ ਦੋਸ਼ੀ ਅਧਿਆਪਕ 'ਸਟੇਟ ਐਵਾਰਡੀ' ਸੀ। ਇਸ ਤੋਂ ਇਲਾਵਾ ਕਈ ਹੋਰ ਸਕੂਲਾਂ ਵਿਚ ਵੀ ਅਜਿਹੇ ਹੀ ਮਾਮਲੇ ਸਾਹਮਣੇ ਆ ਚੁੱਕੇ ਹਨ। ਕੁਝ ਸਮਾਂ ਪਹਿਲਾਂ ਪੰਜਾਬ ਦੇ ਬਿਆਸ ਸ਼ਹਿਰ ਦੇ ਇਕ ਨਿੱਜੀ ਸਕੂਲ ਵਿਚ ਦੂਸਰੀ ਜਮਾਤ ਦੀ ਬੱਚੀ ਨਾਲ ਸਕੂਲ ਦੇ 10ਵੀਂ ਜਮਾਤ ਦੇ ਵਿਦਿਆਰਥੀ ਵੱਲੋਂ ਜਬਰ-ਜਨਾਹ ਕਰਨ ਦੀ ਘਟਨਾ ਨੇ ਹਰ ਸੂਝਵਾਨ ਵਿਅਕਤੀ ਨੂੰ ਫ਼ਿਕਰਾਂ ਵਿਚ ਪਾ ਦਿੱਤਾ ਸੀ ਕਿ ਹੁਣ ਬੱਚੀਆਂ ਵਿੱਦਿਆ ਦੇ ਮੰਦਰ ਕਹੇ ਜਾਂਦੇ ਸਕੂਲਾਂ ਵਿਚ ਵੀ ਸੁਰੱਖਿਅਤ ਨਹੀਂ ਹਨ।

ਭਾਰਤ ਵਿਚ ਬੱਚਿਆਂ ਨੂੰ ਰੱਬ ਦਾ ਰੂਪ ਕਿਹਾ ਜਾਂਦਾ ਹੈ ਪਰ ਇੱਥੇ ਹੀ ਵੱਡੀ ਗਿਣਤੀ 'ਚ ਬੱਚੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ। ਇਕ ਪਹਿਲੂ ਇਹ ਵੀ ਹੈ ਕਿ ਬਦਨਾਮੀ ਦੇ ਡਰੋਂ ਪੀੜਤ ਪਰਿਵਾਰ ਕਈ ਵਾਰ ਅਜਿਹੇ ਮਾਮਲਿਆਂ ਨੂੰ ਰਫ਼ਾ-ਦਫ਼ਾ ਕਰ ਦਿੰਦੇ ਹਨ। ਹਾਲਾਤ ਉਦੋਂ ਖ਼ਰਾਬ ਹੋ ਜਾਂਦੇ ਹਨ ਜਦੋਂ ਕੋਈ ਰਿਸ਼ਤੇਦਾਰ ਜਾਂ ਅਧਿਆਪਕ ਇਸ ਤਰ੍ਹਾਂ ਦੇ ਅਪਰਾਧਾਂ ਵਿੱਚ ਸ਼ਾਮਲ ਹੋ ਜਾਂਦੇ ਹਨ ਜਾਂ ਇਨ੍ਹਾਂ ਨੂੰ ਸ਼ਹਿ ਦਿੰਦੇ ਹਨ।

ਵੱਡਾ ਦੁੱਖ ਤਾਂ ਉਦੋਂ ਹੁੰਦਾ ਹੈ ਜਦੋਂ ਬੱਚਿਆਂ ਨਾਲ ਕੁਕਰਮ ਕਰਨ ਵਾਲੇ ਆਸਾਨੀ ਨਾਲ ਬਚ ਨਿਕਲਦੇ ਹਨ ਅਤੇ ਬਦਨਾਮੀ ਦੇ ਡਰੋਂ ਪੀੜਤ ਬੱਚਿਆਂ ਦੇ ਮਾਪੇ ਚੁੱਪਚਾਪ ਜ਼ੁਲਮ ਸਹਿੰਦੇ ਹਨ। ਜ਼ਿਆਦਾਤਰ ਮਾਮਲਿਆਂ ਵਿਚ ਪੀੜਤ ਬੱਚੇ ਦੇ ਮਾਪੇ ਆਪਣੇ ਘਰ/ਮਕਾਨ ਵੇਚ ਕੇ ਕਿਸੇ ਹੋਰ ਸ਼ਹਿਰ ਚਲੇ ਜਾਂਦੇ ਹਨ। ਬੱਚਿਆਂ ਨਾਲ ਜਿਨਸੀ ਛੇੜਛਾੜ ਅਤੇ ਕੁਕਰਮ ਹੋਣ ਦੇ ਵੱਡੀ ਗਿਣਤੀ 'ਚ ਮਾਮਲੇ ਅਕਸਰ ਸਾਹਮਣੇ ਨਹੀਂ ਆਉਂਦੇ ਜਿਸ ਕਰਕੇ ਇਨ੍ਹਾਂ ਦੀ ਸਹੀ ਗਿਣਤੀ ਬਾਰੇ ਪਤਾ ਨਹੀਂ ਚੱਲਦਾ ਅਤੇ ਦੋਸ਼ੀ ਸਾਫ਼ ਬਚ ਨਿਕਲਦੇ ਹਨ।

ਰਾਸ਼ਟਰੀ ਅਪਰਾਧ ਰਿਕਾਰਡਜ਼ ਬਿਊਰੋ (ਐੱਨਸੀਆਰਬੀ) ਦੀ ਨਵੀਂ ਰਿਪੋਰਟ ਅਨੁਸਾਰ 2023 ਵਿਚ ਬੱਚਿਆਂ ਵਿਰੁੱਧ ਅਪਰਾਧ ਦੇ ਕੁੱਲ 1,77,335 ਮਾਮਲੇ ਦਰਜ ਹੋਏ ਜੋ 2022 ਦੇ 1,62,449 ਮਾਮਲਿਆਂ ਨਾਲੋਂ ਲਗਪਗ 9 ਫ਼ੀਸਦੀ ਵੱਧ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਅਗਵਾ ਤੇ ਪੋਕਸੋ (ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੂਅਲ ਓਫੈਂਸਿਜ਼) ਐਕਟ ਹੇਠ ਹੋਏ ਅਪਰਾਧ ਹਨ। ਅਗਵਾ ਦੇ ਮਾਮਲੇ ਕੁੱਲ ਅਪਰਾਧਾਂ ਦਾ 45.05 ਫ਼ੀਸਦੀ ਹਿੱਸਾ ਬਣਦੇ ਹਨ ਜਦਕਿ ਪੋਕਸੋ ਨਾਲ ਜੁੜੇ 67,694 ਮਾਮਲੇ 38.17 ਫ਼ੀਸਦੀ ਹਨ। ਇਨ੍ਹਾਂ ਵਿਚ ਲੜਕੀਆਂ ਨਾਲ ਹੋਏ ਅਪਰਾਧਾਂ ਦੀ ਗਿਣਤੀ ਵੱਧ ਹੈ। ਪੋਕਸੋ ਐਕਟ ਹੇਠ 2022 ਵਿਚ 63,414 ਮਾਮਲੇ ਸਨ ਜੋ 2023 ਵਿਚ ਵਧ ਕੇ 67,694 ਹੋ ਗਏ।


ਇਨ੍ਹਾਂ ਵਿਚ 98 ਫ਼ੀਸਦੀ ਭੁਗਤਭੋਗੀ ਲੜਕੀਆਂ ਹਨ। ਤ੍ਰਾਸਦੀ ਇਹ ਹੈ ਕਿ 39,076 ਮਾਮਲਿਆਂ ਵਿਚ ਭੁਗਤਭੋਗੀ ਦੋਸ਼ੀਆਂ ਨੂੰ ਪਹਿਲਾਂ ਤੋਂ ਜਾਣਦੇ ਸਨ- 3,224 ਮਾਮਲਿਆਂ ਵਿਚ ਪਰਿਵਾਰਕ ਮੈਂਬਰ, 15,000 ਵਿਚ ਰਿਸ਼ਤੇਦਾਰ ਜਾਂ ਗੁਆਂਢੀ ਅਤੇ 21,000 ਵਿਚ ਦੋਸਤ ਜਾਂ ਆਨਲਾਈਨ ਸੰਪਰਕ ਵਾਲੇ ਸਨ। ਸਿਰਫ਼ 1,358 ਮਾਮਲੇ ਅਗਿਆਤ ਦੋਸ਼ੀਆਂ ਨਾਲ ਜੁੜੇ ਹਨ। ਇਹ ਰੁਝਾਨ ਦਰਸਾਉਂਦਾ ਹੈ ਕਿ ਬੱਚਿਆਂ ਨੂੰ ਤਾਂ ਘਰ ਵਿਚ ਹੀ ਖ਼ਤਰਾ ਹੈ। 'ਦਿ ਲੈਂਸੇਟ' ਜਰਨਲ ਵਿਚ ਪ੍ਰਕਾਸ਼ਿਤ ਇਕ ਅਧਿਐਨ ਵਿਚ ਦਿੱਤੀ ਗਈ ਜਾਣਕਾਰੀ ਅਨੁਸਾਰ ਦੁਨੀਆ ਭਰ ਵਿਚ 20 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਪੰਜ ਵਿੱਚੋਂ ਇਕ ਔਰਤ ਅਤੇ ਸੱਤ ਵਿੱਚੋਂ ਇਕ ਮਰਦ 15 ਸਾਲ ਦੀ ਉਮਰ ਵਿਚ ਜਾਂ ਇਸ ਤੋਂ ਪਹਿਲਾਂ ਜਿਨਸੀ ਹਿੰਸਾ ਦਾ ਸਾਹਮਣਾ ਕਰ ਚੁੱਕਾ ਹੈ। ਇਹ ਅਧਿਐਨ 'ਗਲੋਬਲ ਬਰਡਨ ਆਫ ਡਿਸੀਜ਼' ਨਾਮਕ ਇਕ ਖੋਜ ਪੱਤਰ 'ਤੇ ਆਧਾਰਤ ਹੈ ਜਿਸ ਵਿਚ 1990 ਤੋਂ 2023 ਤੱਕ 204 ਦੇਸ਼ਾਂ ਅਤੇ ਖੇਤਰਾਂ ਤੋਂ ਡਾਟਾ ਇਕੱਠਾ ਕੀਤਾ ਗਿਆ ਹੈ।

ਇਹ ਖੋਜ ਵਾਸ਼ਿੰਗਟਨ ਯੂਨੀਵਰਸਿਟੀ ਦੇ 'ਇੰਸਟੀਚਿਊਟ ਫਾਰ ਹੈਲਥ ਮੈਟ੍ਰਿਕਸ ਐਂਡ ਇਵੈਲੂਏਸ਼ਨ' ਦੁਆਰਾ ਕੀਤੀ ਗਈ ਹੈ। ਇਸ ਵਿਚ ਪਾਇਆ ਗਿਆ ਕਿ 67 ਪ੍ਰਤੀਸ਼ਤ ਔਰਤਾਂ ਤੇ 72 ਪ੍ਰਤੀਸ਼ਤ ਮਰਦਾਂ ਦਾ ਬਚਪਨ ਵਿਚ ਉਦੋਂ ਪਹਿਲੀ ਵਾਰ ਜਿਨਸੀ ਸ਼ੋਸ਼ਣ ਹੋਇਆ ਜਦੋਂ ਉਹ 18 ਸਾਲ ਤੋਂ ਘੱਟ ਉਮਰ ਦੇ ਸਨ। ਲਗਪਗ 42 ਪ੍ਰਤੀਸ਼ਤ ਔਰਤਾਂ ਅਤੇ 48 ਪ੍ਰਤੀਸ਼ਤ ਮਰਦਾਂ ਨੇ ਦੱਸਿਆ ਕਿ 16 ਸਾਲਾਂ ਦੀ ਉਮਰ ਤੋਂ ਪਹਿਲਾਂ ਉਨ੍ਹਾਂ ਦਾ ਪਹਿਲੀ ਵਾਰ ਜਿਨਸੀ ਸ਼ੋਸ਼ਣ ਹੋਇਆ ਸੀ। ਇਸ ਤੋਂ ਵੀ ਚਿੰਤਾਜਨਕ ਗੱਲ ਇਹ ਹੈ ਕਿ 8 ਪ੍ਰਤੀਸ਼ਤ ਔਰਤਾਂ ਅਤੇ 14 ਪ੍ਰਤੀਸ਼ਤ ਪੁਰਸ਼ਾਂ ਨੂੰ 12 ਸਾਲ ਦੀ ਉਮਰ ਤੋਂ ਪਹਿਲਾਂ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ।

ਸਮਾਜ ਵਿਚ ਲੋਕਾਂ ਵਿਚਾਲੇ ਵਧਦੀ ਆਪਸੀ ਦੂਰੀ ਕਾਰਨ ਵੀ ਬੱਚਿਆਂ ਨਾਲ ਕੁਕਰਮ ਕਰਨ ਦੀਆਂ ਘਟਨਾਵਾਂ ਵਧ ਰਹੀਆਂ ਹਨ। ਪਹਿਲਾਂ ਹਰ ਪਿੰਡ, ਸ਼ਹਿਰ ਤੇ ਕਸਬੇ ਵਿਚ ਹਰ ਕੋਈ ਇਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਦਾ-ਪਛਾਣਦਾ ਹੁੰਦਾ ਸੀ ਪਰ ਹੁਣ ਆਧੁਨਿਕਤਾ ਦੀ ਆੜ ਹੇਠ ਗੁਆਂਢੀ ਨੂੰ ਗੁਆਂਢੀ ਨਹੀਂ ਜਾਣਦਾ ਜਿਸ ਕਰਕੇ ਬੱਚਿਆਂ ਨਾਲ ਕੁਕਰਮ ਵਧ ਰਹੇ ਹਨ। ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਬੱਚਿਆਂ ਨਾਲ ਹੋ ਰਹੇ ਅਪਰਾਧ ਰੋਕਣ ਲਈ ਜੱਦੋਜਹਿਦ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਇਹ ਵੀ ਚਾਹੀਦਾ ਹੈ ਕਿ ਬੱਚਿਆਂ ਨੂੰ ਬਚਪਨ ਤੋਂ ਹੀ ਇਸ ਸਬੰਧੀ ਜਾਗਰੂਕ ਕੀਤਾ ਜਾਵੇ ਤੇ ਸਕੂਲਾਂ ਵਿਚ ਸੈਕਸ ਐਜੂਕੇਸ਼ਨ ਲਾਜ਼ਮੀ ਬਣਾਈ ਜਾਵੇ।

# ਮਨੁੱਖੀ ਜੀਵਨ ਸਾਰਥਕ ਕਿਵੇਂ ਬਣ ਸਕਦਾ ਹੈ

ਜੀਵਨ ਵਿਚ ਕਮਾਉਣਾ ਜਾਂ ਇਕੱਠਾ ਕਰਨਾ ਜਿੰਨਾ ਜ਼ਰੂਰੀ ਹੈ, ਉਸ ਦੀ ਸੁਚਾਰੂ ਵੰਡ ਵੀ ਓਨੀ ਹੀ ਮਹੱਤਵਪੂਰਨ ਹੈ। ਸਿਰਫ਼ ਸੰਗ੍ਰਹਿ ਕਰਦੇ ਜਾਣ ਨਾਲ ਸੁਵਿਧਾਵਾਂ ਨਹੀਂ, ਸਗੋਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਜਿਵੇਂ ਭੋਜਨ ਪਕਾਇਆ ਜਾਵੇ ਪਰ ਖਾਧਾ ਨਾ ਜਾਵੇ ਤਾਂ ਉਹੀ ਭੋਜਨ ਆਖ਼ਰਕਾਰ ਬੋਝ ਬਣ ਜਾਂਦਾ ਹੈ। ਉਸੇ ਤਰ੍ਹਾਂ ਜੇ ਜਮ੍ਹਾ ਕੀਤੀਆਂ ਚੀਜ਼ਾਂ ਜਾਂ ਪੂੰਜੀ ਦਾ ਉਪਯੋਗ ਨਾ ਕੀਤਾ ਜਾਵੇ ਤਾਂ ਇਹ ਜੀਵਨ ਨੂੰ ਅਸੰਤੁਲਿਤ ਕਰ ਦਿੰਦੀਆਂ ਹਨ। ਭੌਤਿਕ ਜੀਵਨ ਵਿਚ ਉਤਪਾਦਨ ਅਤੇ ਉਪਭੋਗ ਦਾ ਜਿਵੇਂ ਅਟੁੱਟ ਸਬੰਧ ਹੈ, ਉਸੇ ਤਰ੍ਹਾਂ ਅਧਿਆਤਮਕ ਜੀਵਨ ਵਿਚ ਵੀ ਸਾਧਨਾ, ਸਵਾਧਿਆਏ ਅਤੇ ਉਪਾਸਨਾ ਦਾ ਟੀਚਾ ਉਦੋਂ ਹੀ ਪੂਰਾ ਹੁੰਦਾ ਹੈ ਜਦੋਂ ਅਰਜਿਤ ਕੀਤੇ ਸੱਚੇ ਗਿਆਨ ਦੇ ਵਿਵਹਾਰ ਵਿਚ ਉਤਰ ਕੇ ਸਮਾਜ ਦੇ ਹਿੱਤ ਵਿਚ ਇਸਤੇਮਾਲ ਹੋਵੇ। ਰੂਹਾਨੀ ਪ੍ਰਾਪਤੀ ਨੂੰ ਜੇ ਸਿਰਫ਼ ਆਪਣੀ ਸਿੱਧੀ, ਮੁਕਤੀ ਜਾਂ ਨਿੱਜੀ ਕਲਿਆਣ ਤੱਕ ਸੀਮਤ ਰੱਖਿਆ ਜਾਵੇ ਤਾਂ ਇਹ ਦ੍ਰਿਸ਼ਟੀ ਬਹੁਤ ਹੀ ਸੰਕੀਰਨ ਮੰਨੀ ਜਾਵੇਗੀ।



ਰਿਸ਼ੀਆਂ ਨੇ ਸਦਾ ਕਿਹਾ ਹੈ ਕਿ ਸਾਨੂੰ ਰਾਜ, ਪ੍ਰਸਿੱਧੀ, ਸਵਰਗ ਜਾਂ ਮੋਕਸ਼ ਦੀ ਜ਼ਰੂਰਤ ਨਹੀਂ, ਸਾਨੂੰ ਤਾਂ ਦੂਜਿਆਂ ਦੇ ਦੁੱਖ ਦੂਰ ਕਰਨ ਵਿਚ ਲਗਾਤਾਰ ਲੱਗੇ ਰਹਿਣਾ ਹੈ। ਹਰ ਰੂਹਾਨੀ ਵਿਅਕਤੀ ਲਈ ਇਹ ਵਿਆਪਕ ਨਜ਼ਰੀਆ ਆਦਰਸ਼ ਹੋਣਾ ਚਾਹੀਦਾ ਹੈ। ਗਿਆਨ, ਆਤਮਬਲ ਅਤੇ ਚੜ੍ਹਤ ਦਾ ਭੰਡਾਰ ਇਕੱਠਾ ਕੀਤਾ ਜਾਵੇ ਪਰ ਉਸ ਦਾ ਲਾਭ ਲੋਕਾਂ ਤੇ ਸਮਾਜ ਤੱਕ ਪਹੁੰਚੇ, ਇਹੀ ਗਿਆਨ ਯੱਗ ਦੀ ਹਕੀਕੀ ਸਾਧਨਾ ਹੈ। ਰਿਸ਼ੀ-ਮੁਨੀ ਇਸੇ ਉਦੇਸ਼ ਨਾਲ ਆਪਣੀਆਂ ਪ੍ਰਾਪਤੀਆਂ ਦਾ ਲੋਕ ਭਲਾਈ ਵਿਚ ਵਿਸਥਾਰ ਕਰਦੇ ਸਨ। ਇਸ ਦੇ ਉਲਟ, ਜੇ ਕੋਈ ਸਾਧਕ ਆਪਣੀ ਪ੍ਰਾਪਤੀ ਨੂੰ ਸਿਰਫ਼ ਨਿੱਜੀ ਸਵਾਰਥ ਤੱਕ ਸੀਮਤ ਰੱਖੇ ਤਾਂ ਉਹ ਉਸ ਧਨਾਢ ਤੋਂ ਵੀ ਗਿਆ-ਗੁਜ਼ਰਿਆ ਹੈ ਜੋ ਘੱਟੋ-ਘੱਟ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਤਾਂ ਕਰਦਾ ਹੈ।

ਭਾਰਤੀ ਸੰਸਕ੍ਰਿਤੀ ਵਿਚ ਦਾਨ-ਸੰਸਕ੍ਰਿਤੀ ਇਸ ਲਈ ਮਸ਼ਹੂਰ ਰਹੇ ਹਨ ਕਿ ਸੰਗ੍ਰਹਿ ਕਰਨਾ ਤਦ ਹੀ ਸਾਰਥਕ ਹੈ ਜਦੋਂ ਉਸ ਦਾ ਇਕ ਅੰਸ਼ ਪਰਮਾਰਥ, ਲੋਕ-ਭਲਾਈ ਅਤੇ ਸਮਾਜ ਦੇ ਕਰਜ਼ੇ ਤੋਂ ਮੁਕਤ ਹੋਣ ਵਿਚ ਲਗਾਇਆ ਜਾਵੇ। ਦਰਅਸਲ, ਸੰਗ੍ਰਹਿ ਕਰਨਾ ਇਕ ਸ਼ਰਾਪ ਹੈ ਜੇਕਰ ਉਸ ਦੇ ਨਾਲ ਸਦਉਪਯੋਗ ਅਤੇ ਸਮਾਜ ਉਪਯੋਗੀ ਵਿਤਰਣ ਨਾ ਜੁੜਿਆ ਹੋਵੇ। ਕੁਦਰਤ ਨਿਰੰਤਰ ਦਿੰਦੀ ਹੈ ਅਤੇ ਇਹੀ ਸੰਦੇਸ਼ ਮਨੁੱਖ ਨੂੰ ਵੀ ਅਪਣਾਉਣਾ ਚਾਹੀਦਾ ਹੈ।

**– ਮੁਕੇਸ਼ ਰਿਸ਼ੀ**

# ਅਮਰੀਕਾ 'ਚ ਪਾਕਿਸਤਾਨੀ ਵਿਦਿਆਰਥੀ ਤੋਂ ਬੰਦੂਕਾਂ, ਗੋਲਾ ਬਾਰੂਦ ਅਤੇ ਬਾਡੀ ਆਰਮਰ ਬਰਾਮਦ

ਡੇਲਾਵੇਅਰ- ਅਮਰੀਕਾ ਦੇ ਡੇਲਾਵੇਅਰ ਰਾਜ ਵਿੱਚ ਪਾਕਿਸਤਾਨੀ ਮੂਲ ਦੇ ਵਿਦਿਆਰਥੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤਾ ਗਿਆ ਪ੍ਰਵਾਸੀ ਲੁਕਮਾਨ ਖਾਨ (25 ਸਾਲ) ਡੇਲਾਵੇਅਰ ਯੂਨੀਵਰਸਿਟੀ ਦਾ ਵਿਦਿਆਰਥੀ ਹੈ। ਉਸ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਅਮਰੀਕਾ ਵਿੱਚ ਸਮੂਹਿਕ ਗੋਲੀਬਾਰੀ ਦੀ ਯੋਜਨਾ ਬਣਾ ਰਿਹਾ ਸੀ।

ਗ੍ਰਿਫਤਾਰ ਕੀਤੇ ਗਏ ਲੁਕਮਾਨ ਖਾਨ ਦੇ ਕਬਜ਼ੇ 'ਚੋਂ ਭਾਰੀ ਮਾਤਰਾ ਵਿੱਚ ਬੰਦੂਕਾਂ, ਗੋਲਾ ਬਾਰੂਦ ਅਤੇ ਬਾਡੀ ਆਰਮਰ ਮਿਲਿਆ ਹੈ। ਉਸ ਕੋਲੋਂ ਇੱਕ ਨੋਟਬੁੱਕ ਵੀ ਬਰਾਮਦ ਹੋਈ ਹੈ, ਜਿਸ ਵਿੱਚ ਸਾਰਿਆਂ ਨੂੰ ਮਾਰਨ ਅਤੇ ਸ਼ਹਾਦਤ ਹਾਸਲ ਕਰਨ ਦੀ ਯੋਜਨਾ ਦਾ ਜ਼ਿਕਰ ਹੈ।

ਹੱਥ ਲਿਖਤ ਨੋਟਬੁੱਕ ਵਿੱਚ ਵਿਸਥਾਰ ਨਾਲ ਲਿਖਿਆ ਸੀ ਕਿ ਵਾਧੂ ਹਥਿਆਰ ਅਤੇ ਅੱਗ ਲਾਉਣ ਵਾਲੇ ਹਥਿਆਰ ਕਿਵੇਂ ਹਾਸਲ ਕੀਤੇ ਜਾਣ, ਸਮੂਹਿਕ ਹਮਲੇ ਵਿੱਚ ਉਨ੍ਹਾਂ ਦੀ ਵਰਤੋਂ ਕਿਵੇਂ ਕੀਤੀ ਜਾਵੇ ਅਤੇ ਹਮਲੇ ਤੋਂ ਬਾਅਦ ਪੁਲਿਸ-ਐਫਬੀਆਈ ਦੀ ਜਾਂਚ ਤੋਂ ਕਿਵੇਂ ਬਚਿਆ ਜਾਵੇ। ਪੱਤਰ ਵਿੱਚ ਡੇਲਾਵੇਅਰ ਯੂਨੀਵਰਸਿਟੀ ਪੁਲਿਸ ਸਟੇਸ਼ਨ ਦਾ ਲੇਆਉਟ, ਦਾਖਲ ਹੋਣ-ਬਾਹਰ ਨਿਕਲਣ ਵਾਲੇ ਦਰਵਾਜ਼ੇ ਅਤੇ ਇੱਕ ਪੁਲਿਸ ਅਧਿਕਾਰੀ ਦਾ ਨਾਮ ਵੀ ਲਿਖਿਆ ਸੀ। ਵਾਰ-ਵਾਰ 'ਸਭ ਨੂੰ ਮਾਰ ਦਿ ', 'ਸ਼ਹਾਦਤ ਸਭ ਤੋਂ ਵੱਡੀ ਚੀਜ਼ ਹੈ' ਵਰਗੇ ਵਾਕ ਲਿਖੇ ਹੋਏ ਸਨ।

ਨਿਊਯਾਰਕ ਪੋਸਟ ਦੀ ਰਿਪੋਰਟ ਅਨੁਸਾਰ, ਪੁਲਿਸ ਨੇ ਦੱਸਿਆ ਕਿ ਇਸ ਨੋਟਬੁੱਕ ਵਿੱਚ ਪੂਰਵ-ਯੋਜਨਾਬੱਧ ਹਮਲੇ ਦੀਆਂ ਯੋਜਨਾਵਾਂ ਅਤੇ ਸਪੱਸ਼ਟ ਰੂਪ ਵਿੱਚ ਯੁੱਧ ਤਕਨੀਕਾਂ ਲਿਖੀਆਂ ਸਨ। ਕਥਿਤ ਹਮਲੇ ਦੇ ਪਿੱਛੇ ਦੀ ਪੂਰੀ ਮਨਸ਼ਾ ਅਜੇ ਸਪੱਸ਼ਟ ਨਹੀਂ ਹੈ ਪਰ ਲੁਕਮਾਨ ਖਾਨ ਨੇ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਨੂੰ ਦੱਸਿਆ ਕਿ "ਸ਼ਹੀਦ ਹੋਣਾ ਸਭ ਤੋਂ ਮਹਾਨ ਚੀਜ਼ਾਂ ਵਿੱਚੋਂ ਇੱਕ ਹੈ ਜੋ ਤੁਸੀਂ ਕਰ ਸਕਦੇ ਹੋ।"

**ਸਮੂਹਿਕ ਗੋਲੀਬਾਰੀ ਦਾ ਪਲਾਨ ਤਿਆਰ**

ਉਸ ਕੋਲੋਂ ਮਿਲੇ ਦਸਤਾਵੇਜ਼ ਅਤੇ ਹਥਿਆਰ ਦੱਸਦੇ ਹਨ ਕਿ ਡੇਲਾਵੇਅਰ ਯੂਨੀਵਰਸਿਟੀ ਵਿੱਚ ਇੱਕ ਵੱਡਾ ਸਮੂਹਿਕ ਗੋਲੀਬਾਰੀ ਦਾ ਪਲਾਨ ਤਿਆਰ ਸੀ, ਜਿਸ ਨੂੰ ਸਮੇਂ ਸਿਰ ਰੋਕ ਲਿਆ ਗਿਆ। ਲੁਕਮਾਨ ਖਾਨ ਦਾ ਜਨਮ ਪਾਕਿਸਤਾਨ ਵਿੱਚ ਹੋਇਆ ਸੀ ਪਰ ਉਹ ਜਵਾਨੀ ਤੋਂ ਹੀ ਅਮਰੀਕਾ ਵਿੱਚ ਹੈ ਅਤੇ ਇੱਕ ਅਮਰੀਕੀ ਨਾਗਰਿਕ ਹੈ।

**ਛਾਪੇਮਾਰੀ ਦੌਰਾਨ ਮਿਲੇ ਨਾਜਾਇਜ਼ ਹਥਿਆਰ**

ਗ੍ਰਿਫਤਾਰੀ ਤੋਂ ਬਾਅਦ ਜਦੋਂ ਐਫਬੀਆਈ ਨੇ ਉਸਦੇ ਵਿਲਮਿੰਗਟਨ ਸਥਿਤ ਘਰ 'ਤੇ ਛਾਪਾ ਮਾਰਿਆ ਤਾਂ ਇੱਕ ਏਆਰ-ਸ਼ੈਲੀ ਦੀ ਰਾਈਫਲ ਬਰਾਮਦ ਕੀਤੀ ਗਈ, ਜੋ ਰੈੱਡ-ਡਾਟ ਸਕੋਪ ਨਾਲ ਲੈਸ ਸੀ, ਇਸ ਦੇ ਨਾਲ ਹੀ ਦੂਜੀ ਗਲਾਕ ਪਿਸਤੌਲ ਵੀ ਬਰਾਮਦ ਕੀਤੀ ਗਈ, ਇਹ ਪਿਸਤੌਲ ਇੱਕ ਨਾਜਾਇਜ਼ ਉਪਕਰਨ ਨਾਲ ਲੈਸ ਸੀ, ਜੋ ਇਸਨੂੰ ਇੱਕ ਪੂਰੀ ਤਰ੍ਹਾਂ ਆਟੋਮੈਟਿਕ ਮਸ਼ੀਨ ਗਨ ਵਿੱਚ ਬਦਲ ਦਿੰਦੀ ਸੀ, ਜੋ ਪ੍ਰਤੀ ਮਿੰਟ 1,200 ਰਾਊਂਡ ਫਾਇਰ ਕਰਨ ਦੇ ਸਮਰੱਥ ਸੀ।

ਇਸ ਤੋਂ ਇਲਾਵਾ ਗਿਆਰਾਂ ਹੋਰ ਵਧੀਆਂ ਹੋਈਆਂ ਮੈਗਜ਼ੀਨਾਂ, ਖ਼ਤਰਨਾਕ ਖੋਖਲੀਆਂ ਗੋਲੀਆਂ ਅਤੇ ਇੱਕ ਬੁਲੇਟਪਰੂਫ ਜੈਕਟ ਵੀ ਮਿਲੀ। ਖਾਨ ਕੋਲੋਂ ਮਿਲੇ ਸਾਰੇ ਹਥਿਆਰ ਨਾਜਾਇਜ਼ ਸਨ, ਕਿਸੇ ਵੀ ਹਥਿਆਰ ਦਾ ਰਜਿਸਟ੍ਰੇਸ਼ਨ ਨਹੀਂ ਸੀ।

ਫਿਲਹਾਲ ਉਹ ਜੇਲ੍ਹ ਵਿੱਚ ਬੰਦ ਹੈ ਅਤੇ ਐਫ ਬੀ ਆਈ ਮਾਮਲੇ ਦੀ ਜਾਂਚ ਕਰ ਰਹੀ ਹੈ।

# ਗੋਆ ਨਾਈਟ ਕਲੱਬ ਦੇ ਮਾਲਕ ਲੂਥਰਾ ਬ੍ਰਦਰਜ਼ ਨੂੰ ਭਾਰਤ ਲਿਆਂਦਾ ਗਿਆ



ਨਵੀਂ ਦਿੱਲੀ- ਗੋਆ ਕਲੱਬ ਅੱਗ ਦੀ ਜਾਂਚ ਸੰਬੰਧੀ ਵੱਡੀ ਖ਼ਬਰ ਸਾਹਮਣੇ ਆਈ ਹੈ। ਗੋਆ ਦੇ ਬਿਰਚ ਬਾਏ ਰੋਮੀ ਲੇਨ ਨਾਈਟ ਕਲੱਬ ਦੇ ਮਾਲਕ ਸੌਰਭ ਅਤੇ ਗੌਰਵ ਲੂਥਰਾ ਨੂੰ ਥਾਈਲੈਂਡ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਘਟਨਾ ਤੋਂ ਬਾਅਦ, ਭਰਾ ਦਿੱਲੀ ਤੋਂ ਫੁਕੇਟ, ਥਾਈਲੈਂਡ ਭੱਜ ਗਏ। ਇਸ ਤੋਂ ਪਹਿਲਾਂ, ਇੱਕ ਕਾਰਵਾਈ ਵਿੱਚ, ਪੁਲਿਸ ਨੇ ਗੋਆ ਦੇ ਬਿਰਚ ਬਾਏ ਰੋਮੀ ਲੇਨ ਨਾਈਟ ਕਲੱਬ ਦੇ ਮਾਲਕ ਲੂਥਰਾ ਬ੍ਰਦਰਜ਼ ਦੇ ਪਾਸਪੋਰਟ ਮੁਅੱਤਲ ਕਰ ਦਿੱਤੇ। ਗੋਆ ਦੇ ਬਿਰਚ ਬਾਏ ਰੋਮੀ ਲੇਨ ਨਾਈਟ ਕਲੱਬ ਵਿੱਚ ਅੱਗ ਲੱਗਣ ਨਾਲ 25 ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ 20 ਸਟਾਫ ਮੈਂਬਰ ਅਤੇ ਪੰਜ ਸੈਲਾਨੀ ਸ਼ਾਮਲ ਸਨ।

ਦੱਸਿਆ ਜਾ ਰਿਹਾ ਹੈ ਕਿ ਲੂਥਰਾ ਬ੍ਰਦਰਜ਼ ਨੇ ਥਾਈਲੈਂਡ ਲਈ ਟਿਕਟਾਂ ਬੁੱਕ ਕੀਤੀਆਂ ਅਤੇ ਦਿੱਲੀ ਤੋਂ ਇੱਕ ਫਲਾਈਟ ਵਿੱਚ ਦੇਸ਼ ਛੱਡ ਕੇ ਭੱਜ ਗਏ ਜਦੋਂ ਅੱਗ ਲੱਗੀ ਅਤੇ ਬਚਾਅ ਕਾਰਜ ਚੱਲ ਰਹੇ ਸਨ। ਲੂਥਰਾ ਬ੍ਰਦਰਜ਼ ਦੋਸ਼ੀ ਕਤਲ ਅਤੇ ਲਾਪਰਵਾਹੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਗੋਆ ਦੇ ਅਰਪੋਰਾ ਵਿੱਚ ਇੱਕ ਨਾਈਟ ਕਲੱਬ ਵਿੱਚ ਭਿਆਨਕ ਅੱਗ ਲੱਗਣ ਤੋਂ ਬਾਅਦ ਸਾਵਧਾਨੀ ਦੇ ਤੌਰ 'ਤੇ ਬੁੱਧਵਾਰ ਸ਼ਾਮ ਨੂੰ ਇੱਕ ਹੁਕਮ ਜਾਰੀ ਕਰਦਿਆਂ, ਜ਼ਿਲ੍ਹਾ ਪ੍ਰਸ਼ਾਸਨ ਨੇ ਸੈਲਾਨੀ ਆਕਰਸ਼ਣਾਂ ਦੇ ਅੰਦਰ ਪਟਾਕਿਆਂ, ਫੁਲਕਾਰੀਆਂ ਅਤੇ ਆਤਿਸ਼ਬਾਜ਼ੀ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ।

ਮਾਮਲੇ ਤੋਂ ਜਾਣੂ ਇੱਕ ਅਧਿਕਾਰੀ ਨੇ ਦੱਸਿਆ ਕਿ ਇਹ ਹੁਕਮ ਭਾਰਤੀ ਸਿਵਲ ਸੁਰੱਖਿਆ ਕੋਡ, 2023 ਦੀ ਧਾਰਾ 163 ਦੇ ਤਹਿਤ ਜਾਰੀ ਕੀਤਾ ਗਿਆ ਸੀ। ਨਵੇਂ ਹੁਕਮ ਅਨੁਸਾਰ, ਇਹ ਪਾਬੰਦੀ ਉੱਤਰੀ ਗੋਆ ਦੇ ਸਾਰੇ ਨਾਈਟ ਕਲੱਬਾਂ, ਬਾਰਾਂ, ਰੈਸਟੋਰੈਂਟਾਂ, ਹੋਟਲਾਂ, ਗੈਸਟ ਹਾਊਸਾਂ, ਰਿਜ਼ੋਰਟਾਂ, ਬੀਚ ਸ਼ੈਕਸ ਅਤੇ ਅਸਥਾਈ ਢਾਂਚਿਆਂ 'ਤੇ ਲਾਗੂ ਹੁੰਦੀ ਹੈ।

## ਪੁਤਿਨ ਜੰਗ ਖਤਮ ਕਰਨਾ ਚਾਹੁੰਦੇ ਹਨ-ਟਰੰਪ ਦਾ ਦਾਅਵਾ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਅਮਰੀਕੀ ਵਫ਼ਦ ਦੇ ਯੂਕਰੇਨ ਸ਼ਾਂਤੀ ਪ੍ਰਸਤਾਵ 'ਤੇ ਰੂਸ ਦੇ ਰਾਸ਼ਟਰਪਤੀ ਨਾਲ ਇੱਕ ਚੰਗੀ ਗੱਲਬਾਤ ਹੋਈ ਹੈ।

ਟਰੰਪ ਨੇ ਦਾਅਵਾ ਕੀਤਾ ਕਿ ਡੈਲੀਗੇਸ਼ਨ ਨਾਲ ਗੱਲਬਾਤ ਦੌਰਾਨ ਇਹ ਪਾਇਆ ਗਿਆ ਕਿ ਵਲਾਦੀਮੀਰ ਪੁਤਿਨ ਵੀ ਜੰਗ ਨੂੰ ਖਤਮ ਕਰਨਾ ਚਾਹੁੰਦੇ ਹਨ। ਦਰਅਸਲ, ਬੁੱਧਵਾਰ ਨੂੰ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਂਕ ਨੇ ਮਾਸਕੋ ਵਿੱਚ ਰੂਸੀ ਰਾਸ਼ਟਰ-ਪਤੀ ਵਲਾਦੀਮੀਰ ਪੁਤਿਨ ਦੇ ਨਾਲ ਪੰਜ ਘੰਟੇ ਲੰਬੀ ਗੱਲਬਾਤ ਕੀਤੀ। ਧਿਆਨ ਦੇਣ ਵਾਲੀ ਗੱਲ ਹੈ ਕਿ ਦੋਵਾਂ ਦਿੱਗਜਾਂ ਦੀ ਗੱਲਬਾਤ ਸਾਲ 2022 ਵਿੱਚ ਸ਼ੁਰੂ ਹੋਏ ਰੂਸ-ਯੂਕਰੇਨ ਵਿਵਾਦ ਨੂੰ ਖਤਮ ਕਰਨ 'ਤੇ ਕੇਂਦਰਿਤ ਸੀ। ਅਮਰੀਕੀ ਰਾਸ਼ਟਰਪਤੀ ਨੇ ਵਲ ਆਫਿਸ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਪੁਤਿਨ ਦੀ ਕੱਲ੍ਹ ਜੇਰੇਡ ਕੁਸ਼ਨਰ ਅਤੇ ਸਟੀਵ ਵ੍ਹਾਈਟਕੌਫ ਨਾਲ ਬਹੁਤ ਚੰਗੀ ਮੀਟਿੰਗ ਹੋਈ। ਉਸ ਮੀਟਿੰਗ ਵਿੱਚੋਂ ਕੀ ਨਿਕਲਿਆ, ਮੈਂ ਤੁਹਾਨੂੰ ਨਹੀਂ ਦੱਸ ਸਕਦਾ ਕਿਉਂਕਿ ਟੈਂਗੋ ਲਈ ਦੋ ਲੋਕਾਂ ਦੀ ਜ਼ਰੂਰਤ ਹੁੰਦੀ ਹੈ।

## ਵਿਪਸਾਅ ਦੀ ਮਾਸਿਕ ਮਿਲਣੀ ਵਿੱਚ ਉਸਾਰੂ ਵਿਚਾਰ ਵਟਾਂਦਰਾ ਹੋਇਆ

ਹੇਵਰਡ- ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ ਮਾਸਿਕ ਮਿਲਣੀ ਮੂਨ ਰੈਸਟੋਰੈਂਟ ਵਿਖੇ ਹੋਈ। ਇਸ ਮਿਲਣੀ ਦੇ ਸ਼ੁਰੂ ਵਿੱਚ ਪ੍ਰਧਾਨ ਕੁਲਵਿੰਦਰ ਨੇ ਸਭ ਨੂੰ ਜੀ ਆਇਆਂ ਆਖਿਆ। ਉਨ੍ਹਾਂ ਕਿਹਾ ਕਿ ਕਾਰਜਕਾਰਨੀ ਅਤੇ ਮੈਂਬਰਾਂ ਦੇ ਸਹਿਯੋਗ ਤੋਂ ਬਿਨਾ ਏਨੀ ਵੱਡੀ ਕਾਨਫ਼ਰੰਸ ਨੂੰ ਨੇਪਰੇ ਚਾੜ੍ਹਨਾ ਅਸੰਭਵ ਸੀ। ਹਰ ਇੱਕ ਨੇ ਆਪਣੀ ਜ਼ਿੰਮੇਵਾਰੀ ਨੂੰ ਸ਼ਿੱਦਤ ਨਾਲ਼ ਨਿਭਾਇਆ ਹੈ। ਮੈਂਬਰਾਂ ਨੇ 25ਵੀਂ ਸਲਾਨਾ ਕਾਨਫ਼ਰੰਸ ਦੀ ਸਫ਼ਲਤਾ ਲਈ ਕੁਲਵਿੰਦਰ ਨੂੰ ਮੁਬਾਰਕ ਦਿੱਤੀ।

ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਬੀਤੇ ਵਰ੍ਹੇ ਦੇ ਖ਼ਰਚ ਦਾ ਪਾਰਦਰਸ਼ੀ ਹਿਸਾਬ ਸਮੂਹ ਮੈਂਬਰਾਂ ਨਾਲ਼ ਸਾਂਝਾ ਕਰਦੇ ਹੋਏ ਮਾਣ ਨਾਲ ਕਿਹਾ ਕਿ ਵਿਪਸਾ ਦੇ ਸਮੂਹ ਮੈਂਬਰਾਂ ਨੇ 25ਵੀਂ ਕਾਨਫ਼ਰੰਸ ਨੂੰ ਕਾਮਯਾਬ ਬਣਾਉਣ ਲਈ ਭਰਪੂਰ ਮਾਇਕ ਸਹਿਯੋਗ ਦਿੱਤਾ ਹੈ। ਉਸ ਤੋਂ ਬਾਅਦ ਕਾਨਫ਼ਰੰਸ ਬਾਰੇ ਹਰ ਇੱਕ ਨੇ ਆਪਣੇ ਅਨੁਭਵ ਸਾਂਝੇ ਕੀਤੇ। ਬਹੁਤੇ ਮੈਂਬਰਾਂ ਨੇ ਕਾਨਫ਼ਰੰਸ ਵਿੱਚ ਡਾ. ਮਨਜਿੰਦਰ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਡਾ. ਰਜੇਸ਼ ਸ਼ਰਮਾ ਵੱਲੋਂ ਪੇਸ਼ ਕੀਤੇ ਪਰਚੇ ਅਤੇ ਵਿਚਾਰਾਂ ਦੀ ਸ਼ਲਾਘਾ ਕੀਤੀ। ਪੱਚੀ ਸਾਲਾਂ ਦੀ ਇਤਿਹਾਸਕ ਡਾਕੂਮੈਂਟਰੀ ਦੀ ਭਰਵੀਂ ਤਾਰੀਫ਼ ਕੀਤੀ ਗਈ।

ਕਾਨਫ਼ਰੰਸ ਦੇ ਵੱਖ-ਵੱਖ ਸੈਸ਼ਨਾਂ ਵਿੱਚ ਸਮੇਂ ਦੀ ਘਾਟ ਕਾਰਣ ਸਭ ਮਹਿਮਾਨਾਂ ਨੂੰ ਲੋੜੀਂਦਾ ਵਕਤ ਨਾ ਮਿਲ ਸਕਣ ਬਾਰੇ ਕੁਝ ਮੈਂਬਰਾਂ ਨੇ ਮੁੱਦਾ ਉਠਾਇਆ। ਇਸ ਮੌਕੇ ਵਿਪਸਾ ਵੱਲੋਂ ਪ੍ਰੋ. ਸੁਰਿੰਦਰ ਸਿੰਘ ਸੀਰਤ ਦੁਆਰਾ ਪ੍ਰਕਾਸ਼ਤ ਕੀਤੀ ਗਈ ਅਮਰੀਕੀ ਪੰਜਾਬੀ ਕਹਾਣੀ ਪੁਸਤਕ ਦੀ ਐਡਿਟਿੰਗ ਅਤੇ ਮਿਆਰ ਬਾਰੇ ਸਵਾਲ ਉਠਾਇਆ ਗਿਆ।

ਇਸ ਤੇ ਹਾਜ਼ਰ ਕਾਰਜਕਾਰਨੀ ਅਤੇ ਸਮੂਹ ਮੈਂਬਰਾਂ ਨੇ ਫ਼ੈਸਲਾ ਕੀਤਾ ਕਿ ਭਵਿੱਖ ਵਿੱਚ ਸੰਪਾਦਕੀ ਦਾ ਹੱਕ ਮੌਜੂਦਾ ਪ੍ਰਧਾਨ ਅਤੇ ਜਨਰਲ ਸਕੱਤਰ ਦਾ ਹੋਵੇਗਾ। ਅਕਾਦਮੀ ਵੱਲੋਂ ਤਿੰਨ ਰੋਜ਼ਾ ਨਿਵੇਕਲੀ ਕਾਨਫ਼ਰੰਸ ਦੇ ਸਫ਼ਲਤਾ ਪੂਰਨ ਨੇਪਰੇ ਚੜ੍ਹਨ ਲਈ ਸਮੂਹ ਮੈਂਬਰਾਂ ਨੇ ਖੜ੍ਹੇ ਹੋ ਕੇ ਤਾੜੀਆਂ ਵਜਾ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਚੇਤੇ ਰਹੇ ਇਸ ਕਾਨਫ਼ਰੰਸ ਵਿੱਚ ਚਾਲ਼ੀ ਤੋਂ ਵੱਧ ਲੇਖਕ ਵੱਖ-ਵੱਖ ਦੇਸ਼ਾਂ ਤੋਂ ਆਏ ਸਨ।

ਅਕਾਦਮੀ ਨੇ ਉਨ੍ਹਾਂ ਦੀ ਹਰ ਸੁੱਖ-ਸਵਿਧਾ ਦਾ ਵਧੀਆ ਪ੍ਰਬੰਧ ਕਰਕੇ ਇੱਕ ਮਿਸਾਲ ਪੈਦਾ ਕੀਤੀ ਹੈ। ਇਸ ਕਾਨਫ਼ਰੰਸ ਦੀ ਯੂ ਟਿਊਬ ਵੀਡੀ ਵਿਪਸਾ ਵੱਲੋਂ ਜਲਦੀ ਹੀ ਤਿਆਰ ਕੀਤੀ ਜਾਵੇਗੀ। ਦਸੰਬਰ ਦੇ ਦੂਜੇ ਜਾਂ ਤੀਜੇ ਹਫ਼ਤੇ ਸਮੂਹ ਸਹਿਯੋਗੀਆਂ ਅਤੇ ਮੈਂਬਰਾਂ ਦੇ ਮਾਣ ਵਿੱਚ ਇੱਕ ਬੈਠਕ ਬੁਲਾਈ ਜਾਵੇਗੀ।

ਇਸ ਵਿੱਚ ਹਾਜ਼ਰ ਮੈਂਬਰ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਇਸ ਤੋਂ ਇਲਾਵਾ ਸੰਗੀਤ ਮਹਿਫ਼ਲ ਸਜਾਈ ਜਾਵੇਗੀ। ਇਸ ਮਿਲਣੀ ਵਿੱਚ ਅਮਰਜੀਤ ਕੌਰ ਪੰਨੂ, ਸੁਰਜੀਤ ਸਖੀ, ਡਾ. ਸੁਖਵਿੰਦਰ ਕੰਬੋਜ, ਪੰਕਜ ਆਂਸਲ, ਮੁਕੇਸ਼ ਸ਼ਰਮਾ, ਡਾ. ਸੁਖਪਾਲ ਸੰਘੇੜਾ, ਧਰਮਿੰਦਰ ਸਿੰਘ, ਸੰਦੀਪ ਕੌਰ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਰਮੇਸ਼ ਬੰਗੜ, ਤਾਰਾ ਸਿੰਘ ਸਾਗਰ ਗੁਲਸ਼ਨ ਦਿਆਲ ਅਤੇ ਲਾਜ ਨੀਲਮ ਸੈਣੀ ਆਦਿ ਸ਼ਾਮਲ ਸਨ।

**ਰਿਪੋਰਟ:**
**ਲਾਜ ਨੀਲਮ ਸੈਣੀ (ਸਾਹਿਤ ਸਕੱਤਰ)**
**ਫ਼ੋਨ: 510-502-0051**


GLOBAL ADVISORS, LLC.
168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471
Legal Documentation Services:
Family Law, Estate Planning, Small Claims/ Civil Law, Unlawful Detainer, POA, Social Security Disability.





'Sara'- Saraswatee Consultant
**Income Tax Preparation:** Strategic individual and business tax filings, tax planning, IRS audit, sales & use tax, and new company formation.
**Financial Accounting & Management:** Strategic accounting & reporting services, which are scalable, tactical, and team-driven.
**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others
**Live-Scan and Notary**
GLOBAL ADVISORS, LLC
contact@globaladvisors.llc 408-613-3876 / 408-600-9471



S. Inderjit Singh Bullowal
Rep/Marketing Manager
PARDES TIMES
www.pardestimes.com
Call: 425-420-4055
ਕਿਸੇ ਵੀ ਕਿਸਮ ਦੀ ਗੱਲਬਾਤ ਅਖ਼ਬਾਰ ਸਬੰਧੀ ਕਰਨ ਲਈ
ਸ. ਇੰਦਰਜੀਤ ਸਿੰਘ ਬੁਲੋਵਾਲ ਨੂੰ ਫੋਨ ਕਰੋ




ਸ. ਇੰਦਰਜੀਤ ਸਿੰਘ ਬੁਲੋਵਾਲ

# ਸੰਪਾਦਕੀ

## ਪੁਤਿਨ ਦੇ ਭਾਰਤ ਦੌਰੇ ਦੀ ਦੁਨੀਆਂ ਵਿਚ ਚਰਚਾ

ਰੂਸ ਦੇ ਰਾਸ਼ਟਰਪਤੀ ਵਲਾਦੀਮਿਰ ਪੁਤਿਨ ਨੇ ਹਾਲ ਹੀ ਵਿਚ ਰੂਸ-ਯੂਕਰੇਨ ਜੰਗ ਅਤੇ ਜੰਗ ਰੁਕਵਾਉਣ ਲਈ ਅਮਰੀਕੀ ਕੋਸ਼ਿਸ਼ਾਂ ਵਾਲਾ ਸਾਰਾ ਰੁਝੇਵਾਂ ਛੱਡ ਕੇ ਭਾਰਤ ਦੀ ਯਾਤਰਾ ਕੀਤੀ। ਦੋ ਦਿਨਾਂ ਦੀ ਇਸ ਯਾਤਰਾ ਵਿਚ ਕਈ ਅਹਿਮ ਸਮਝੌਤੇ ਵੀ ਹੋਏ ਪਰ ਇਹਨਾਂ ਸਮਝੌਤਿਆਂ ਤੋਂ ਦੂਰ ਪੁਤਿਨ ਦੇ ਇਸ ਦੌਰੇ ਦੀ ਯੂਰਪ ਅਤੇ ਅਮਰੀਕੀ ਮੀਡੀਆ ਵਿਚ ਇੰਨੀ ਚਰਚਾ ਕਿਉਂ ਰਹੀ। ਕਾਰਨ ਇਕ ਹੀ ਹੈ ਕਿ ਭਾਰਤ ਅਤੇ ਰੂਸ ਵਿਚਕਾਰ ਵਧਦੀ ਨਜ਼ਦੀਕੀ ਪੱਛਮੀ ਮੁਲਕਾਂ ਨੂੰ ਰਾਸ ਨਹੀਂ ਆਉਂਦੀ। ਇਸ ਦਾ ਕਾਰਨ ਇਹ ਹੈ ਕਿ ਭਾਰਤ ਜੋ ਕਿ ਇਕ ਲੋਕਰਾਜੀ ਮੁਲਕ ਹੈ, ਰੂਸ ਜਿਸ ਨੂੰ ਦੁਨੀਆਂ ਤਾਨਾਸ਼ਾਹੀ ਦਾ ਸ਼ਿਕਾਰ ਮੁਲਕ ਮੰਨਦੀ ਹੈ, ਵਿਚਕਾਰ ਨੇੜਤਾ ਦੁਨੀਆਂ ਵਿਚਕਾਰ ਤਾਕਤ ਦਾ ਸੰਤੁਲਨ ਵਿਗਾੜ ਦਿੰਦੀ ਹੈ। ਭਾਰਤ ਜਦੋਂ ਅੰਗਰੇਜ਼ਾਂ ਦਾ ਗੁਲਾਮ ਸੀ ਅਤੇ ਦੂਜਾ ਵਿਸ਼ਵ ਯੁੱਧ ਖਤਮ ਹੀ ਹੋਇਆ ਸੀ ਤਾਂ ਰੂਸ ਬੇਸ਼ੱਕ ਜੇਤੂ ਮੁਲਕਾਂ ਦੇ ਨਾਲ ਸੀ ਪਰ ਰੂਸ ਨੇ ਹੀ ਆਵਾਜ਼ ਬੁਲੰਦ ਕੀਤੀ ਕਿ ਇਹਨਾਂ ਜੰਗਾਂ ਲਈ ਬਸਤੀਵਾਦ ਜ਼ਿੰਮੇਵਾਰ ਹੈ।

ਇੰਗਲੈਂਡ, ਫਰਾਂਸ ਸਮੇਤ ਯੂਰਪੀਅਨ ਮੁਲਕ ਉਸ ਵਕਤ ਬਹੁਤ ਨਾਜ਼ੁਕ ਸਥਿਤੀ ਵਿਚ ਸਨ ਅਤੇ ਰੂਸ ਦੁਆਰਾ ਆਵਾਜ਼ ਬੁਲੰਦ ਕਰਨ ਕਰਕੇ ਉਹਨਾਂ ਨੂੰ ਦੁਨੀਆਂ ਭਰ ਦੇ ਮੁਲਕਾਂ ਨੂੰ ਆਜ਼ਾਦ ਕਰਨਾ ਹੀ ਪਿਆ। ਰੂਸ ਦੀ ਇਹ ਮੰਗ ਵੀ ਕੋਈ ਅਦਭੁਤ ਨਹੀਂ ਸੀ ਬਲਕਿ ਇੰਗਲੈਂਡ ਅਤੇ ਰੂਸ ਦੋਵੇਂ ਵਿਚਾਰਧਾਰਕ ਪੱਖੋਂ ਉਸ ਵਕਤ ਇਕ-ਦੂਜੇ ਨੂੰ ਦੁਸ਼ਮਣ ਸਮਝਦੇ ਸਨ। ਰੂਸ ਉਦੋਂ ਸੋਵੀਅਤ ਸੰਘ ਹੋਇਆ ਕਰਦਾ ਸੀ ਅਤੇ ਇੰਗਲੈਂਡ ਉਸ ਨੂੰ ਆਪਣੀਆਂ ਬਸਤੀਆਂ ਲਈ ਖਤਰਾ ਮੰਨਦਾ ਸੀ। ਇੰਗਲੈਂਡ ਭਾਰਤ ਵਿਚ ਵੀ ਉਹਨਾਂ ਵਿਰੁੱਧ ਆਜ਼ਾਦੀ ਅੰਦੋਲਨ ਨੂੰ ਰੂਸ ਦੀ ਦੇਣ ਮੰਨਦਾ ਸੀ ਅਤੇ ਰੂਸ ਦੇ ਵਿਸਥਾਰ ਨੂੰ ਰੋਕਣ ਲਈ ਹੀ ਇੰਗਲੈਂਡ ਨੇ ਭਾਰਤ ਦੇ ਦੋ ਟੁਕੜੇ ਧਰਮ ਦੇ ਆਧਾਰ ਤੇ ਕਰਵਾਏ। ਇਹ ਗੱਲਾਂ ਹੁਣ ਇਤਿਹਾਸਕਾਰ ਸਹੀ ਠਹਿਰਾਉਂਦੇ ਹਨ। ਇੰਗਲੈਂਡ ਨੇ ਤਾਂ ਅੱਜ ਦੇ ਪਾਕਿਸਤਾਨ ਵਾਲੇ ਕਸ਼ਮੀਰ ਨਾਲ ਲੱਗਦੇ ਗਿਲਗਿਤ-ਬਾਲਟਿਸਤਾਨ ਵਿਚ ਮਹਾਰਾਜਾ ਹਰੀ ਸਿੰਘ ਨਾਲ ਸੰਧੀ ਕਰਕੇ ਆਪਣਾ ਅੱਡੇ ਵੀ ਸਥਾਪਤ ਕੀਤਾ ਹੋਇਆ ਸੀ, ਜਿਸ ਨੂੰ ਉਸ ਨੇ 30 ਕੁ ਸਾਲ ਪਹਿਲਾਂ ਹੀ ਬੰਦ ਕੀਤਾ ਹੈ, ਜਦੋਂ ਸੋਵੀਅਤ ਸੰਘ ਟੁੱਟ ਗਿਆ ਸੀ। 1970 ਦੇ ਸਮੇਂ ਵਿਚ ਵੀ ਜਦੋਂ ਭਾਰਤ ਪੂਰਬੀ ਪਾਕਿਸਤਾਨ ਤੋਂ ਹੁੰਦੇ ਪਲਾਇਨ ਦਾ ਸਾਹਮਣਾ ਕਰ ਰਿਹਾ ਸੀ ਅਤੇ ਭਾਰਤ-ਪਾਕਿ ਜੰਗ ਸਿਰ 'ਤੇ ਆ ਗਈ ਸੀ ਤਾਂ ਰੂਸ ਨੇ ਭਾਰਤ ਦਾ ਸਾਥ ਦੇ ਕੇ ਪੱਛਮੀ ਦੇ ਮਨਸੂਬਿਆਂ ਤੇ ਪਾਣੀ ਫੇਰ ਦਿੱਤਾ। ਸਥਿਤੀ ਹੁਣ ਵੀ ਅਜਿਹੀ ਹੀ ਬਣਦੀ ਨਜ਼ਰ ਆ ਰਹੀ ਹੈ, ਜਿਸ ਕਰਕੇ ਭਾਰਤ ਫਿਰ ਰੂਸ ਵੱਲ ਫਿਰ ਜ਼ਿਆਦਾ ਝੁਕਾਅ ਰੱਖਣ ਲੱਗ ਪਿਆ ਹੈ। ਪਾਕਿਸਤਾਨ ਨੇ ਜਦੋਂ ਭਾਰਤ ਨਾਲ ਇਸੇ ਸਾਲ ਦੇ ਮਾਰਚ ਮਹੀਨੇ ਛੇੜਛਾੜ ਕੀਤੀ ਅਤੇ ਪਹਿਲਗਾਮ ਹਮਲਾ ਕਰਵਾਇਆ ਤਾਂ ਭਾਰਤ ਨੇ ਉਹੀ ਸੱਚ ਸਮਝਦਿਆਂ ਦੁਬਾਰਾ ਫਿਰ ਰੂਸ ਨਾਲ ਪੀਘਾਂ ਵਧਾਉਣੀਆਂ ਆਰੰਭ ਕੀਤੀਆਂ, ਜਿਸ ਦੇ ਨਤੀਜੇ ਵਜੋਂ ਭਾਰਤ ਅਮਰੀਕਾ ਨੂੰ ਛੱਡ ਕੇ ਰੂਸ ਤੋਂ ਹਥਿਆਰ ਖਰੀਦਣ ਦੇ ਸਮਝੌਤੇ ਕਰਨ ਲੱਗ ਪਿਆ ਹੈ। ਹਾਲਾਂਕਿ ਰੂਸ-ਯੂਕਰੇਨ ਜੰਗ ਕਾਰਨ ਹੁਣ ਪੱਛਮੀ ਮੁਲਕ ਉਲਝੇ ਹੋਣ ਕਾਰਨ ਇਹ ਵਿਵਾਦ ਜ਼ਿਆਦਾ ਨਹੀਂ ਵਧਿਆ ਪਰ ਤਣਾਅ ਬਰਕਰਾਰ ਹੈ। ਸ਼ਾਇਦ ਇਹੀ ਕਾਰਨ ਹੈ ਕਿ ਭਾਰਤ ਰੂਸ ਤੋਂ ਧੜਾਧੜ ਹਥਿਆਰ ਵੀ ਲੈ ਰਿਹਾ ਹੈ ਅਤੇ ਰੂਸ ਦਾ ਫੌਜੀ ਅੱਡੇ ਵੀ ਭਾਰਤ ਵਿਚ ਬਣਵਾ ਰਿਹਾ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.


# ਚੀਨ ਦੀ ਆਰਥਿਕਤਾ ਬਾਰੇ ਅਸਲੀਅਤ ਕੁਝ ਹੋਰ



ਦਰਬਾਰਾ ਸਿੰਘ ਕਾਹਲੋਂ

ਚੀਨ ਬਾਰੇ ਪੂਰੇ ਵਿਸ਼ਵ ਵਿਚ ਇਹ ਮਿੱਥ ਮਸ਼ਹੂਰ ਹੈ ਕਿ ਉਸ ਦੀ ਆਰਥਿਕਤਾ ਬੜੀ ਤੇਜ਼ ਗਤੀ ਨਾਲ ਇਕ ਜ਼ਾਬਤਾ ਭਰੀ ਪ੍ਰਣਾਲੀ ਅਧੀਨ ਵਿਕਾਸ ਦੀ ਡਗਰ 'ਤੇ ਚੱਲ ਰਹੀ ਹੈ। ਚੀਨੀ ਨਾਗਰਿਕ ਇਹ ਮੰਨ ਕੇ ਸੁਖਦ ਮਹਿਸੂਸ ਕਰਦੇ ਚਲੇ ਆ ਰਹੇ ਹਨ ਕਿ ਉਨ੍ਹਾਂ ਦਾ ਦੇਸ਼ ਅਮਰੀਕਾ ਵਰਗੀ ਮਹਾਸ਼ਕਤੀ ਨਾਲੋਂ ਕਿਸੇ ਗੱਲੋਂ ਪਿੱਛੇ ਨਹੀਂ ਹੈ, ਉਹ ਭਾਵੇਂ ਆਰਥਿਕ, ਤਕਨੀਕੀ, ਸਮਾਜਿਕ ਸੁਰੱਖਿਆ, ਪਰਮਾਣੂ, ਫ਼ੌਜੀ ਅਤੇ ਡਿਪਲੋਮੇਸੀ ਸਬੰਧੀ ਖੇਤਰ ਹੋਣ। ਉਨ੍ਹਾਂ ਨੂੰ ਆਪਣੇ ਦੇਸ਼, ਇਸ 'ਤੇ ਕਾਬਜ਼ ਕਮਿਊਨਿਸਟ ਪਾਰਟੀ ਅਤੇ ਇਸ ਦੀ ਲੀਡਰਸ਼ਿਪ 'ਤੇ ਮਾਣ ਹੈ ਪਰ ਹਕੀਕਤ ਵਿਚ ਇਹ ਪੂਰੇ ਦਾ ਪੂਰਾ ਮੰਜ਼ਰ ਇਕ ਖੋਖਲੀ ਵਿਵਸਥਾ 'ਤੇ ਸਿਰਜਿਆ ਜਾ ਰਿਹਾ ਹੈ ਜੋ ਇਕ ਰਾਜਨੀਤਕ ਅਡੰਬਰ 'ਤੇ ਟਿਕਿਆ ਹੋਇਆ ਹੈ ਜੋ ਬੰਦੂਕ ਦੀ ਗੋਲ਼ੀ ਵਿੱਚੋਂ ਨਿਕਲਣ ਵਾਲੀ ਸ਼ਕਤੀ ਦੇ ਡਰ ਦੀ ਉਪਜ ਹੈ।

ਚੀਨ 'ਚ ਰੋਜ਼ਾਨਾ ਜ਼ਿੰਦਗੀ ਧੋਖੇਬਾਜ਼ੀ ਰਾਹੀਂ ਸੰਚਾਲਤ ਅਜਿਹਾ ਵਿਸ਼ਵਾਸ ਹੈ ਜੋ ਲਗਾਤਾਰ ਨਿਰਾਸ਼ਾ ਦੇ ਆਲਮ ਵਿਚ ਘਿਰਦਾ ਚਲਾ ਜਾ ਰਿਹਾ ਹੈ। ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਇਹ ਇਕ ਤਾਕਤਵਰ ਤੇ ਬਗੈਰ ਵਾਗਾਂ ਦੇ ਹਵਾ ਵਿਚ ਉੱਡਦਾ ਚੇਤਕ ਘੋੜਾ ਹੈ। ਚੀਨੀ ਲੋਕ ਦੇਸ਼ ਅੰਦਰ ਪਸਰ ਰਹੀ ਰਾਜਨੀਤਕ, ਆਰਥਿਕ ਅਤੇ ਰੋਜ਼ਾਨਾ ਜ਼ਿੰਦਗੀ ਸਬੰਧੀ ਨਿਰਾਸ਼ਾ ਬਾਰੇ ਘਰਾਂ, ਨਿੱਜੀ ਮਿਲਣਗੀਆਂ ਤੇ ਵਿਸ਼ੇਸ਼ ਸਮਾਰੋਹਾਂ ਵਿਚ ਸਰਕਾਰੀ ਅਤੇ ਕਮਿਊਨਿਸਟ ਪਾਰਟੀ ਆਧਾਰਤ ਖ਼ੁਫ਼ੀਆ ਏਜੰਸੀਆਂ ਤੋਂ ਅੱਖ ਬਚਾਅ ਕੇ ਘੁਸਰ-ਮੁਸਰ ਕਰਦੇ ਵੇਖੇ ਜਾਂਦੇ ਹਨ। ਉਹ ਤੇ ਉਨ੍ਹਾਂ ਦੀ ਨੌਜਵਾਨ ਪੀੜ੍ਹੀ ਬੇਰੁਜ਼ਗਾਰੀ, ਉਜਰਤਾਂ 'ਚ ਕਟੌਤੀ ਤੇ ਪਬਲਿਕ ਸਹੂਲਤਾਂ 'ਚ ਹੋ ਰਹੀ ਕਮੀ ਤੋਂ ਪੀੜਤ ਮਹਿਸੂਸ ਕਰ ਰਹੇ ਹਨ। ਕੌਮਾਂਤਰੀ ਪੱਧਰ 'ਤੇ ਚੀਨੀ ਆਰਥਿਕ ਵਿਕਾਸ, ਤਕਨੀਕੀ ਅਤੇ ਵਿਗਿਆਨਕ ਪ੍ਰਾਪਤੀਆਂ ਮਹਿਜ਼ ਦਿਖਾਵਾ ਹਨ। ਅੰਦਰਖਾਤੇ ਖੋਖਲੀ ਆਰਥਿਕਤਾ ਦੇ ਸ਼ਿਕਾਰ ਅਮਰੀਕਾ ਤੇ ਚੀਨ ਦੀ ਚਲਾਕੀ ਵੇਖੋ। ਇਸ 'ਤੇ ਪਰਦਾਪੋਸ਼ੀ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਮਿਲਦੇ ਹਨ। ਅਮਰੀਕੀ ਟੈਰਿਫ ਤੋਂ ਉਤਪੰਨ ਦੋਹਾਂ ਦੇਸ਼ਾਂ ਦਰਮਿਆਨ ਵਪਾਰਕ ਜੰਗ ਨੂੰ ਵਿਰਾਮ ਦੇਣ ਦਾ ਨਿਰਣਾ ਲੈਂਦੇ ਹਨ। ਸੋਸ਼ਲ ਮੀਡੀਆ, ਵਿਸ਼ਵ ਪ੍ਰਸਿੱਧ ਤੇਜ਼-ਤਰਾਰ ਆਗੂਆਂ, ਬੁੱਧੀਜੀਵੀਆਂ ਅਤੇ ਡਿਪਲੋਮੈਟਾਂ ਲਈ ਇਹ ਅੰਦਾਜ਼ਾ ਲਗਾਉਣਾ ਕੋਈ ਪੇਚੀਦਾ ਕਾਰਜ ਨਹੀਂ ਸੀ ਕਿ ਚੀਨ ਅਤੇ ਅਮਰੀਕਾ ਦੇ ਸਰਵਉੱਚ ਆਗੂ ਕਿਉਂ ਮਿਲੇ?



ਚੀਨ ਅੰਦਰ ਅਜੋਕੀ ਸ਼ੀ ਜਿਨਪਿੰਗ ਲੀਡਰਸ਼ਿਪ ਪੂਰੇ ਯਤਨਾਂ ਨਾਲ ਦੇਸ਼ ਵਾਸੀਆਂ ਨੂੰ ਭਰੋਸਾ ਦਿੰਦੀ ਵਿਖਾਈ ਦੇ ਰਹੀ ਹੈ ਕਿ ਦੇਸ਼ ਕਿਸੇ ਵੀ ਰਾਜਨੀਤਕ, ਆਰਥਿਕ, ਡਿਪਲੋਮੈਟਿਕ ਅਤੇ ਫ਼ੌਜੀ ਚੁਣੌਤੀ ਨੂੰ ਕਰਾਰਾ ਜਵਾਬ ਦੇਣ ਦੇ ਸਮਰੱਥ ਹੈ ਪਰ ਦੇਸ਼ ਦੀ ਅੰਦਰੂਨੀ ਹਾਲਤ ਲੀਡਰਸ਼ਿਪ ਦੇ ਅਜਿਹੇ ਝੂਠਾਂ ਦਾ ਪਰਦਾਫਾਸ਼ ਕਰ ਰਹੀ ਹੈ। ਲੋਕ ਬੋਲਦੇ ਸੁਣੇ ਜਾ ਰਹੇ ਹਨ 'ਵਾਈ ਕੀ ਆਂਗ, ਜੋਂਗ ਗਨ' ਭਾਵ 'ਬਾਹਰੋਂ ਮਜ਼ਬੂਤ, ਅੰਦਰੋਂ ਖੱਖੜੀ ਖੱਖੜੀ।'

ਚੀਨ ਕਰੋੜਾਂ ਗ਼ਰੀਬ, ਪੱਛੜੇ, ਕਮਜ਼ੋਰ ਤੇ ਬੇਆਵਾਜ਼ ਲੋਕਾਂ ਜੋ ਚੀਨੀ ਸੱਤਾ 'ਤੇ ਕਾਬਜ਼ ਤਾਕਤਵਰ ਲੋਕਾਂ ਅਤੇ ਰਾਜਨੀਤਕ ਸੰਗਠਨ ਅੱਗੇ ਆਵਾਜ਼ ਨਹੀਂ ਉਠਾ ਸਕਦੇ, ਉਨ੍ਹਾਂ ਦੇ ਸਹਾਰੇ ਆਪਣੇ-ਆਪ ਨੂੰ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ 'ਤੇ ਮਹਾ-ਸ਼ਕਤੀ ਦਰਸਾਉਂਦਾ ਹੈ।

ਚੀਨ ਹੀ ਨਹੀਂ, ਅਜੋਕੀ ਆਰਥਿਕ ਮੰਦਹਾਲੀ ਅਤੇ ਵਪਾਰਕ ਉਥਲ-ਪੁਥਲ ਦੇ ਦੌਰ ਵਿਚ ਅਮਰੀਕਾ, ਯੂਕੇ, ਫਰਾਂਸ, ਜਰਮਨੀ, ਕੈਨੇਡਾ, ਆਸਟ੍ਰੇਲੀਆ, ਜਾਪਾਨ, ਦੱਖਣੀ ਕੋਰੀਆ, ਦੱਖਣੀ ਅਫ਼ਰੀਕਾ, ਬ੍ਰਾਜ਼ੀਲ, ਭਾਰਤ, ਤੁਰਕੀ ਤੇ ਰੂਸ ਆਦਿ ਦੇਸ਼ ਅੰਦਰੂਨੀ ਤੌਰ 'ਤੇ ਮਾੜੇ ਹਾਲਾਤ 'ਚੋਂ ਲੰਘ ਰਹੇ ਹਨ। ਇਸ ਦੇ ਬਾਵਜੂਦ ਬਾਹਰੀ ਤੌਰ 'ਤੇ ਇਹ ਖ਼ੁਦ ਨੂੰ ਸ਼ਕਤੀਸ਼ਾਲੀ, ਸਵੈ-ਨਿਰਭਰ ਤੇ ਵਧੀਆ ਸਮਾਜਿਕ ਹਾਲਾਤ ਵਿਚ ਵਿਗਸਣ ਦਾ ਡਰਾਮਾ ਕਰ ਰਹੇ ਹਨ।

ਚੀਨ ਵਿਚ ਰੋਜ਼ਾਨਾ ਰੁਜ਼ਗਾਰ ਦੀ ਤਲਾਸ਼ ਵਿਚ ਲੋਕ ਦਰ-ਦਰ ਭਟਕਦੇ ਦਿਸ ਰਹੇ ਹਨ। ਵੱਡੇ ਪੱਧਰ 'ਤੇ ਲੋਕ ਦੋ ਵਕਤ ਦੀ ਰੋਟੀ ਲਈ ਤਰਸਦੇ ਹਨ। ਇਕ ਡਾਲਰ ਵਿਚ ਗੁਜ਼ਾਰਾ ਕਰਨ ਲਈ ਬੇਵੱਸ ਹਨ। ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ, ਖਾਣਾ, ਪਹਿਨਣਾ, ਮਨੋਰੰਜਨ ਦੇਣ ਲਈ ਜਦੋਜਹਿਦ ਕਰਦੇ ਵੇਖੇ ਜਾ ਰਹੇ ਹਨ। ਲੋਕਾਂ ਦੇ ਮਨਾਂ 'ਚੋਂ ਲਗਾਤਾਰ ਸ਼ਾਸਕਾਂ ਦੀ ਨਿਰੰਕੁਸ਼ਤਾ ਕਰਕੇ ਦੇਸ਼ ਭਗਤੀ ਤੇ ਰਾਸ਼ਟਰਵਾਦ ਦੀਆਂ ਭਾਵਨਾਵਾਂ ਮਹੱਤਵਹੀਣ ਹੁੰਦੀਆਂ ਚਲੀਆਂ ਜਾ ਰਹੀਆਂ ਹਨ। ਲੋਕ ਘਰੇਲੂ ਜੀਵਨ, ਰੁਜ਼ਗਾਰ, ਪਰਿਵਾਰਕ ਪੋਸ਼ਣ, ਬਿਮਾਰੀਆਂ ਭਰੇ ਮਾਹੌਲ ਵਿਚ ਘਿਰਦੇ ਜਾ ਰਹੇ ਹਨ। ਵਧਦੀ ਬੇਰੁਜ਼ਗਾਰੀ ਬਾਬਤ ਸੰਨ 2024 ਵਿਚ ਅੰਕੜਾ ਹੇਰਾਫੇਰੀ ਨਾਲ ਲੁਕਾਇਆ ਗਿਆ ਹੈ। ਫਿਰ ਵੀ ਤਸਵੀਰ ਚਿੰਤਾਜਨਕ ਬਣੀ ਵਿਖਾਈ ਦਿੱਤੀ। ਦੋ ਸੌ ਮਿਲੀਅਨ ਲੋਕ ਆਰਥਿਕ ਮੰਦਹਾਲੀ ਦੀ ਮੰਝਧਾਰ ਵਿਚ ਫਸੇ ਭਵਿੱਖ ਵਿਚ ਕਿਸੇ ਤਰ੍ਹਾਂ ਦੀ ਰਾਹਤ ਸਬੰਧੀ ਆਸ਼ਾ ਦੀ ਕਿਰਨ ਦੀ ਤਵੱਜੋਂ ਨਹੀਂ ਰੱਖ ਰਹੇ। ਕਾਰੋਬਾਰ ਘਾਟੇ ਵਿਚ ਜਾਣ ਜਾਂ ਖ਼ਤਮ ਹੋਣ ਕਰਕੇ ਕੀਮਤਾਂ ਵਿਚ ਵਾਧੇ ਕਾਰਨ ਰੋਜ਼ਮੱਰਾ ਦੀਆਂ ਵਸਤਾਂ ਖ਼ਰੀਦਣ ਦੀ ਸਥਿਤੀ ਵਿਚ ਨਹੀਂ ਹਨ। ਘੱਟ ਉਜਰਤਾਂ ਮਾਰੇ ਦੂਸਰੇ ਸੂਬਿਆਂ ਦੇ 300 ਮਿਲੀਅਨ ਲੋਕ ਵਾਪਸ ਕੰਮਾਂ 'ਤੇ ਪਰਤਣਾ ਨਹੀਂ ਚਾਹੁੰਦੇ।

ਹਾਲਤ ਇਹ ਬਣਦੀ ਚਲੀ ਜਾ ਰਹੀ ਹੈ ਕਿ ਮਹਿੰਗਾਈ, ਬੇਰੁਜ਼ਗਾਰੀ ਅਤੇ ਚਿੰਤਾਵਾਂ ਕਾਰਨ ਕਾਫ਼ੀ ਲੋਕ ਸ਼ਾਦੀ ਕਰਾਉਣ ਤੋਂ ਕਿਨਾਰਾ ਕਰ ਰਹੇ ਹਨ। ਜੇ ਸ਼ਾਦੀਆਂ ਕਰ ਵੀ ਲੈਂਦੇ ਹਨ ਤਾਂ ਬੱਚੇ ਨਾ ਪੈਦਾ ਕਰਨ ਦਾ ਨਿਰਣਾ ਲੈ ਰਹੇ ਹਨ। ਨਤੀਜੇ ਵਜੋਂ ਚੀਨ ਦੀ ਆਬਾਦੀ ਵਿਚ ਕਮੀ ਹੋ ਰਹੀ ਹੈ। ਇਸੇ ਕਰਕੇ ਆਬਾਦੀ ਪੱਖੋਂ ਭਾਰਤ ਉਸ ਤੋਂ ਅੱਗੇ ਨਿਕਲ ਗਿਆ ਹੈ।

ਕਮਿਊਨਿਸਟ ਚੀਨ ਵਿਚ ਕਾਰਪੋਰੇਟ ਪ੍ਰਭਾਵ ਸਦਕਾ ਅਮੀਰ ਤੇ ਗ਼ਰੀਬ ਵਿਚਾਲੇ ਪਾੜਾ ਵਧ ਰਿਹਾ ਹੈ। ਇਸੇ ਲਈ ਕਾਰੋਬਾਰ, ਪ੍ਰਸ਼ਾਸਨ ਅਤੇ ਸਨਅਤੀ ਅਦਾਰਿਆਂ ਵਿਚ ਅਸ਼ਾਂਤੀ ਪੈਦਾ ਹੋ ਰਹੀ ਹੈ। ਚੀਨ 'ਚ 15 ਤੋਂ 64 ਸਾਲ ਉਮਰ ਦੀ ਲੇਬਰ ਸ਼ਕਤੀ ਸੁੰਗੜ ਰਹੀ ਹੈ। ਸੰਨ 2030 ਤੱਕ ਸਾਲਾਨਾ ਇਸ ਦੇ 1 ਪ੍ਰਤੀਸ਼ਤ ਸੁੰਗੜਨ ਦਾ ਅਨੁਮਾਨ ਹੈ। ਕਾਮਿਆਂ ਵਿਚ ਹੁਨਰਮੰਦੀ ਘਟਣ ਕਰਕੇ ਚੀਨ ਦੀ ਕੁੱਲ ਪੈਦਾਵਾਰ ਵਿਚ 3 ਪ੍ਰਤੀਸ਼ਤ ਕਮੀ ਆਈ ਹੈ। ਰੀਅਲ ਅਸਟੇਟ ਕਾਰੋਬਾਰ ਵਿਚ ਕਮੀ ਵੇਖੀ ਗਈ ਹੈ। ਸੰਨ 2021 ਵਿਚ 1.794 ਬਿਲੀਅਨ ਵਰਗ ਮੀਟਰ ਘਰ ਵਿਕੇ। ਸੰਨ 2024 ਵਿਚ ਇਹ ਵਿਕਰੀ ਘਟ ਕੇ 947 ਮਿਲੀਅਨ ਵਰਗ ਮੀਟਰ ਰਹਿ ਗਈ। ਬੱਝਵੇਂ ਨਿਵੇਸ਼ ਵਿਚ ਕੋਵਿਡ-19 ਸਮੇਂ ਸੰਨ 2019 ਵਿਚ 13.2% ਦੀ ਕਮੀ ਵੇਖੀ ਗਈ ਜੋ 2025 ਵਿਚ 15.5 ਪ੍ਰਤੀਸ਼ਤ ਹੋ ਗਈ। ਚੀਨੀ ਆਰਥਿਕਤਾ ਵਿਚ ਖੜੋਤ ਅਤੇ ਗਿਰਾਵਟ ਮਲੇਸ਼ੀਆ ਅਤੇ ਥਾਈਲੈਂਡ ਦੇ ਅਰਥਚਾਰਿਆਂ ਦੀ ਤਰਜ਼ 'ਤੇ ਵੇਖਣ ਨੂੰ ਮਿਲ ਰਹੀ ਹੈ। ਕਰਜ਼ਾ ਆਰਥਿਕਤਾ ਦੇ ਆਕਾਰ ਨਾਲੋਂ ਵਧ ਰਿਹਾ ਹੈ ਜਦਕਿ ਅਮਰੀਕਾ ਅਤੇ ਜਾਪਾਨ ਇਸ ਤੋਂ ਬਚੇ ਹੋਏ ਹਨ। ਚੀਨ ਦਾ ਕਾਰਪੋਰੇਟ ਕਰਜ਼ਾ ਇਸ ਦੀ ਜੀਡੀਪੀ ਦਾ 131% ਹੋ ਗਿਆ ਹੈ। ਘਰੇਲੂ ਬੈਂਕ ਇਸ ਨੂੰ ਅਜੇ ਵੀ ਚਿੰਤਾਜਨਕ ਨਹੀਂ ਮੰਨ ਰਹੇ। ਲੀਅਨਪਿੰਗ ਡਾਇਰੈਕਟਰ ਚੀਨੀ ਮੁੱਖ ਆਰਥਿਕ ਫੋਰਮ ਅਨੁਸਾਰ ਚੀਨ ਦੀ ਆਰਥਿਕ ਸਥਿਤੀ ਅਨਿਸ਼ਚਿਤ ਬਣੀ ਪਈ ਹੈ। ਉਸ ਦੀ ਪ੍ਰਤੀ ਜੀਅ ਆਮਦਨ 13000 ਡਾਲਰ ਹੈ ਜੋ ਸਿਰਫ਼ ਅਮਰੀਕੀ ਪ੍ਰਤੀ ਜੀਅ ਆਮਦਨ ਦਾ 17 ਪ੍ਰਤੀਸ਼ਤ ਹੈ।

ਸਤੰਬਰ 2025 ਵਿਚ ਚੀਨੀ ਕਮਿਊਨਿਸਟ ਪਾਰਟੀ ਨੇ ਦੂਜੀ ਵੱਡੀ ਜੰਗ ਦੇ ਖ਼ਾਤਮੇ ਦੀ 80ਵੀਂ ਵਰ੍ਹੇਗੰਢ ਬੜੇ ਸ਼ਾਹਾਨਾ ਢੰਗ ਨਾਲ ਮਨਾਈ। ਇਸ ਤੋਂ ਨਾਰਾਜ਼ ਲੋਕ ਕਹਿ ਰਹੇ ਸਨ ਕਿ ਇਸ ਬੇਲੋੜੇ ਕੰਮ 'ਤੇ ਬਿਲੀਅਨ ਡਾਲਰ ਖ਼ਰਚ ਕਰਨ ਦੀ ਕੀ ਲੋੜ ਸੀ? ਇਸ ਰਕਮ ਨੂੰ ਲੋਕਾਂ ਦੀਆਂ ਰੋਜ਼ਮੱਰਾ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਖ਼ਰਚ ਕਰਨਾ ਚਾਹੀਦਾ ਸੀ।

ਚੀਨੀ ਲੋਕਾਂ ਸਾਹਮਣੇ ਜਿਨਪਿੰਗ ਸਰਕਾਰ ਤੇ ਚੀਨੀ ਆਰਥਿਕਤਾ ਦੇ ਖੋਖਲੇਪਣ ਬਾਰੇ ਸੋਸ਼ਲ ਮੀਡੀਆ ਜੋ ਸੱਚਾਈ ਪਰੋਸ ਰਿਹਾ ਹੈ, ਇਹ ਲੋਕਾਂ ਨੂੰ ਨਿਰਾਸ਼ਾ ਦੇ ਆਲਮ ਵੱਲ ਧੱਕ ਰਹੀ ਹੈ। ਇਸ ਨੂੰ ਰੋਕਣ ਲਈ ਚੀਨ ਸਰਕਾਰ ਨੇ ਸੋਸ਼ਲ ਮੀਡੀਆ ਨੂੰ ਦਬਾਉਣ ਦੀ ਮੁਹਿੰਮ ਚਲਾ ਰੱਖੀ ਹੈ ਪਰ ਇਸ ਦੇ ਹਾਂ-ਪੱਖੀ ਨਤੀਜੇ ਨਹੀਂ ਨਿਕਲ ਰਹੇ। ਲੋਕ ਇਸ ਤੋਂ ਨਾਰਾਜ਼ ਤੇ ਦੁਖੀ ਹੋ ਰਹੇ ਹਨ। ਕਮਿਊਨਿਸਟ ਪਾਰਟੀ ਜਨਤਕ ਨਾਰਾਜ਼ਗੀ ਰੋਕਣ ਲਈ ਲੋਕਾਂ ਨੂੰ ਆਪਣੀ ਉਪਜੀਵਕਾ ਕਮਾਉਣ ਲਈ ਖੁੱਲ੍ਹਾਂ ਦੇ ਰਹੀ ਹੈ, ਬਦਲੇ ਵਿਚ ਉਨ੍ਹਾਂ ਤੋਂ ਸ਼ੀ ਜਿਨਪਿੰਗ ਸ਼ਾਸਨ ਦੀ ਆਗਿਆ ਅਧੀਨ ਰਹਿਣ ਦੀ ਵਚਨਬੱਧਤਾ ਚਾਹ ਰਹੀ ਹੈ। ਪ੍ਰਸ਼ਾਸਨ ਜਿਵੇਂ ਨਿਰੰਕੁਸ਼ ਹੈ, ਉਹ ਕੀ ਅਜਿਹੀਆਂ ਖੁੱਲ੍ਹਾਂ ਦੀ ਆਗਿਆ ਦੇਵੇਗਾ? ਸਭ ਤੋਂ ਵੱਡਾ ਸਵਾਲ ਅਤੇ ਚੁਣੌਤੀ ਇਹੀ ਹੈ। ਸੰਨ 2012 ਵਿਚ ਜਦੋਂ ਜਿਨਪਿੰਗ ਨੇ ਚੀਨੀ ਕਮਿਊਨਿਸਟ ਪਾਰਟੀ ਅਤੇ ਸ਼ਾਸਨ ਦੀ ਵਾਗਡੋਰ ਸੰਭਾਲੀ ਸੀ, ਉਸ ਨੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਉਸ ਦਾ 'ਚੀਨੀ ਸੁਪਨਾ' ਹਰ ਚੀਨੀ ਨੂੰ ਖ਼ੁਸ਼ਹਾਲ ਅਤੇ ਸੁਰੱਖਿਅਤ ਜੀਵਨ ਪ੍ਰਦਾਨ ਕਰੇਗਾ। ਹੋ ਉਲਟ ਰਿਹਾ ਹੈ ਅਤੇ ਚੀਨ 'ਬੁਲਬੁਲਾ ਆਰਥਿਕਤਾ' ਵਿਚ ਧਸ ਰਿਹਾ ਹੈ।

ਜਾਪਾਨ ਦੀ ਨਵੀਂ ਪ੍ਰਧਾਨ ਮੰਤਰੀ ਤਕਾਇਚੀ ਨੇ ਸੰਸਦ 'ਚ ਚੀਨ ਵੱਲੋਂ ਤਾਇਵਾਨ 'ਤੇ ਹਮਲੇ ਨੂੰ 'ਜਾਪਾਨ ਦੀ ਹੋਂਦ' ਦਾ ਸਵਾਲ ਦਰਸਾਇਆ। ਜਾਪਾਨ ਵੱਲੋਂ ਚੀਨ ਵਿਚ ਸਿੱਧੇ 100 ਬਿਲੀਅਨ ਨਿਵੇਸ਼ ਤੇ 2024 'ਚ 292 ਬਿਲੀਅਨ ਵਪਾਰ ਤੋਂ ਵੀ ਚੀਨ ਸੰਤੁਸ਼ਟ ਨਹੀਂ। ਉਸ ਦੀ ਅੱਖ ਜਾਪਾਨੀ ਸੈਨਕਾਕੂ ਜਜ਼ੀਰਿਆਂ 'ਤੇ ਹੈ। ਇਨ੍ਹਾਂ ਨੂੰ ਲੈ ਕੇ ਚੀਨ ਤੇ ਜਾਪਾਨ 'ਚ 19ਵੀਂ ਸਦੀ ਦੀ ਯੂਕੇ ਤੇ ਫਰਾਂਸ ਵਾਂਗ ਦੁਸ਼ਮਣੀ ਖ਼ਤਰਨਾਕ ਪੜਾਅ ਵੱਲ ਵਧ ਰਹੀ ਹੈ। ਅੰਦਰੂਨੀ ਆਰਥਿਕ ਮੰਦਹਾਲੀ ਕਰਕੇ ਜਨਤਕ ਵਿਰੋਧ ਪੈਦਾ ਹੋਣ ਤੋਂ ਰੋਕਣ ਲਈ ਚੀਨ ਹੁਣ ਭਾਰਤ, ਰੂਸ, ਜਾਪਾਨ, ਫਿਲਪੀਨ ਵੱਲੋਂ ਦੱਬੇ ਇਲਾਕੇ ਛੁਡਾਉਣ ਦੇ ਦਮਗਜੇ ਮਾਰਨ ਲੱਗ ਪਿਆ ਹੈ। ਸੰਨ 2020 ਵਿਚ ਗਲਵਾਨ ਵਾਦੀ ਟਕਰਾਅ ਕਰਕੇ ਭਾਰਤ-ਚੀਨ ਰਿਸ਼ਤੇ ਪੰਜ ਸਾਲ ਠੱਪ ਰਹੇ ਸਨ। ਜੇ ਚੀਨ ਅੰਦਰੂਨੀ ਜਨਤਕ ਅਸੰਤੁਸ਼ਟੀ ਰੋਕਣ ਲਈ ਗੁਆਂਢੀ ਦੇਸ਼ਾਂ ਨਾਲ ਫ਼ੌਜੀ ਟਕਰਾਅ ਚੁਣਦਾ ਹੈ ਤਾਂ ਇਹ ਏਸ਼ੀਆ 'ਚ ਬਹੁਤ ਦੁਖਦਾਈ ਸਾਬਿਤ ਹੋਵੇਗਾ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਭੁਪਿੰਦਰ ਸਿੰਘ ਪਦਮ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਜਸਵੀਰ ਸਿੰਘ ਤੱਖਰ
(19) ਸੁਖਵਿੰਦਰ ਭੇਲਾ
(20) ਰਵਿੰਦਰ ਪਾਲ
(21) ਅਟਾਰਨੀ ਤਨਵੀਰ ਜੋਸ਼ੀ
(22) ਰੋਜ਼ੀ ਕਮਲ ਕੌਰ
(23) ਦਵਿੰਦਰ ਸਿੰਘ ਪਾਬਲਾ

# ਨਹੀਂ ਰੀਸਾਂ ਪੰਜਾਬ ਦੀ ਵਿਰਾਸਤ ਦੀਆਂ

ਡਾ. ਅਮਰਜੀਤ ਟਾਂਡਾ

ਪੰਜਾਬ ਦੀਆਂ ਰੀਸਾਂ ਕਰਨਾ ਕਿਸੇ ਹੋਰ ਧਰਤੀ ਲਈ ਸੰਭਵ ਨਹੀਂ। ਇਸ ਮਿੱਟੀ ਦੇ ਰੰਗਾਂ, ਸੁਗੰਧਾਂ, ਬੋਲ-ਬਾਣੀ ਅਤੇ ਜੀਵਨ ਢੰਗ ਵਿੱਚ ਇੱਕ ਅਜਿਹਾ ਖਿਚਾਅ ਹੈ ਜੋ ਕਿਤੇ ਹੋਰ ਨਹੀਂ ਮਿਲਦਾ। ਪੰਜਾਬ ਸਿਰਫ਼ ਇੱਕ ਭੂਗੋਲਕ ਖੇਤਰ ਨਹੀਂ, ਸਗੋਂ ਇੱਕ ਜੀਵਨ-ਦਰਸ਼ਨ ਹੈ-ਖੁੱਲ੍ਹ ਦਿਲੀ, ਮਿਹਮਾਨ-ਨਿਵਾਜ਼ੀ ਤੇ ਬੇਮਿਸਾਲ ਹੌਸਲੇ ਦਾ ਪ੍ਰਤੀਕ ਹੈ।

ਪੰਜਾਬੀ ਵਿਰਾਸਤ ਵਿੱਚ ਗਿੱਧਾ ਤੇ ਭੰਗੜਾ ਐਵੇਂ ਹੀ ਨਹੀਂ ਗੂੰਜਦੇ, ਇਹ ਇੱਥੋਂ ਦੀ ਮਿੱਟੀ ਦੀ ਧੜਕਣ ਹਨ। ਇੱਥੋਂ ਦੇ ਤਿਉਹਾਰ ਲੋਹੜੀ, ਵਿਸਾਖੀ, ਤੀਜ ਸਿਰਫ਼ ਰਿਵਾਜ ਨਹੀਂ ਸਗੋਂ ਜ਼ਿੰਦਗੀ ਦੇ ਰਾਗ ਹਨ। ਹਰ ਗਲੀ-ਮੁਹੱਲੇ ਦਾ ਰੰਗ, ਹਰ ਧੁਨ ਤੇ ਹਰ ਰਸਮ ਵਿੱਚ ਅਜਿਹੀ ਰੂਹਾਨੀ ਤਾਜ਼ਗੀ ਹੈ ਜੋ ਕਿਸੇ ਹੋਰ ਸੱਭਿਆਚਾਰ ਨਾਲ ਤੁਲਨਾ ਨਹੀਂ ਕਰ ਸਕਦਾ। ਪੰਜਾਬੀ ਸੁਭਾਅ ਦੀ ਸਭ ਤੋਂ ਵੱਡੀ ਖਾਸੀਅਤ ਹੈ ਉਸ ਦੀ ਖੁੱਲ੍ਹ-ਦਿਲੀ। ਪੰਜਾਬੀ ਹਰ ਵੇਲੇ ਵੰਡਣ ਤੇ ਜਿਉਣ ਵਿੱਚ ਵਿਸ਼ਵਾਸ ਰੱਖਦੇ ਹਨ। ਕਿਸੇ ਦੇ ਨਾਲ ਰੋਟੀ-ਸਾਂਝਾ ਕਰਨਾ ਜਾਂ ਬਾਹਰੋਂ ਆਏ ਨੂੰ ਘਰ ਵਿੱਚ ਬਿਠਾਉਣਾ, ਇਹ ਰਿਵਾਜ ਹੀ ਨਹੀਂ ਸਗੋਂ ਰਗਾਂ ਵਿੱਚ ਵਗਦੇ ਖ਼ੂਨ ਦੇ ਸੁਭਾਅ ਦਾ ਹਿੱਸਾ ਹੈ। ਪੰਜਾਬ ਮਿਹਨਤੀ ਕਿਸਾਨਾਂ ਦੀ ਧਰਤੀ ਹੈ। ਹਲ਼ ਜੋਤਦਾ ਕਿਸਾਨ ਸਿਰਫ਼ ਅੰਨ ਹੀ ਨਹੀਂ ਪੈਦਾ ਕਰਦਾ, ਸਗੋਂ ਰੋਜ਼ਮਰਾ ਦੀ ਜ਼ਿੰਦਗੀ ਲਈ ਆਸ ਤੇ ਭਰੋਸਾ ਵੀ ਬੀਜਦਾ ਹੈ। ਇਹੋ ਕਾਰਨ ਹੈ ਕਿ ਪੰਜਾਬ ਦੀ ਚੋਖੀ ਧਰਤੀ ਨੂੰ 'ਭਾਰਤ ਦੀ ਅੰਨ ਟੋਕਰੀ' ਕਿਹਾ ਜਾਂਦਾ ਹੈ।



ਚਾਹੇ ਗੱਲ ਹੋਏ ਹਲ਼ ਚਲਾਉਣ ਦੀ, ਯੁੱਧ ਭੂਮੀ ਵਿੱਚ ਖੜ੍ਹਨ ਦੀ ਜਾਂ ਵਿਦੇਸ਼ਾਂ ਵਿੱਚ ਨਵੀਂ ਰਾਹ ਬਣਾਉਣ ਦੀ ਪੰਜਾਬੀ ਹਮੇਸ਼ਾਂ ਅੱਗੇ ਰਹੇ ਹਨ। ਮੁਸੀਬਤਾਂ ਆਉਣ 'ਤੇ ਅਡਿੱਗ ਰਹਿਣਾ ਤੇ ਖੁਸ਼ਮਿਜਾਜ਼ੀ ਨਾਲ ਜੀਵਨ ਜਿਉਣਾ ਪੰਜਾਬੀ ਮਨੁੱਖ ਦੀ ਸਭ ਤੋਂ ਵੱਡੀ ਪਛਾਣ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਪੰਜਾਬ ਦੀਆਂ ਰੀਸਾਂ ਕਰਨਾ ਕਿਸੇ ਹੋਰ ਲਈ ਸੰਭਵ ਨਹੀਂ। ਇਹ ਧਰਤੀ ਆਪਣੇ ਆਪ ਵਿੱਚ ਇੱਕ ਚਮਤਕਾਰ ਹੈ, ਜਿੱਥੇ ਰਾਗ, ਰੰਗ, ਮੌਜ ਤੇ ਮਿਲਾਪ ਹੀ ਜੀਵਨ ਦਾ ਅਸਲ ਸਿਰਜਣਹਾਰ ਬਣਦੇ ਹਨ।

ਪੰਜਾਬ ਦੀਆਂ ਰੀਸਾਂ ਕੋਈ ਨਹੀਂ ਕਰ ਸਕਦਾ ਕਿਉਂਕਿ ਇਸ ਧਰਤੀ ਦੀ ਵਡਿਆਈ ਹਰ ਪੱਖੋਂ ਬੇਮਿਸਾਲ ਹੈ। ਪੰਜਾਬ ਸਿਰਫ਼ ਇੱਕ ਸੂਬਾ ਨਹੀਂ, ਸਗੋਂ ਸੱਭਿਆਚਾਰ, ਪਿਆਰ ਤੇ ਹੌਸਲੇ ਦਾ ਅਜਿਹਾ ਚਿਰਾਗ ਹੈ ਜੋ ਸੰਸਾਰ ਦੇ ਕਿਸੇ ਹੋਰ ਹਿੱਸੇ ਵਿੱਚ ਨਹੀਂ ਜਲਦਾ। ਜਿਸ ਮਿੱਟੀ ਨੇ ਗੁਰੂਆਂ ਦੀ ਬਾਣੀ ਰਚੀ, ਜਿੱਥੇ ਸੂਰਮੇ ਜਨਮੇ, ਜਿੱਥੇ ਖੁੱਲ੍ਹੇ ਹੱਥ ਨਾਲ ਲੰਗਰ ਵੰਡੇ ਜਾਂਦੇ ਹਨ, ਉੱਥੋਂ ਦੀ ਬਰਾਬਰੀ ਕਰਨਾ ਕਿਸੇ ਲਈ ਵੀ ਆਸਾਨ ਨਹੀਂ।

ਪੰਜਾਬ ਦੇ ਲੋਕ-ਨਾਚ, ਗੀਤ ਅਤੇ ਮੇਲੇ-ਤਿਉਹਾਰ ਲੋਕਾਂ ਦੇ ਰੂਹਾਨੀ ਸੁਭਾਅ ਨੂੰ ਦਰਸਾਉਂਦੇ ਹਨ। ਭੰਗੜਾ ਸਿਰਫ਼ ਨਾਚ ਨਹੀਂ, ਖ਼ੁਸ਼ੀ ਦਾ ਧਮਾਕਾ ਹੈ। ਗਿੱਧਾ ਸਿਰਫ਼ ਔਰਤਾਂ ਦਾ ਨਾਚ ਨਹੀਂ, ਸਗੋਂ ਉਨ੍ਹਾਂ ਦੀ ਖੁੱਲ੍ਹੀ ਅਪਣੱਤ ਅਤੇ ਉਤਸ਼ਾਹ ਦਾ ਪ੍ਰਗਟਾਵਾ ਹੈ। ਇਨ੍ਹਾਂ ਵਿੱਚ ਜੋ ਸਾਦਗੀ ਹੈ, ਉਹ ਕਿਸੇ ਹੋਰ ਜਗ੍ਹਾ ਲੱਭਣੀ ਮੁਸ਼ਕਲ ਹੈ।

ਪੰਜਾਬੀ ਬੰਦੇ ਆਪਣੀ ਖੁੱਲ੍ਹ-ਦਿਲੀ ਲਈ ਮਸ਼ਹੂਰ ਹਨ। ਗ਼ਰੀਬ ਜਾਂ ਅਮੀਰ ਹੋਵੋ, ਹਰ ਕੋਲੋਂ ਤੁਹਾਨੂੰ ਚਾਹ ਦਾ ਪਿਆਰ ਜ਼ਰੂਰ ਮਿਲੇਗਾ। ਪੰਜਾਬ ਨੇ ਸੰਸਾਰ ਨੂੰ ਦੱਸਿਆ ਹੈ ਕਿ ਕਿਸਾਨ ਦੀ ਮਿਹਨਤ ਨਾਲ ਕਿਸ ਤਰ੍ਹਾਂ ਮਿੱਟੀ ਸੋਨਾ ਉਗਲਦੀ ਹੈ। ਇਸੇ ਧਰਤੀ ਨੇ ਸ਼ਹੀਦਾਂ ਨੂੰ ਜਨਮ ਦਿੱਤਾ ਜੋ ਦੇਸ਼ ਦੀ ਆਜ਼ਾਦੀ ਤੇ ਇੱਜ਼ਤ ਲਈ ਹੱਸਦੇ-ਹੱਸਦੇ ਕੁਰਬਾਨ ਹੋ ਗਏ। ਇਸੇ ਕਾਰਨ ਪੰਜਾਬੀ ਹੌਸਲੇ ਦੀ ਮਿਸਾਲ ਹਨ। ਜਿੱਥੇ ਵੀ ਪੰਜਾਬੀ ਜਾਂਦਾ ਹੈ, ਆਪਣੀ ਖ਼ੁਸ਼ੀ ਤੇ ਮਹਿਮਾਨ-ਨਿਵਾਜ਼ੀ ਨਾਲ ਉਸ ਥਾਂ ਨੂੰ ਪੰਜਾਬ ਹੀ ਬਣਾ ਲੈਂਦਾ ਹੈ। ਚਾਹੇ ਕੈਨੇਡਾ ਹੋਵੇ, ਆਸਟਰੇਲੀਆ ਜਾਂ ਇੰਗਲੈਂਡ ਪੰਜਾਬੀ ਮੇਲੇ, ਗੁਰਦੁਆਰੇ ਤੇ ਰਹਿਤ ਮਰਿਆਦਾ ਅਤੇ ਰਿਵਾਜ ਹਰ ਜਗ੍ਹਾ ਆਪਣੀ ਵੱਖਰੀ ਪਛਾਣ ਬਣਾਉਂਦੇ ਹਨ। ਫਿਰ ਵੀ, ਉਹ ਮੂਲ ਪੰਜਾਬ ਨਾਲੋਂ ਕਿਤੇ ਘੱਟ ਹੀ ਲੱਗਦੇ ਹਨ ਕਿਉਂਕਿ ਮਿੱਟੀ ਦੀ ਸੁਗੰਧ ਕਿਸੇ ਹੋਰ ਦੇਸ਼ ਵਿੱਚ ਨਹੀਂ ਮਿਲਦੀ। ਇਸੇ ਲਈ ਕਹਿਣਾ ਠੀਕ ਹੈ ਕਿ ਪੰਜਾਬ ਦੀਆਂ ਰੀਸਾਂ ਕੋਈ ਨਹੀਂ ਕਰ ਸਕਦਾ। ਇਹ ਧਰਤੀ ਪਿਆਰ ਦਾ ਦਰਿਆ ਹੈ, ਹੌਸਲੇ ਦਾ ਚਿਰਾਗ ਹੈ ਅਤੇ ਖੁੱਲ੍ਹੇ ਦਿਲ ਦੀ ਬੇਮਿਸਾਲ ਉਦਾਹਰਨ ਹੈ। ਪੰਜਾਬ ਨਾਮ ਹੀ ਜਦੋਂ ਲਿਆ ਜਾਂਦਾ ਹੈ ਤਾਂ ਸਾਡੇ ਦਿਲਾਂ ਵਿੱਚ ਇੱਕ ਅਜਿਹਾ ਸੁਰਤਰੰਗ ਖਿੜਦਾ ਹੈ ਜੋ ਕਿਸੇ ਹੋਰ ਜਗ੍ਹਾ ਦੇ ਨਾਲ ਤੁਲਨਾ ਨਹੀਂ ਕਰਦਾ। ਪੰਜਾਬ ਸਿਰਫ਼ ਭੂਗੋਲਕ ਖੇਤਰ ਨਹੀਂ, ਸਗੋਂ ਇੱਕ ਜੀਵਨ-ਦਰਸ਼ਨ ਹੈ, ਜਿਸ ਦੀ ਰੂਹ ਵਿੱਚ ਖੁੱਲ੍ਹ-ਦਿਲੀ, ਮਹਿਮਾਨ-ਨਿਵਾਜ਼ੀ, ਮਿਹਨਤ, ਸੱਭਿਆਚਾਰ ਅਤੇ ਰਿਵਾਜਾਂ ਦਾ ਬੇਮਿਸਾਲ ਮਿਲਾਪ ਹੈ।

ਪੰਜਾਬੀ ਸੱਭਿਆਚਾਰ ਇੱਕ ਅਜਿਹਾ ਸੰਗੀਤਮਈ ਅਤੇ ਰੰਗੀਲਾ ਜਹਾਨ ਹੈ ਜਿੱਥੇ ਹਰ ਤਿਉਹਾਰ, ਹਰ ਰਿਵਾਜ ਇੱਕ ਕਹਾਣੀ ਸੁਣਾਉਂਦਾ ਹੈ। ਝੂਮਦੇ ਗੀਤ, ਧਮਾਕੇਦਾਰ ਭੰਗੜਾ ਤੇ ਗਿੱਧਾ ਜੋ ਔਰਤਾਂ ਦੀ ਸ਼ਕਤੀ ਅਤੇ ਖ਼ੁਸ਼ੀ ਨੂੰ ਦਰਸਾਉਂਦਾ ਹੈ, ਇਹ ਸਭ ਕੁਝ ਪੰਜਾਬੀ ਹਮਦਰਦੀ ਅਤੇ ਮਨੁੱਖਤਾ ਨੂੰ ਪ੍ਰਗਟ ਕਰਦਾ ਹੈ। ਲੋਹੜੀ 'ਤੇ ਮੱਖਣ ਵਾਲੀ ਲੱਸੀ ਪੀਣਾ ਅਤੇ ਲੋਹੜੀ ਬਾਲ਼ ਕੇ ਗਿੱਧਾ ਪਾਉਣਾ, ਇਹ ਸਭ ਕੁਝ ਪੰਜਾਬੀ ਮਿੱਟੀ ਦੀ ਖੁਸ਼ਬੂ ਹੈ ਜੋ ਦੁਨੀਆ ਵਿੱਚ ਨਹੀਂ ਮਿਲਦੀ। ਇਹੋ ਇਸ ਸੱਭਿਆਚਾਰ ਦਾ ਅਨੋਖਾਪਣ ਹੈ ਜੋ ਪੰਜਾਬ ਨੂੰ ਦੁਨੀਆ ਦੇ ਹੋਰ ਹਿੱਸਿਆਂ ਤੋਂ ਵੱਖਰਾ ਬਣਾ ਦਿੰਦਾ ਹੈ। ਪੰਜਾਬੀ ਮਨੁੱਖ ਦੀ ਖਾਸੀਅਤ ਹੈ ਉਸ ਦੀ ਬੇਹੱਦ ਖੁੱਲ੍ਹ-ਦਿਲੀ। ਜਿੱਥੇ ਹੋਰ ਥਾਂ ਦੇ ਲੋਕ ਅਕਸਰ ਆਪਣੇ ਹੀ ਦਾਇਰੇ ਵਿੱਚ ਰੁਕੇ ਰਹਿੰਦੇ ਹਨ, ਪੰਜਾਬੀ ਹਮੇਸ਼ਾਂ ਦਿਲ ਖੋਲ੍ਹ ਕੇ ਦੁਨੀਆ ਨੂੰ ਬੁਲਾਉਂਦੇ ਹਨ। ਇੱਥੇ ਇੱਕ ਗ਼ੈਰ ਮਨੁੱਖ ਨੂੰ ਵੀ ਘਰ ਵਾਂਗ ਸਤਿਕਾਰ ਮਿਲਦਾ ਹੈ। ਸਿੱਖਾਂ ਦੇ ਲੰਗਰ ਦੀ ਪ੍ਰਥਾ ਮਹਾਨਤਾ ਦੀ ਮਿਸਾਲ ਹੈ ਜੋ ਹਰ ਪਾਸੇ ਖੁੱਲ੍ਹ ਦਿਲੀ ਅਤੇ ਮਨੁੱਖਤਾ ਦਾ ਸੱਦਾ ਦਿੰਦੀ ਹੈ। ਅੰਨ ਦੇ ਨਾਲ-ਨਾਲ ਖ਼ੁਸ਼ੀ ਅਤੇ ਪਿਆਰ ਵੀ ਵੰਡਿਆ ਜਾਂਦਾ ਹੈ। ਇਸ ਖੁੱਲ੍ਹ-ਦਿਲੀ ਅਤੇ ਮਹਿਮਾਨ-ਨਿਵਾਜ਼ੀ ਨੇ ਸਦੀਆਂ ਤੋਂ ਪੰਜਾਬ ਨੂੰ ਇੱਕ ਅਜਿਹੀ ਧਰਤੀ ਬਣਾਇਆ ਹੈ ਜੋ ਕਿਸੇ ਹੋਰ ਸੱਭਿਆਚਾਰ ਜਾਂ ਦੇਸ਼ ਨਾਲੋਂ ਬਹੁਤ ਵੱਖਰੀ ਤੇ ਅਦਭੁੱਤ ਹੈ।

ਪੰਜਾਬੀ ਨਿਰਸੰਦੇਹ ਆਪਣੇ ਹੌਸਲੇ ਅਤੇ ਮਜ਼ਬੂਤੀ ਲਈ ਪਛਾਣੇ ਜਾਂਦੇ ਹਨ। ਇੱਥੋਂ ਦੀ ਜ਼ਮੀਨ ਨੇ ਸੂਰਮਿਆਂ ਨੂੰ ਜਨਮ ਦਿੱਤਾ ਜੋ ਜੰਗਾਂ ਜਿੱਤ ਕੇ ਜਾਂ ਸੱਚਾਈ ਲਈ ਕੁਰਬਾਨ ਹੋ ਕੇ ਇਤਿਹਾਸ ਬਣਾ ਚੁੱਕੇ ਹਨ। ਇਹੀ ਹੌਸਲਾ ਪੰਜਾਬੀ ਦੀ ਸਭ ਤੋਂ ਵੱਡੀ ਵਿਰਾਸਤ ਹੈ।

ਚਾਹੇ ਪੈਰਾਂ ਹੇਠ ਧਰਤੀ ਹੋਵੇ ਜਾਂ ਦਿਮਾਗ਼ ਵਿੱਚ ਖ਼ੁਆਬ, ਪੰਜਾਬੀ ਹਰ ਮੌਕੇ 'ਤੇ ਮਜ਼ਬੂਤੀ ਨਾਲ ਜੂਝਦਾ ਹੈ। ਸਾਡੇ ਇੱਥੇ ਕਿਸੇ ਨੂੰ ਹਾਰ ਮੰਨਣ ਦੀ ਆਦਤ ਨਹੀਂ। ਹੌਸਲੇ ਅਤੇ ਹਿੰਮਤ ਦਾ ਇਹ ਸੁਮੇਲ ਇਸ ਧਰਤੀ ਨੂੰ ਬੇਮਿਸਾਲ ਬਣਾਉਂਦਾ ਹੈ।





'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: **510-938-7771** **shaadi@pardestimes.com**

### ਵਰ ਦੀ ਲੋੜ

ਸਿੱਖ ਵੈਸ਼ਨੋ ਲੜਕੀ, ਅਮਰੀਕਾ ਦਾ ਗ੍ਰੀਨ ਪਰਮਿਟ, 34 ਸਾਲ ਉਮਰ, ਕੱਦ 5 ਫੁੱਟ 2 ਇੰਚ, ਕੈਲੇਫੋਰਨੀਆ ਵਾਸੀ ਲਈ ਪ੍ਰੋਫੈਸ਼ਨਲ ਖੇਤਰ ਦੇ ਲੜਕੇ ਦੀ ਲੋੜ ਹੈ। ਨਾਗਰਿਕ ਨੂੰ ਤਰਜੀਹ। ਜਾਤੀ ਦਾ ਫਰਕ ਨਹੀਂ। ਸੰਪਰਕ ਕਰੋ: 916-579-1475

### ਲੜਕੀ ਦੀ ਲੋੜ

ਗੁਰਸਿੱਖ ਰਾਮਗੜ੍ਹੀਆ ਲੜਕਾ ਦਿਲਸ਼ੇਰ ਸਿੰਘ (SAHNS), ਜਨਮ ਸਤੰਬਰ 1994, ਨਾਨਕਿਆਂ ਦਾ ਗੋਤ ਮਠਾਰੂ, ਕੱਦ 5 ਫੁੱਟ 10 ਇੰਚ, ਅਮਰੀਕੀ ਨਾਗਰਿਕ, BACHELOR OR SCIENCE IN MECHANICAL ENGINEERING MANAGEME ਦੀ ਸਿੱਖਿਆ ਪ੍ਰਾਪਤ, ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ: singhkulwant4434@yahoo.com

### ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Biochemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

### ਲੜਕੀ ਦੀ ਲੋੜ

27 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 510-434-4263

### ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

### ਵਰ ਦੀ ਲੋੜ

36 ਸਾਲਾ, ਤਲਾਕਸ਼ੁਦਾ, ਚੰਡੀਗੜ੍ਹ ਦੀ ਰਹਿਣ ਵਾਲੀ, (ਨਾਂ ਅਮਨਪ੍ਰੀਤ ਕੌਰ) ਮਾਪੇ ਕੈਲੇਫੋਰਨੀਆ ਰਹਿ ਰਹੇ ਹਨ, ਲਈ ਪੜ੍ਹਿਆ-ਲਿਖਿਆ, ਅਮਰੀਕਾ ਸੈਟਲਡ, ਸਿਗਰਟਨੋਸ਼ੀ ਤੋਂ ਦੂਰ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ: ਵਟਸਐਪ 91-79734-381880, +1 (408) 422, 8585 (ਵਟਸਐਪ)


## ਬਿਕਰਮ ਮਜੀਠੀਆ ਦੀਆਂ ਮੁਸਕਿਲਾਂ ਵਧੀਆਂ, ਹਾਈ ਕੋਰਟ ਵੱਲੋਂ ਜ਼ਮਾਨਤ ਰੱਦ

ਚੰਡੀਗੜ੍ਹ- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ




ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਪੰਜਾਬ ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ 25 ਜੂਨ ਨੂੰ 540 ਕਰੋੜ ਰੁਪਏ ਦੀ 'ਡਰੱਗ ਮਨੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਗ੍ਰਿਫ਼ਤਾਰ ਕੀਤਾ ਸੀ।

ਵਿਸ਼ੇਸ਼ ਸਰਕਾਰੀ ਵਕੀਲ ਫੈਰੀ ਸੋਫਤ ਨੇ ਇਥੇ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਸਟਿਸ ਤ੍ਰਿਭੁਵਨ ਦਹੀਆ ਦੀ ਕੋਰਟ ਨੇ ਮਜੀਠੀਆ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ। ਇਸ ਤੋਂ ਪਹਿਲਾਂ ਮੁਹਾਲੀ ਦੀ ਇੱਕ ਅਦਾਲਤ ਨੇ ਮਜੀਠੀਆ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ। ਮਜੀਠੀਆ ਇਸ ਵੇਲੇ ਪਟਿਆਲਾ ਦੀ ਨਵੀਂ ਨਾਭਾ ਜੇਲ੍ਹ ਵਿੱਚ ਬੰਦ ਹੈ। ਮਜੀਠੀਆ ਨੇ ਆਪਣੇ ਖਿਲਾਫ਼ ਇਸ ਕੇਸ ਨੂੰ ਸਿਆਸੀ ਬਦਲਾਖੋਰੀ ਦੀ ਕਾਰਵਾਈ ਦੱਸਿਆ ਹੈ।

ਮਜੀਠੀਆ ਖਿਲਾਫ਼ 2021 ਵਿੱਚ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸ (ਐਨਡੀਪੀ-ਐਸ) ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਹ ਕਾਰਵਾਈ ਨਸ਼ਾ ਵਿਰੋਧੀ ਵਿਸ਼ੇਸ਼ ਟਾਸਕ ਫੋਰਸ ਦੀ 2018 ਦੀ ਰਿਪੋਰਟ ਦੇ ਅਧਾਰ 'ਤੇ ਕੀਤੀ ਗਈ ਸੀ। ਵਿਜੀਲੈਂਸ ਬਿਊਰੋ ਦਾ ਦਾਅਵਾ ਹੈ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ 540 ਕਰੋੜ ਰੁਪਏ ਤੋਂ ਵੱਧ "ਡਰੱਗ ਮਨੀ" ਨੂੰ ਕਈ ਤਰੀਕਿਆਂ ਨਾਲ ਮਨੀਲਾਂਡਰ ਕੀਤਾ ਗਿਆ ਸੀ।

ਐਫਆਈਆਰ ਤੋਂ ਬਾਅਦ ਵਿਜੀਲੈਂਸ ਬਿਊਰੋ ਨੇ ਡੀਏ ਮਾਮਲੇ ਵਿੱਚ 40,000 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ।

## ਕਾਂਗਰਸੀ ਨੇਤਾ ਸ਼ਿਵਰਾਜ ਪਾਟਿਲ ਦਾ ਦੇਹਾਂਤ



ਨਵੀਂ ਦਿੱਲੀ: ਸੀਨੀਅਰ ਕਾਂਗਰਸੀ ਨੇਤਾ ਅਤੇ ਸਾਬਕਾ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ 91 ਸਾਲ ਦੀ ਉਮਰ ਵਿੱਚ ਲਾਤੂਰ ਵਿੱਚ ਆਖਰੀ ਸਾਹ ਲਿਆ। ਸ਼ਿਵਰਾਜ ਪਾਟਿਲ ਚਕੁਰਕਰ ਲੋਕ ਸਭਾ ਦੇ ਸਪੀਕਰ ਵਜੋਂ ਸੇਵਾ ਨਿਭਾ ਚੁੱਕੇ ਹਨ ਅਤੇ ਕਈ ਕੇਂਦਰੀ ਮੰਤਰੀ ਅਹੁਦੇ ਸੰਭਾਲੇ ਹਨ। ਲੰਬੀ ਬਿਮਾਰੀ ਕਾਰਨ ਉਨ੍ਹਾਂ ਦਾ ਘਰ ਵਿੱਚ ਹੀ ਇਲਾਜ ਚੱਲ ਰਿਹਾ ਸੀ।

# ਤੁਹਾਡਾ ਮੋਬਾਈਲ ਕਿਵੇਂ ਤੁਹਾਡੀ ਨਿੱਜੀ ਜਾਣਕਾਰੀ ਚੋਰੀ ਕਰ ਸਕਦਾ ਹੈ




ਭਾਰਤ ਸਰਕਾਰ ਨੇ ਹਾਲ ਹੀ ਵਿੱਚ ਇਹ ਨਿਰਦੇਸ਼ ਦਿੱਤਾ ਸੀ ਕਿ ਸੰਚਾਰ ਸਾਥੀ ਐਪ ਮਾਰਚ 2026 ਤੋਂ ਹਰ ਨਵੇਂ ਸਮਾਰਟਫੋਨ 'ਤੇ ਪਹਿਲਾਂ ਤੋਂ ਇੰਸਟਾਲ (ਪ੍ਰੀ-ਇੰਸਟਾਲ) ਹੋਵੇਗੀ। ਨਾਲ ਹੀ ਇੱਕ ਸਾਫਟਵੇਅਰ ਅਪਡੇਟ ਰਾਹੀਂ ਇਸਨੂੰ ਪੁਰਾਣੇ ਫੋਨਾਂ 'ਚ ਵੀ ਪਹੁੰਚਾਇਆ ਜਾਵੇਗਾ। ਵਿਰੋਧੀ ਧਿਰ ਨੇ ਸੰਚਾਰ ਸਾਥੀ ਐਪ ਨੂੰ ਗੈਰ-ਸੰਵਿਧਾਨਕ ਅਤੇ ਨਾਗਰਿਕਾਂ ਦੀ ਨਿਗਰਾਨੀ ਦਾ ਟੂਲ ਕਿਹਾ, ਜਿਸ ਤੋਂ ਬਾਅਦ ਇਸ 'ਤੇ ਬਹਿਸ ਛਿੜ ਗਈ।

ਹਾਲਾਂਕਿ, ਕੇਂਦਰ ਸਰਕਾਰ ਨੇ ਸੰਚਾਰ ਸਾਥੀ ਐਪ ਨੂੰ ਲਾਜ਼ਮੀ ਤੌਰ 'ਤੇ ਪ੍ਰੀ-ਇੰਸਟਾਲ ਕਰਨ ਦੇ ਆਪਣੇ ਫੈਸਲੇ ਨੂੰ ਵਾਪਸ ਲੈ ਲਿਆ ਹੈ। ਸੰਚਾਰ ਮੰਤਰਾਲੇ ਨੇ ਇੱਕ ਪ੍ਰੈਸ ਰਿਲੀਜ਼ ਜਾਰੀ ਕਰਕੇ ਇਸਦੀ ਜਾਣਕਾਰੀ ਦਿੱਤੀ ਹੈ। ਪਰ ਕੀ ਤੁਹਾਡੇ ਮੋਬਾਈਲ ਫੋਨ 'ਤੇ ਅਜਿਹੀਆਂ ਐਪਸ ਹੋ ਸਕਦੀਆਂ ਹਨ ਜੋ ਅਸਲ ਵਿੱਚ ਤੁਹਾਡੀ ਨਿਗਰਾਨੀ ਕਰ ਰਹੀਆਂ ਹਨ ਅਤੇ ਤੁਹਾਡਾ ਨਿੱਜੀ ਡੇਟਾ ਚੋਰੀ ਕਰ ਰਹੀਆਂ ਹਨ? ਅਜਿਹੇ ਵਿੱਚ ਤੁਸੀਂ ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਰੱਖ ਸਕਦੇ ਹੋ?

**ਐਪਸ ਸਾਡਾ ਡੇਟਾ ਕਿਵੇਂ ਲੈਂਦੀਆਂ ਹਨ?**

ਸਾਈਬਰ ਮਾਹਰ ਅਤੇ ਸੁਪਰੀਮ ਕੋਰਟ ਦੇ ਵਕੀਲ ਵਿਰਾਗ ਗੁਪਤਾ ਕਹਿੰਦੇ ਹਨ, "ਐਪ ਸਾਡੇ ਡੇਟਾ ਨੂੰ ਸਿੱਧੇ ਅਤੇ ਅਸਿੱਧੇ ਤੌਰ 'ਤੇ ਦੋਵੇਂ ਤਰੀਕਿਆਂ ਨਾਲ ਇਕੱਠਾ ਕਰਦੀਆਂ ਹਨ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਸਾਡੀ ਲੋਕੇਸ਼ਨ, ਸੰਪਰਕ ਸੂਚੀ (ਕੰਨਟੈਕਟ ਲਿਸਟ), ਕੈਮਰਾ, ਕਾਲ ਲੌਗਸ, ਫੋਟੋਆਂ, ਸਿਹਤ ਡੇਟਾ, ਸੁਨੇਹੇ ਅਤੇ ਮਾਈਕ੍ਰੋਫੋਨ ਸ਼ਾਮਲ ਹਨ।" ਵਿਰਾਗ ਗੁਪਤਾ ਦੱਸਦੇ ਹਨ, "ਡਿਜੀਟਲ ਅਰਥਵਿਵਸਥਾ ਵਿੱਚ ਡੇਟਾ ਦੀ ਜਾਣਕਾਰੀ ਅਤੇ ਸ਼ੇਅਰਿੰਗ ਦੇ ਅਧਾਰ 'ਤੇ ਗਾਹਕ ਹੀ ਉਤਪਾਦ (ਪ੍ਰੋਡਕਟ) ਬਣ ਗਿਆ ਹੈ। ਇਸ ਲਈ, ਇਸ ਡੇਟਾ ਨੂੰ ਸਾਂਝਾ ਕਰਨਾ ਕੰਪਨੀਆਂ ਲਈ ਬਹੁਤ ਮਹੱਤਵਪੂਰਨ ਅਤੇ ਵਪਾਰਕ ਤੌਰ 'ਤੇ ਵੀ ਲਾਭਦਾਇਕ ਹੁੰਦਾ ਹੈ।" ਸਾਈਬਰ ਸੁਰੱਖਿਆ ਮਾਹਰ ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਡਾਕਟਰ ਪਵਨ ਦੁੱਗਲ ਕਹਿੰਦੇ ਹਨ, "ਕਿਸੇ ਵੀ ਐਪ ਨੂੰ ਡਾਊਨਲੋਡ ਕਰਨ ਤੋਂ ਪਹਿਲਾਂ, ਤੁਹਾਨੂੰ ਇਸਦੇ ਨਿਯਮਾਂ ਅਤੇ ਸ਼ਰਤਾਂ ਦੇ ਨਾਲ-ਨਾਲ ਇਸਦੀ ਗੋਪਨੀਯਤਾ ਨੀਤੀ (ਪ੍ਰਾਈਵੇਸੀ ਪਾਲਿਸੀ) ਨੂੰ ਵੀ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਇਹ ਦੇਖਣਾ ਮਹੱਤਵਪੂਰਨ ਹੈ ਕਿ ਤੁਸੀਂ ਜਿਸ ਐਪ ਨੂੰ ਇੰਸਟਾਲ ਕਰ ਰਹੇ ਹੋ ਉਹ ਤੁਹਾਡੇ ਡੇਟਾ ਨੂੰ ਕਿਵੇਂ ਸਟੋਰ ਅਤੇ ਵਰਤੋਂ ਕਰੇਗਾ। ਜਦੋਂ ਤੁਸੀਂ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਵੋ, ਸਿਰਫ਼ ਉਦੋਂ ਹੀ ਡਾਊਨਲੋਡ ਕਰੋ।" ਡਾਕਟਰ ਪਵਨ ਦੁੱਗਲ ਦੱਸਦੇ ਹਨ ਕਿ ਕਿਸੇ ਐਪ ਨੂੰ ਇੰਸਟਾਲ ਕਰਨ ਤੋਂ ਪਹਿਲਾਂ ਇਸਨੂੰ ਜਾਣਨ ਦਾ ਇੱਕ ਵਧੀਆ ਤਰੀਕਾ ਹੈ ਗਾਹਕ ਸਮੀਖਿਆਵਾਂ (ਕਸਟਮਰ ਰੀਵਿਊ) ਪੜ੍ਹਨਾ। ਜੇਕਰ ਤੁਹਾਨੂੰ ਕੋਈ ਰੈਡ ਫਲੈਗ (ਖ਼ਤਰੇ ਦਾ ਸੰਕੇਤ) ਦਿਖਾਈ ਦਿੰਦਾ ਹੈ, ਤਾਂ ਇਸ ਤੋਂ ਦੂਰ ਹੀ ਰਹੋ।

ਇਸੇ ਬਾਰੇ ਵਿਰਾਗ ਗੁਪਤਾ ਕਹਿੰਦੇ ਹਨ, "ਗੂਗਲ ਅਤੇ ਐਪਲ ਪਲੇ ਸਟੋਰਾਂ 'ਤੇ ਅਧਿਕਾਰਤ ਤੌਰ 'ਤੇ ਮਨਜ਼ੂਰੀਸ਼ੁਦਾ ਐਪਾਂ ਨੂੰ ਹੀ ਡਾਊਨਲੋਡ ਕਰਨਾ ਚਾਹੀਦਾ ਹੈ। ਹਾਲਾਂਕਿ, ਬਹੁਤ ਸਾਰੀਆਂ ਐਪਾਂ ਲੋਕਾਂ ਦੇ ਫ਼ੋਨਾਂ 'ਤੇ ਪਹਿਲਾਂ ਤੋਂ ਇੰਸਟਾਲ ਹੁੰਦੀਆਂ ਹਨ, ਜਿਸ ਕਾਰਨ ਉਨ੍ਹਾਂ ਨੂੰ ਹਟਾਉਣਾ ਮੁਸ਼ਕਲ ਹੋ ਜਾਂਦਾ ਹੈ।"

ਇਹ ਮੰਨਿਆ ਜਾਂਦਾ ਹੈ ਕਿ ਐਪਲੀਕੇਸ਼ਨਾਂ ਤੁਹਾਨੂੰ ਮੁਫ਼ਤ, ਵਿਸ਼ਵ ਪੱਧਰੀ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਡਾਕਟਰ ਦੁੱਗਲ ਕਹਿੰਦੇ ਹਨ ਕਿ, "ਦੁਨੀਆਂ ਵਿੱਚ ਕੁਝ ਵੀ ਮੁਫ਼ਤ ਨਹੀਂ ਮਿਲਦਾ। ਐਪ ਤੁਹਾਡਾ ਡੇਟਾ ਇਕੱਠਾ ਕਰ ਮਾਨੀਟਾਈਜ਼ ਕਰਦੀਆਂ ਹਨ। ਐਪਲੀਕੇਸ਼ਨਾਂ ਪਰਮਿਸ਼ਨ ਲੈ ਕੇ ਤੁਹਾਡਾ ਡੇਟਾ ਪ੍ਰਾਪਤ ਕਰਦੀਆਂ ਹਨ। ਕਿਸੇ ਵੀ ਐਪ ਨੂੰ ਡਾਊਨਲੋਡ ਕਰਦੇ ਸਮੇਂ ਅੰਨ੍ਹੇਵਾਹ ਪਰਮਿਸ਼ਨਾਂ ਦੇਣ ਨਾਲ ਤੁਹਾਡਾ ਸਾਰਾ ਡੇਟਾ ਐਪ ਕੋਲ ਚਲਾ ਜਾਂਦਾ ਹੈ।" ਦੋਵੇਂ ਮਾਹਰ ਇਸ ਗੱਲ ਨਾਲ ਸਹਿਮਤ ਹਨ ਕਿ ਐਪ ਇੰਸਟਾਲੇਸ਼ਨ ਦੌਰਾਨ ਪਰਮਿਸ਼ਨਾਂ ਦਿੰਦੇ ਸਮੇਂ ਤੁਹਾਨੂੰ ਸਾਵਧਾਨ ਰਹਿਣ ਦੀ ਲੋੜ ਹੈ, ਉਨੀ ਹੀ ਪਰਮਿਸ਼ਨ ਦਿ ਜਿੰਨੀ ਤੁਹਾਡੇ ਮਕਸਦ ਨੂੰ ਪੂਰਾ ਕਰਨ ਲਈ ਜ਼ਰੂਰੀ ਹੋਵੇ। ਡਾਕਟਰ ਪਵਨ ਦੁੱਗਲ ਦੱਸਦੇ ਹਨ, "ਇੱਕ ਵਾਰ ਜਦੋਂ ਤੁਹਾਡਾ ਡੇਟਾ ਇਕੱਠਾ ਹੋ ਜਾਂਦਾ ਹੈ, ਤਾਂ ਤੁਹਾਡੀ ਪ੍ਰੋਫਾਈਲ ਬਣ ਜਾਂਦੀ ਹੈ। ਤੁਹਾਡੇ ਸ਼ੌਕ ਕੀ ਹਨ, ਤੁਸੀਂ ਕੀ ਖਾਣਾ, ਪੀਣਾ ਜਾਂ ਪਹਿਨਣਾ ਪਸੰਦ ਕਰਦੇ ਹੋ? ਪ੍ਰੋਫਾਈਲ ਤੋਂ ਸਭ ਕੁਝ ਸਮਝ ਲਿਆ ਜਾਂਦਾ ਹੈ।"

ਵਿਰਾਗ ਗੁਪਤਾ ਕਹਿੰਦੇ ਹਨ, "ਕੰਪਨੀਆਂ ਇਸ ਡੇਟਾ ਨੂੰ ਸਾਂਝਾ ਕਰਨ ਦੇ ਨਾਲ ਇਸਨੂੰ ਦੂਜੀਆਂ ਕੰਪਨੀਆਂ ਨੂੰ ਵੇਚਦੀਆਂ ਹਨ। ਇਸ ਡੇਟਾ ਦੇ ਆਧਾਰ 'ਤੇ ਇਸ਼ਤਿਹਾਰ ਅਤੇ ਮਾਰਕੀਟਿੰਗ ਕੰਪਨੀਆਂ ਦੇ ਕਾਰੋਬਾਰ 'ਚ ਸਟੀਕਤਾ ਨਾਲ ਵਾਧਾ ਵੀ ਹੁੰਦਾ ਹੈ।"

ਡਾਕਟਰ ਪਵਨ ਦੁੱਗਲ ਇਸੇ ਬਾਰੇ ਕਹਿੰਦੇ ਹਨ ਕਿ ਇਸ ਦੇ ਆਧਾਰ 'ਤੇ ਤੁਹਾਨੂੰ ਕਈ ਤਰ੍ਹਾਂ ਦੀਆਂ ਕਸਟਮਾਇਜ਼ਡ ਸਰਵਿਸਿਜ਼ ਦਿੱਤੀਆਂ ਜਾਂਦੀਆਂ ਹਨ। ਇਹ ਡੇਟਾ ਇਕੋਨਾਮੀ ਦਾ ਯੁੱਗ ਹੈ, ਜਿੱਥੇ ਡੇਟਾ ਹੀ ਕਰੰਸੀ (ਮੁਦਰਾ/ਧਨ) ਹੈ। ਜੇਕਰ ਤੁਸੀਂ ਸਾਵਧਾਨ ਨਹੀਂ ਹੋਏ, ਤਾਂ ਤੁਹਾਨੂੰ ਨਿਸ਼ਾਨਾ ਵੀ ਬਣਾਇਆ ਜਾ ਸਕਦਾ ਹੈ। ਡਾਕਟਰ ਦੁੱਗਲ ਉਦਾਹਰਣ ਦਿੰਦੇ ਹਨ ਕਿ ਤੁਹਾਡਾ ਫ਼ੋਨ ਤੁਹਾਡੀ ਹਰ ਗੱਲ ਸੁਣਦਾ ਹੈ। "ਜੇ ਮੈਂ ਕਹਾਂ ਕਿ ਮੈਂ ਮੁੰਬਈ ਜਾਣਾ ਹੈ, ਤਾਂ ਮੈਨੂੰ ਮੁੰਬਈ ਨਾਲ ਸਬੰਧਤ ਆਫ਼ਰ ਮਿਲਣੇ ਸ਼ੁਰੂ ਹੋ ਜਾਣਗੇ। ਇਹ ਕਸਟਮਾਇਜ਼ਡ ਡੇਟਾ ਐਡਵਰਟਾਈਜ਼ਿੰਗ ਹੈ, ਜਿਸ ਵਿੱਚ ਡੇਟਾ ਕੱਚਾ ਮਾਲ ਹੈ। ਇਸ ਵਿੱਚ ਕੰਪਨੀਆਂ ਇੱਛੁਕ ਹੁੰਦੀਆਂ ਹਨ, ਜਿਸ ਦੇ ਬਦਲੇ ਤੁਹਾਨੂੰ ਕਸਟਮਾਇਜ਼ਡ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ਅਤੇ ਤੁਹਾਡਾ ਡੇਟਾ ਲਿਆ ਜਾਂਦਾ ਹੈ। ਇਸ ਤਰ੍ਹਾਂ ਤੁਸੀਂ ਹੀ ਉਨ੍ਹਾਂ ਦੇ ਪ੍ਰੋਡਕਟ ਬਣ ਜਾਂਦੇ ਹੋ।

ਤੁਹਾਡੇ ਫ਼ੋਨ ਵਿੱਚ ਡਾਟਾ ਚੋਰੀ ਤਾਂ ਨਹੀਂ ਹੋ ਰਿਹਾ, ਇਸ ਗੱਲ ਦਾ ਪਤਾ ਕਰਨ ਲਈ ਡਾਕਟਰ ਦੁੱਗਲ ਦੱਸਦੇ ਹਨ ਕਿ ਇਸਦਾ ਮੁਲਾਂਕਣ ਤੁਹਾਨੂੰ ਖ਼ੁਦ ਕਰਨਾ ਪਵੇਗਾ। ਉਹ ਕਹਿੰਦੇ ਹਨ ਕਿ ਤੁਸੀਂ ਐਪ ਦੀ ਪਰਮਿਸ਼ਨ ਵਿੱਚ ਜਾ ਅਤੇ ਆਪਣੇ ਆਪ ਤੋਂ ਪੁੱਛੋ ਕਿ ਇਸ ਨੂੰ ਡਾਊਨਲੋਡ ਕਰਨ ਪਿੱਛੇ ਉਦੇਸ਼ ਕੀ ਹੈ, ਅਤੇ ਉਸ ਉਦੇਸ਼ ਦੇ ਮੱਦੇਨਜ਼ਰ ਐਪ ਦੀ ਪਰਮਿਸ਼ਨ ਨੂੰ ਰਿਵਿਊ ਕਰੋ, ਅਤੇ ਪੁੱਛੋ ਕਿ ਕੀ ਉਸ ਐਪ ਦੀ ਪਰਮਿਸ਼ਨ ਉਸ ਦੇ ਮੁੱਖ ਉਦੇਸ਼ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ। ਜੇ ਹਾਂ, ਤਾਂ ਉਸ ਪਰਮਿਸ਼ਨ ਨੂੰ ਬਰਕਰਾਰ ਰੱਖੋ ਅਤੇ ਜੇ ਨਹੀਂ ਤਾਂ ਉਸ ਪਰਮਿਸ਼ਨ ਨੂੰ ਹਟਾ ਦਿਉ।

ਸੁਪਰੀਮ ਕੋਰਟ ਦੇ ਵਕੀਲ ਵਿਰਾਗ ਗੁਪਤਾ ਡੇਟਾ ਸ਼ੇਅਰਿੰਗ ਦੇ ਕਾਨੂੰਨੀ ਪੱਖ ਉੱਤੇ ਜ਼ੋਰ ਦਿੰਦੇ ਹੋਏ ਕਹਿੰਦੇ ਹਨ, "ਹਾਲ ਹੀ ਵਿੱਚ ਭਾਰਤ ਦੇ ਰਾਸ਼ਟਰੀ ਕੰਪਨੀ ਕਾਨੂੰਨ ਅਪੀਲੀਅਤ ਨਿਆਂਆਧਿਕਰਣ (ਐਨਸੀਐਲਏਟੀ) ਨੇ ਫ਼ੇਸਬੁੱਕ ਅਤੇ ਵੱਟਸਐਪ ਕੰਪਨੀਆਂ ਵਿਚਕਾਰ ਡਾਟਾ ਸ਼ੇਅਰਿੰਗ ਨੂੰ ਅਪ੍ਰਤੱਖ ਮਨਜ਼ੂਰੀ ਦਿੰਦੇ ਹੋਏ ਜੁਰਮਾਨੇ ਨੂੰ ਬਰਕਰਾਰ ਰੱਖਿਆ ਹੈ। ਇਸ ਤਰ੍ਹਾਂ ਦੀ ਡੇਟਾ ਸ਼ੇਅਰਿੰਗ ਲਈ ਗਾਹਕਾਂ ਤੋਂ ਧੋਖਾਧੜੀ-ਭਰੇ ਤਰੀਕੇ ਨਾਲ ਮਨਜ਼ੂਰੀ ਲਈ ਜਾਂਦੀ ਹੈ, ਜਿਸਦੀ ਕਾਨੂੰਨੀ ਤੌਰ 'ਤੇ ਬਹੁਤ ਮਾਨਤਾ ਨਹੀਂ ਹੈ।" ਭਾਰਤ ਵਿੱਚ ਪੁੱਟੂਸਵਾਮੀ ਮਾਮਲੇ ਵਿੱਚ ਸੁਪਰੀਮ ਕੋਰਟ ਦੇ 9 ਜੱਜਾਂ ਦੇ ਫ਼ੈਸਲੇ ਤੋਂ ਬਾਅਦ ਡਾਟਾ ਦੀ ਸੁਰੱਖਿਆ ਪ੍ਰਾਈਵੇਸੀ ਦੇ ਤਹਿਤ ਜੀਵਨ ਦਾ ਮੌਲਿਕ ਅਧਿਕਾਰ ਹੈ।

ਸੰਵਿਧਾਨ ਦੇ ਧਾਰਾ 141 ਅਨੁਸਾਰ ਸੁਪਰੀਮ ਕੋਰਟ ਦੇ ਫ਼ੈਸਲਿਆਂ ਨੂੰ ਕਾਨੂੰਨ ਦੀ ਤਰ੍ਹਾਂ ਮਾਨਤਾ ਮਿਲਦੀ ਹੈ। ਫ਼ੈਸਲੇ ਅਨੁਸਾਰ ਕਈ ਦੌਰਾਂ ਦੀ ਚਰਚਾ ਤੋਂ ਬਾਅਦ ਸੰਸਦ ਨੇ 2023 ਵਿੱਚ ਡੇਟਾ ਸੁਰੱਖਿਆ ਕਾਨੂੰਨ ਪਾਸ ਕੀਤਾ, ਪਰ ਅਜੇ ਤੱਕ ਇਸਨੂੰ ਲਾਗੂ ਨਹੀਂ ਕੀਤਾ ਗਿਆ ਹੈ।

ਡਾਕਟਰ ਦੁੱਗਲ ਮੁਤਾਬਕ ਡੇਟਾ ਦੀ ਸੁਰੱਖਿਆ ਲਈ ਇਨ੍ਹਾਂ ਗੱਲਾਂ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ—

* ਸਾਇਬਰ ਸੁਰੱਖਿਆ ਨੂੰ ਜੀਵਨਸ਼ੈਲੀ ਦੇ ਰੂਪ ਵਿੱਚ ਅਪਣਾ । ਇਹ ਨਾ ਸੋਚੋ ਕਿ ਤੁਹਾਡੀ ਸੁਰੱਖਿਆ ਦੀ ਜ਼ਿੰਮੇਵਾਰੀ ਸਰਕਾਰ ਜਾਂ ਕੰਪਨੀਆਂ ਦੀ ਹੈ।
* ਆਪਣੇ ਡੇਟਾ ਨੂੰ ਸ਼ੇਅਰ ਕਰਨ ਵਿੱਚ ਕੰਜੂਸੀ ਵਰਤੋ। ਡੇਟਾ ਨੂੰ ਲੋੜ ਮੁਤਾਬਕ ਹੀ ਸ਼ੇਅਰ ਕਰੋ।
* ਆਪਣੇ ਡੇਟਾ ਦਾ ਬੈਕਅੱਪ ਰੱਖੋ। ਬੈਕਅੱਪ ਹੋਣ ਨਾਲ ਡੇਟਾ ਉੱਡਣ ਤੋਂ ਬਾਅਦ ਵੀ ਰਿਸਟੋਰ ਕਰ ਸਕੋਗੇ।
* ਇੱਕ ਚੰਗਾ ਐਂਟੀਵਾਇਰਸ ਪ੍ਰੋਗਰਾਮ ਰੱਖੋ।
* ਇੱਕ ਚੰਗਾ ਫਾਇਰਵਾਲ ਰੱਖੋ ਜੋ ਸੁਰੱਖਿਆ ਕਵਚ ਦੀ ਤਰ੍ਹਾਂ ਕੰਮ ਕਰਦਾ ਹੈ। ਫਾਇਰਵਾਲ ਤੁਹਾਡੇ ਡਿਵਾਈਸ 'ਤੇ ਹੋਣ ਵਾਲੇ ਹਮਲਿਆਂ ਨੂੰ ਰੋਕਦਾ ਹੈ ਅਤੇ 24*7 ਸਰਗਰਮ ਰਹਿੰਦਾ ਹੈ।
* ਡਾਕਟਰ ਦੁੱਗਲ ਅਖੀਰ ਵਿੱਚ ਕਹਿੰਦੇ ਹਨ ਕਿ ਗਾਹਕਾਂ ਨੂੰ ਸਦਾ ਚੌਕਸ ਅਤੇ ਸੁਚੇਤ ਰਹਿਣਾ ਚਾਹੀਦਾ ਹੈ, ਜੇ ਤੁਸੀਂ ਆਪਣੀ ਸਾਇਬਰ ਸੁਰੱਖਿਆ ਨੂੰ ਮਜ਼ਬੂਤ ਕਰਨਾ ਚਾਹੁੰਦੇ ਹੋ, ਤਾਂ ਸਾਵਧਾਨੀ ਵਰਤਣਾ ਜ਼ਰੂਰੀ ਹੈ।

# ਭਾਰਤ ਅਤੇ ਰੂਸ ਦੀ ਆਪਸ ਵਿਚ ਇੰਨੀ ਨਿਰਭਰਤਾ ਕਿਉਂ ਹੈ?



ਹਰਸ਼ ਵੀ ਪੰਤ

ਭਾਰਤ ਅਤੇ ਰੂਸ ਵਿਚਕਾਰ ਅਜਿਹਾ ਕੀ ਖਾਸ ਹੈ, ਜਿਸ ਤੋਂ ਅਮਰੀਕਾ ਅਤੇ ਯੂਰਪ ਤ੍ਰਬਕਦਾ ਹੈ। ਅਸਲ ਵਿਚ ਦੋਹਾਂ ਮੁਲਕਾਂ ਵਿਚਕਾਰ ਹਥਿਆਰਾਂ ਦਾ ਸੌਦਾ ਹੈ, ਜਿਸ ਕਾਰਨ ਪੱਛਮ ਨੂੰ ਸਮੱਸਿਆ ਰਹਿੰਦੀ ਹੈ। ਅਮਰੀਕਾ ਦੁਆਰਾ 1965 ਵਿਚ ਲਗਾਈਆਂ ਗਈਆਂ ਅਜਿਹੀਆਂ ਪਾਬੰਦੀਆਂ ਦੇ ਉਲਟ ਪਹਿਲਾਂ ਵਾਲੇ ਸੋਵੀਅਤ ਸੰਘ ਨੇ 1967 ਵਿਚ ਭਾਰਤੀ ਹਵਾਈ ਫ਼ੌਜ ਨੂੰ ਸੁਖੋਈ-7 ਬੰਬਾਰ ਜਹਾਜ਼ਾਂ ਦੀ ਸਪਲਾਈ ਕਰ ਕੇ ਉਸ ਨੂੰ ਮਜ਼ਬੂਤ ਬਣਾਇਆ। ਇਹ ਜਹਾਜ਼ ਭਾਰਤ ਦੇ ਗੁਆਂਢੀ ਤੇ ਦੁਸ਼ਮਣ ਮੁਲਕ ਪਾਕਿਸਤਾਨ ਕੋਲ ਉਸ ਸਮੇਂ ਉਪਲਬਧ ਜਹਾਜ਼ਾਂ ਦੀ ਤੁਲਨਾ ਵਿਚ ਕਿਤੇ ਜ਼ਿਆਦਾ ਉੱਨਤ ਸਨ। ਉਸ ਦੇ ਅਗਲੇ ਦਹਾਕੇ ਵਿਚ ਸੋਵੀਅਤ ਸੰਘ ਨੇ ਰੱਖਿਆ ਵੰਨ-ਸੁਵੰਨਤਾ ਨਾਲ ਜੁੜੀ ਭਾਰਤ ਦੀ ਸੰਵੇਦਨਸ਼ੀਲਤਾ ਅਤੇ ਜ਼ਰੂਰਤਾਂ ਨੂੰ ਸਮਝਦੇ ਹੋਏ ਉਸ ਨੂੰ ਉੱਨਤ ਹਥਿਆਰਾਂ ਅਤੇ ਤਕਨੀਕ ਨਾਲ ਲੈਸ ਕਰਨ ਦੇ ਯਤਨ ਤੇਜ਼ ਕੀਤੇ।

ਇਨ੍ਹਾਂ ਵਿਚ ਟੈਂਕ, ਜੰਗੀ ਜਹਾਜ਼ਾਂ, ਮਿਜ਼ਾਈਲਾਂ ਦੀ ਸਪਲਾਈ ਦੇ ਨਾਲ ਹੀ ਜੰਗੀ ਬੇੜਿਆਂ ਨੂੰ ਉੱਨਤ ਬਣਾਇਆ ਗਿਆ। ਦੋਵਾਂ ਦੇਸ਼ਾਂ ਵਿਚਾਲੇ ਭਰੋਸੇ ਦਾ ਅਜਿਹਾ ਭਾਵ ਵਧਿਆ ਕਿ ਸੋਵੀਅਤ ਸੰਘ ਨੇ 1987 ਵਿਚ ਭਾਰਤ ਨੂੰ ਪਰਮਾਣੂ ਸੰਚਾਲਿਤ ਪਣਡੁੱਬੀ ਵੀ ਲੀਜ਼ ’ਤੇ ਦਿੱਤੀ। ਇਸ ਤੋਂ ਬਾਅਦ ਇਕ ਅਜਿਹਾ ਸਮਾਂ ਆਇਆ ਕਿ ਸੋਵੀਅਤ ਸੰਘ ਖ਼ੁਦ ਅੰਦਰੂਨੀ ਉਥਲ-ਪੁਥਲ ਤੋਂ ਗ੍ਰਸਤ ਹੋਇਆ ਅਤੇ ਉਸ ਦਾ ਸੁਭਾਵਕ ਅਸਰ ਭਾਰਤ ਦੇ ਨਾਲ ਰੱਖਿਆ ਸਹਿਯੋਗ ’ਤੇ ਵੀ ਪਿਆ। ਹਾਲਾਂਕਿ ਇਸ ਸਦੀ ਦੇ ਪਹਿਲੇ ਦਹਾਕੇ ਵਿਚ ਨਵੇਂ ਰੂਪ ਵਿਚ ਰੂਸ ਨੇ ਇਸ ਸਾਂਝੇਦਾਰੀ ਨੂੰ ਨਵੇਂ ਸਿਰੇ ਤੋਂ ਅੱਗੇ ਵਧਾਉਣਾ ਸ਼ੁਰੂ ਕੀਤਾ। ਇਸ ਅਰਸੇ ਵਿਚ ਰੂਸ ਦੁਆਰਾ ਉਪਲਬਧ ਕਰਵਾਏ ਗਏ ਹਥਿਆਰਾਂ ਅਤੇ ਉਪਕਰਨਾਂ ਵਿਚ ਜਹਾਜ਼, ਹੈਲੀਕਾਪਟਰ, ਜੰਗੀ ਟੈਂਕ, ਮਿਜ਼ਾਈਲਾਂ, ਫ੍ਰਿਗੇਟ ਅਤੇ ਪਣਡੁੱਬੀਆਂ ਸ਼ਾਮਲ ਸਨ। ਰੂਸ ਨੇ ਇਕ ਨਵੀਂ ਪਰਮਾਣੂ ਸੰਚਾਲਤ ਪਣਡੁੱਬੀ ਲੀਜ਼ ’ਤੇ ਦੇਣ ਤੋਂ ਇਲਾਵਾ ਜਹਾਜ਼ ਵਾਹਕ ਬੇੜੇ ਦੇ ਪੱਧਰ ’ਤੇ ਵੀ ਸਹਿਯੋਗ ਕੀਤਾ।

ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਸਬੰਧਾਂ ਦੀ ਮਜ਼ਬੂਤੀ ਦਾ ਮੁਲਾਂਕਣ ਇਸੇ ਤੋਂ ਕੀਤਾ ਜਾ ਸਕਦਾ ਹੈ ਕਿ ਤਮਾਮ ਜ਼ਰੂਰਤਾਂ ਲਈ ਭਾਰਤ ਅੱਜ ਵੀ ਰੂਸੀ ਪਲੇਟਫਾਰਮ ਵੱਲ ਦੇਖਦਾ ਹੈ। ਟੀ-72 ਅਤੇ ਟੀ-90 ਵਰਗੇ ਜੰਗੀ ਟੈਂਕ ਭਾਰਤੀ ਫ਼ੌਜ ਦੇ ਟੈਂਕ ਬੇੜੇ ਦੀ ਬੁਨਿਆਦ ਬਣੇ ਹੋਏ ਹਨ।

ਇਸੇ ਤਰ੍ਹਾਂ ਸੁਖੋਈ ਐਸਯੂ-30 ਜਹਾਜ਼ ਨੂੰ ਭਾਰਤੀ ਹਵਾਈ ਫ਼ੌਜ ਦੀ ਰੀੜ੍ਹ ਮੰਨਿਆ ਜਾਂਦਾ ਹੈ। ਬ੍ਰਹਮੋਸ



ਮਿਜ਼ਾਈਲ ਨੂੰ ਜੇ ਦੋਵਾਂ ਦੇਸ਼ਾਂ ਦੇ ਰੱਖਿਆ ਸਹਿਯੋਗ ਅਤੇ ਸੰਯੁਕਤ ਉਤਪਾਦਨ ਸਮਰੱਥਾਵਾਂ ਦਾ ਸਿਖਰ ਕਹਿ ਦਿੱਤਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਇਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਨੇ ਆਪ੍ਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ’ਤੇ ਅਜਿਹਾ ਕਹਿਰ ਢਾਹਿਆ ਸੀ ਕਿ ਦੁਨੀਆ ਦੇ ਤਮਾਮ ਦੇਸ਼ ਇਸ ਨੂੰ ਖ਼ਰੀਦਣ ਲਈ ਕਤਾਰਬੱਧ ਹਨ।

ਬ੍ਰਹਮੋਸ ਨੂੰ ਹੋਰ ਉੱਨਤ ਅਤੇ ਮਾਰੂ ਬਣਾਉਣ ਦੀ ਪ੍ਰਕਿਰਿਆ ਵੀ ਪ੍ਰਗਤੀ ’ਤੇ ਹੈ। ਭਾਰਤ-ਰੂਸ ਰੱਖਿਆ ਸਾਂਝੇਦਾਰੀ ਦੀ ਨਿਰੰਤਰਤਾ ਅਤੇ ਸਥਿਰਤਾ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਇਹ ਸਾਂਝੇਦਾਰੀ ਹਰ ਕਸੌਟੀ ’ਤੇ ਖ਼ਰੀ ਉਤਰੀ ਹੈ। ਇਸ ਵਿਚ ਕਦੇ ਅੜਿੱਕਾ ਜਾਂ ਬੇਭਰੋਸਗੀ ਦਾ ਭਾਵ ਨਹੀਂ ਰਿਹਾ। ਇਹੀ ਕਾਰਨ ਹੈ ਕਿ ਦੂਜੇ ਦੇਸ਼ਾਂ ਤੋਂ ਰੱਖਿਆ ਖ਼ਰੀਦ ਦੇ ਨਾਲ ਹੀ ਅੱਜ ਵੀ ਭਾਰਤ ਲਈ ਰੂਸੀ ਫ਼ੌਜੀ ਸਾਜ਼ੋ-ਸਾਮਾਨ ਲਈ ਰੱਖ-ਰਖਾਅ ਅਤੇ ਪੁਰਜ਼ਿਆਂ ਦੀ ਜ਼ਰੂਰਤ ਬਣੀ ਹੋਈ ਹੈ। ਚੰਗੀ ਗੱਲ ਹੈ ਕਿ ਭਾਰਤ ਹੁਣ ਟੈਂਕਾਂ ਤੇ ਜੰਗੀ ਜਹਾਜ਼ਾਂ ਲਈ ਨਵੇਂ ਇੰਜਣਾਂ ਨੂੰ ਅਪਣਾਉਣ ਦੀ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ। ਰੂਸ ਦੁਆਰਾ ਨਵੇਂ ਇੰਜਣਾਂ ਦੇ ਵਿਕਾਸ ਕਾਰਨ ਭਾਰਤ ਨੂੰ ਵੀ ਆਪਣਾ ਬੇੜਾ ਉੱਨਤ ਬਣਾਉਣ ਦਾ ਮੌਕਾ ਮਿਲ ਰਿਹਾ ਹੈ। ਮਾਸਕੋ ਦੁਆਰਾ ਸੁਖੋਈ ਐਸਯੂ-30 ਐਮਕੇਆਈ ਬੇੜੇ ਲਈ ਉੱਨਤ ਏਐਲ-41 ਇੰਜਣਾਂ ਦੀ ਸਪਲਾਈ ਦਾ ਪ੍ਰਸਤਾਵ ਇਸੇ ਪਹਿਲ ਨਾਲ ਜੁੜਿਆ ਹੈ। ਕੋਈ ਵੀ ਸਾਂਝੇਦਾਰੀ ਪਰਸਪਰ ਹਿੱਤਾਂ ਨੂੰ ਸਨਮਾਨ ਦੇਣ ’ਤੇ ਹੀ ਵਧਦੀ-ਫੁੱਲਦੀ ਹੈ ਅਤੇ ਇਸ ਮਾਮਲੇ ਵਿਚ ਮਾਸਕੋ ਨੇ ਕਦੇ ਨਿਰਾਸ਼ ਨਹੀਂ ਕੀਤਾ। ਤਕਨੀਕੀ ਤਬਾਦਲੇ ਅਤੇ ਸਥਾਨਕ ਉਤਪਾਦਨ ਦੀ ਭਾਰਤ ਦੀ ਜ਼ਰੂਰਤ ਨੂੰ ਸਮਝਦੇ ਹੋਏ ਰੂਸ ਦੀ ਪ੍ਰਤੀਕਿਰਿਆ ਬਹੁਤ ਹਾਂ-ਪੱਖੀ ਰਹੀ ਹੈ।

ਸੁਖੋਈ ਐਸਯੂ-57 ਜਹਾਜ਼ਾਂ ਦੇ ਹਾਲੀਆ ਸੌਦੇ ਵਿਚ ਇਸ ਦੇ ਸੰਕੇਤ ਵੀ ਮਿਲੇ ਹਨ। ਸਮੁੰਦਰੀ ਮੁਹਾਜ਼ ’ਤੇ ਭਾਰਤ ਦੀਆਂ ਫ਼ੌਜੀ ਚੁਣੌਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਆਧੁਨਿਕ ਬੇੜਾ ਬਣਾਉਣ ਲਈ ਗੈਸ ਟਰਬਾਈਨ ਵਰਗੇ ਮੁੱਖ ਤੱਤਾਂ ਦੀ ਸਪਲਾਈ ਨੂੰ ਲੈ ਕੇ ਵੀ ਰੂਸ ਨੇ ਅਸਰਦਾਰ ਹੱਲ ਕੱਢਣ ਵਾਲੇ ਪਾਸੇ ਕਦਮ ਵਧਾਏ ਹਨ। ਆਪ੍ਰੇਸ਼ਨ ਸਿੰਧੂਰ ਦੌਰਾਨ ਐਸ-400 ਪ੍ਰਣਾਲੀ ਕਿੰਨੀ ਉਪਯੋਗੀ ਸਾਬਿਤ ਹੋਈ, ਉਸ ਨੂੰ ਫਿਰ ਤੋਂ ਦੱਸਣ ਦੀ ਜ਼ਰੂਰਤ ਨਹੀਂ।

ਰੂਸ ਦੀ ਇਸ ਕਾਰਗਰ ਹਥਿਆਰ ਪ੍ਰਣਾਲੀ ਦੀ ਮਹੱਤਤਾ ਨੂੰ ਸਮਝਦੇ ਹੋਏ ਹੀ ਭਾਰਤ ਨੇ ਇਸ ਦਾ ਬੇੜਾ ਵਧਾਉਣ ਦਾ ਫ਼ੈਸਲਾ ਕੀਤਾ ਹੈ। ਲਗਪਗ 120, 200, 250 ਅਤੇ 380 ਕਿੱਲੋਮੀਟਰ ਤੱਕ ਮਾਰ ਕਰਨ ਦੀ ਕਾਬਲੀਅਤ ਰੱਖਣ ਵਾਲੀ ਐਸ-400 ਖ਼ਰੀਦਣ ਨਾਲ ਜੁੜੇ ਸਮਝੌਤੇ ’ਤੇ ਚਰਚਾ ਜਾਰੀ ਹੈ। ਇਹ ਵਾਰਤਾ ਕਿਉਂਕਿ ਹਾਲੇ ਮੁੱਢਲੇ ਗੇੜ ਵਿਚ ਹੈ, ਇਸ ਲਈ ਉਸ ਵਿਚ ਕੁਝ ਸਮਾਂ ਲੱਗ ਸਕਦਾ ਹੈ।

ਇਸ ਤੋਂ ਇਲਾਵਾ ਯੂਕਰੇਨ ਜੰਗ ਵਿਚ ਰੂਸ ਦੇ ਫਸੇ ਹੋਣ ਕਾਰਨ ਵੀ ਇਸ ਵਿਚ ਕੁਝ ਦੇਰੀ ਹੋ ਸਕਦੀ ਹੈ। ਇਹ ਬਹੁਤ ਸੁਭਾਵਿਕ ਹੈ ਕਿ ਯੂਕਰੇਨ ਜੰਗ ਕਾਰਨ ਰੂਸ ਦੀ ਪਹਿਲੀ ਤਰਜੀਹ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਦੀ ਹੋਵੇਗੀ। ਇਸ ਦੇ ਬਾਵਜੂਦ ਭਾਰਤ ਦੀਆਂ ਜ਼ਰੂਰਤਾਂ ਨੂੰ ਲੈ ਕੇ ਰੂਸ ਦੀ ਕੋਈ ਉਦਾਸੀਨਤਾ ਨਹੀਂ ਦਿਸੀ।

ਇਹ ਸਿਖਰ ਸੰਮੇਲਨ ਉਸ ਦੀਆਂ ਵਚਨਬੱਧਤਾਵਾਂ ’ਤੇ ਨਵੇਂ ਸਿਰੇ ਤੋਂ ਚਾਨਣਾ ਪਾਉਣ ਦਾ ਹੀ ਕੰਮ ਕਰੇਗਾ। ਇਹ ਸਹੀ ਹੈ ਕਿ ਬਦਲੇ ਹੋਏ ਆਲਮੀ ਹਾਲਾਤ ਅਤੇ ਰੱਖਿਆ ਸਾਜ਼ੋ-ਸਾਮਾਨ ਦੀ ਖ਼ਰੀਦਦਾਰੀ ਵਿਚ ਵੰਨ-ਸੁਵੰਨਤਾ ਦੇ ਭਾਰਤੀ ਯਤਨਾਂ ਦੌਰਾਨ ਰੂਸ ਦੀ ਭਾਰਤੀ ਹਥਿਆਰ ਬਾਜ਼ਾਰ ਵਿਚ ਹਿੱਸੇਦਾਰੀ ਘੱਟ ਹੋ ਰਹੀ ਹੈ, ਪਰ ਉਹ ਇਕ ਪ੍ਰਮੁੱਖ ਸਪਲਾਈਕਰਤਾ ਤਾਂ ਬਣਿਆ ਹੀ ਰਹੇਗਾ।

# ਭਾਰਤ-ਰੂਸ ਦੀ ਗੂੜ੍ਹੀ ਦੋਸਤੀ ਤੋਂ ਪੱਛਮ ਪ੍ਰੇਸ਼ਾਨ

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਭਾਰਤ ਦੌਰੇ 'ਤੇ ਸਾਰੀ ਦੁਨੀਆਂ ਦੀਆਂ ਨਜਰਾਂ ਲੱਗੀਆਂ ਸਨ। ਸਭ ਤੋਂ ਵੱਧ ਨਿਗ੍ਹਾ ਅਮਰੀਕਾ ਅਤੇ ਯੂਰਪੀ ਦੇਸ਼ਾਂ ਦੀ ਹੋਵੇਗੀ। ਨਿਰਸੰਦੇਹ ਰੂਸੀ ਰਾਸ਼ਟਰਪਤੀ ਦੇ ਭਾਰਤ ਦੌਰੇ 'ਤੇ ਚੀਨ ਨੇ ਵੀ ਨਜ਼ਰ ਰੱਖੀ ਕਿਉਂਕਿ ਯੂਕਰੇਨ ਜੰਗ ਕਾਰਨ ਰੂਸ ਦੀ ਉਸ 'ਤੇ ਨਿਰਭਰਤਾ ਕਾਫ਼ੀ ਵਧ ਗਈ ਹੈ।

ਰੂਸੀ ਰਾਸ਼ਟਰਪਤੀ ਇਕ ਅਜਿਹੇ ਸਮੇਂ ਭਾਰਤ ਆਏ ਜਦੋਂ ਅਮਰੀਕਾ ਯੂਕਰੇਨ ਯੁੱਧ ਖ਼ਤਮ ਕਰਵਾਉਣ ਲਈ ਹੱਥ-ਪੈਰ ਮਾਰ ਰਿਹਾ ਹੈ। ਇਸ ਵਾਸਤੇ ਉਹ ਰੂਸ ਦੇ ਨਾਲ-ਨਾਲ ਭਾਰਤ 'ਤੇ ਵੀ ਦਬਾਅ ਪਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਦਰਾਮਦਾਂ 'ਤੇ 25 ਪ੍ਰਤੀਸ਼ਤ ਵਾਧੂ ਟੈਰਿਫ ਇਸ ਲਈ ਥੋਪਿਆ ਹੋਇਆ ਹੈ ਕਿ ਭਾਰਤ ਰੂਸ ਤੋਂ ਤੇਲ ਖ਼ਰੀਦ ਰਿਹਾ ਹੈ। ਜਿਵੇਂ ਅਮਰੀਕਾ ਦੀ ਇਹ ਚਾਹਤ ਹੈ ਕਿ ਭਾਰਤ ਰੂਸ ਤੋਂ ਤੇਲ ਖ਼ਰੀਦਣਾ ਬੰਦ ਕਰ ਦੇਵੇ, ਉਸੇ ਤਰ੍ਹਾਂ ਯੂਰਪੀ ਦੇਸ਼ ਵੀ ਇਹ ਚਾਹੁੰਦੇ ਹਨ ਕਿ ਭਾਰਤ ਰੂਸ ਤੋਂ ਦੂਰੀ ਬਣਾ ਕੇ ਰੱਖੇ।

ਕੁਝ ਯੂਰਪੀ ਦੇਸ਼ਾਂ ਨੇ ਤਾਂ ਭਾਰਤ ਨੂੰ ਰੂਸ ਦੀ ਨੇੜਤਾ ਤੋਂ ਸਾਵਧਾਨ ਵੀ ਕੀਤਾ ਹੈ। ਇਹ ਗੱਲ ਹੋਰ ਹੈ ਕਿ ਉਹ ਖ਼ੁਦ ਰੂਸ ਤੋਂ ਊਰਜਾ ਦੀ ਸਪਲਾਈ ਲੈ ਰਹੇ ਹਨ। ਇਹ ਤਾਂ ਪੱਕਾ ਹੈ ਕਿ ਭਾਰਤ ਰੂਸ ਨਾਲ ਆਪਣੇ ਸਬੰਧਾਂ ਨੂੰ ਅੱਗੇ ਵਧਾਉਣ ਦੌਰਾਨ ਅਮਰੀਕਾ ਅਤੇ ਯੂਰਪੀ ਦੇਸ਼ਾਂ ਦੀਆਂ ਚਿੰਤਾਵਾਂ ਦੀ ਜ਼ਿਆਦਾ ਪਰਵਾਹ ਨਹੀਂ ਕਰਨ ਵਾਲਾ ਪਰ ਇਸ ਤੱਥ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਉਸ ਨੂੰ ਅਮਰੀਕਾ ਦੇ ਦਬਾਅ ਕਾਰਨ ਰੂਸ ਤੋਂ ਤੇਲ ਖ਼ਰੀਦ ਵਿਚ ਕਟੌਤੀ ਕਰਨੀ ਪਈ ਹੈ। ਸਪਸ਼ਟ ਹੈ ਕਿ ਭਾਰਤ ਅਤੇ ਰੂਸ, ਦੋਵਾਂ ਦੇ ਸਾਹਮਣੇ ਇਹ ਵੱਡੀ ਚੁਣੌਤੀ ਹੈ ਕਿ ਤੇਲ ਖ਼ਰੀਦ ਦੇ ਮਾਮਲੇ ਵਿਚ ਅਮਰੀਕਾ ਦੇ ਦਬਾਅ ਦਾ ਟਾਕਰਾ ਕਿਵੇਂ ਕੀਤਾ ਜਾਵੇ। ਭਾਰਤ ਨੂੰ ਇਸ ਦਬਾਅ ਦਾ ਸਾਹਮਣਾ ਕਰਦੇ ਸਮੇਂ ਇਸ ਦਾ ਵੀ ਧਿਆਨ ਰੱਖਣਾ ਹੋਵੇਗਾ ਕਿ ਇਸ ਨਾਲ ਅਮਰੀਕਾ ਨਾਲ ਹੋਣ ਵਾਲੇ ਵਪਾਰ ਸਮਝੌਤੇ ਵਿਚ ਕੋਈ ਰੁਕਾਵਟ ਨਾ ਖੜ੍ਹੀ ਹੋ ਜਾਵੇ। ਰੂਸੀ ਰਾਸ਼ਟਰਪਤੀ ਕਿਉਂਕਿ ਆਪਣੇ ਕਈ ਮੰਤਰੀਆਂ ਦੇ ਨਾਲ ਭਾਰਤ ਆ ਰਹੇ ਹਨ ਅਤੇ ਉਹ ਦੋ ਦਿਨਾਂ ਲਈ ਇੱਥੇ ਰਹਿਣਗੇ, ਇਸ ਲਈ ਇਹ ਤਾਂ ਸਪਸ਼ਟ ਹੈ ਕਿ ਦੋਹਾਂ ਦੇਸ਼ਾਂ ਵਿਚਕਾਰ ਵੱਖ-ਵੱਖ ਖੇਤਰਾਂ ਵਿਚ ਵੱਡੇ ਸਮਝੌਤੇ ਹੋਣ ਵਾਲੇ ਹਨ।



ਇਹ ਸਮਝੌਤੇ ਦੋਵਾਂ ਮੁਲਕਾਂ ਨੂੰ ਹੋਰ ਨਜ਼ਦੀਕ ਲਿਆਉਣ ਦਾ ਕੰਮ ਕਰਨਗੇ ਪਰ ਭਾਰਤ ਨੂੰ ਇਕ ਪਾਸੇ ਜਿੱਥੇ ਇਹ ਧਿਆਨ ਰੱਖਣਾ ਹੋਵੇਗਾ ਕਿ ਉਹ ਆਪਣੀਆਂ ਰੱਖਿਆ ਜ਼ਰੂਰਤਾਂ 'ਤੇ ਇਕ ਹੱਦ ਤੋਂ ਵੱਧ ਰੂਸ 'ਤੇ ਨਿਰਭਰ ਨਾ ਹੋਵੇ, ਥੇ ਹੀ ਦੂਜੇ ਪਾਸੇ ਉਸ ਨੂੰ ਆਪਣੇ ਵਪਾਰ ਘਾਟੇ ਨੂੰ ਘਟਾਉਣ ਦੇ ਉਪਾਅ ਵੀ ਕਰਨੇ ਹੋਣਗੇ। ਇਹ ਠੀਕ ਹੈ ਕਿ ਦੋਵੇਂ ਦੇਸ਼ ਆਪਸੀ ਵਪਾਰ ਨੂੰ ਸੌ ਅਰਬ ਡਾਲਰ ਤੱਕ ਲੈ ਕੇ ਜਾਣਾ ਚਾਹੁੰਦੇ ਹਨ ਪਰ ਇਹ ਠੀਕ ਨਹੀਂ ਕਿ ਭਾਰਤ ਦੀਆਂ ਰੂਸ ਤੋਂ ਦਰਾਮਦਾਂ ਲਗਪਗ 65 ਅਰਬ ਡਾਲਰ ਦੀਆਂ ਹਨ ਜਦਕਿ ਉਸ ਦੀਆਂ ਬਰਾਮਦਾਂ ਸਿਰਫ਼ ਪੰਜ ਅਰਬ ਡਾਲਰ ਹੀ ਹਨ।

ਅਜਿਹਾ ਇਸ ਲਈ ਹੈ ਕਿਉਂਕਿ ਭਾਰਤ ਅਜਿਹੀਆਂ ਵਸਤਾਂ ਦਾ ਨਿਰਮਾਣ ਕਰਨ ਵਿਚ ਸਮਰੱਥ ਨਹੀਂ ਜਿਨ੍ਹਾਂ ਦੀ ਰੂਸ ਨੂੰ ਜ਼ਰੂਰਤ ਹੈ। ਦਰਅਸਲ, ਇਹ ਭਾਰਤ ਦੀ ਇਕ ਵੱਡੀ ਕਮਜ਼ੋਰੀ ਹੈ ਕਿ ਉਸ ਕੋਲ ਅਜਿਹੇ ਉਤਪਾਦ ਨਹੀਂ ਹਨ ਜਿਨ੍ਹਾਂ ਦੇ ਬਗ਼ੈਰ ਦੂਜੇ ਦੇਸ਼ਾਂ ਦਾ ਕੰਮ ਨਾ ਚੱਲ ਸਕੇ। ਇਸੇ ਕਾਰਨ ਉਸ ਦੀ ਬਰਾਮਦ ਦਰ ਦਰਾਮਦ ਦੇ ਮੁਕਾਬਲੇ ਕਾਫ਼ੀ ਘੱਟ ਹੈ। ਭਾਰਤ ਨੂੰ ਆਪਣੀ ਇਸ ਕਮਜ਼ੋਰੀ ਨੂੰ ਪਹਿਲ ਦੇ ਆਧਾਰ 'ਤੇ ਦੂਰ ਕਰਨਾ ਹੋਵੇਗਾ।

# ਸਪਰੇਅ ਰਹਿਤ ਤਾਜ਼ੀਆਂ ਸਬਜ਼ੀਆਂ ਘਰ ਹੀ ਉਗਾ ਰਹੀਆਂ ਔਰਤਾਂ

ਘਰ ਵਿੱਚ ਉਗਾਈਆਂ ਤਾਜ਼ੀਆਂ ਸਬਜ਼ੀਆਂ ਦਾ ਸੁਆਦ ਵੱਖ ਹੋਣ ਦੇ ਨਾਲ ਹੀ ਸਬਜ਼ੀਆਂ ਦਾ ਖਰਚਾ ਵੀ ਘੱਟ ਹੋ ਗਿਆ ਹੈ। ਪਹਿਲਾਂ ਅਸੀਂ ਸਾਰੀਆਂ ਸਬਜ਼ੀਆਂ ਬਾਜ਼ਾਰਾਂ 'ਚੋਂ ਖਰੀਦਦੇ ਸੀ ਪਰ ਪਿਛਲੇ ਦੋ ਸਾਲਾਂ ਤੋਂ ਜ਼ਿਆਦਾਤਰ ਹਰੀਆਂ ਸਬਜ਼ੀਆਂ ਘਰਾਂ ਵਿੱਚ ਖੁਦ ਹੀ ਉਗਾ ਰਹੇ ਹਾਂ। ਨਿਜ਼ਾਮੂਦੀਨ ਨਿਵਾਸੀ ਪਰਵੀਨ ਨੇ ਦੱਸਿਆ ਕਿ ਇਸ ਬਸਤੀ ਵਿੱਚ ਲਗਭਗ 40 ਘਰ ਅਜਿਹੇ ਹਨ, ਜੋ ਆਪਣੀਆਂ ਸਬਜ਼ੀਆਂ ਖੁਦ ਉਗਾ ਰਹੇ ਹਨ।



ਦਿੱਲੀ ਦੇ ਝੁੱਗੀ-ਝੌਂਪੜੀ ਖੇਤਰ ਵਿੱਚ ਇਹ ਕਮਾਲ 17 ਸਾਲਾ ਰਾਘਵ ਰਾਏ ਨੇ ਕਰ ਦਿਖਾਇਆ ਹੈ। ਉਨ੍ਹਾਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਇਹ ਸਾਬਤ ਕਰ ਦਿਖਾਇਆ ਹੈ ਕਿ ਜੈਵਿਕ ਖੇਤੀ ਲਈ ਜ਼ਿਆਦਾ ਜ਼ਮੀਨ ਦੀ ਲੋੜ ਨਹੀਂ ਹੈ। ਇਹ ਘਰ ਦੀ ਛੋਟੀ ਜਿਹੀ ਜਗ੍ਹਾ ਜਿਵੇਂ ਕਿ ਛੱਤ ਅਤੇ ਬਾਲਕਨੀ 'ਤੇ ਵੀ ਕੀਤੀ ਜਾ ਸਕਦੀ ਹੈ। ਰਾਘਵ ਰਾਏ ਨਿਜ਼ਾਮੂਦੀਨ ਵੀ ਝੁੱਗੀ-ਝੌਂਪੜੀ ਖੇਤਰ ਨੂੰ ਹਰੇ-ਭਰੇ ਸਬਜ਼ੀਆਂ ਦੇ ਬਾਗ ਵਿੱਚ ਬਦਲ ਰਹੇ ਹਨ।



ਨਿਜ਼ਾਮੂਦੀਨ ਵੈਸਟ ਨਿਵਾਸੀ ਰਾਘਵ ਰਾਏ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਮੁਹਿੰਮ ਦੀ ਸ਼ੁਰੂਆਤ ਅਕਤੂਬਰ 2023 ਵਿੱਚ ਆਪਣੇ ਘਰ ਦੇ ਕਿਚਨ ਗਾਰਡਨ ਤੋਂ ਪ੍ਰੇਰਣਾ ਲੈ ਕੇ ਕੀਤੀ ਸੀ। ਇਸ ਮੁਹਿੰਮ ਨਾਲ ਦੋ ਸਾਲਾਂ ਵਿੱਚ ਸਰਾਏ ਕਾਲੇ ਖਾਂ, ਆਲੀ ਪਿੰਡ (ਸਰਿਤਾ ਵਿਹਾਰ) ਅਤੇ ਕੁਸਮਪੁਰ ਪਹਾੜੀ, ਖਾਨ ਬਸਤੀ ਅਤੇ ਰੋਹਿਣੀ ਬਸਤੀ ਤੱਕ ਕਰੀਬ 40 ਤੋਂ ਵੱਧ ਪਰਿਵਾਰ ਜੁੜੇ ਹੋਏ ਹਨ। ਇਹ ਪਰਿਵਾਰ ਆਪਣੀਆਂ ਛੱਤਾਂ 'ਤੇ ਕਿਚਨ ਗਾਰਡਨਿੰਗ ਰਾਹੀਂ ਪੋਸ਼ਣ ਅਤੇ ਖੁਸ਼ੀਆਂ ਉਗਾ ਰਹੇ ਹਨ।

ਸਿਲਾਈ ਸੈਂਟਰ ਵਿੱਚ ਕੰਮ ਕਰਨ ਵਾਲੀ ਆਫ਼ਰੋਜ਼ ਜਮਾਲ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਘਰ ਦੇ ਛੋਟੇ ਜਿਹੇ ਬਾਲਟੀ ਗਾਰਡਨ ਵਿੱਚੋਂ ਹੁਣ ਇੰਨਾ ਕਰੇਲਾ, ਟਮਾਟਰ, ਪਾਲਕ, ਘੀਆ (ਲੌਕੀ) ਅਤੇ ਮਿਰਚ ਉੱਗ ਜਾਂਦਾ ਹੈ ਕਿ ਰੋਜ਼ਾਨਾ ਖਾਣ ਵਿੱਚ ਕੰਮ ਆ ਸਕੇ। ਇਸ ਨਾਲ ਪੈਸਿਆਂ ਦੀ ਬਚਤ ਹੋ ਰਹੀ ਹੈ। ਇਹ ਸਭ 'ਬਸਤੀ ਗਾਰਡਨਜ਼ ਆਫ਼ ਹੋਪ' ਦੀ ਵਜ੍ਹਾ ਨਾਲ ਸੰਭਵ ਹੋ ਪਾਇਆ ਹੈ, ਜੋ ਪਰਿਵਾਰਾਂ ਨੂੰ ਹਰੀਆਂ ਸਬਜ਼ੀਆਂ ਖੁਦ ਉਗਾਉਣ ਵਿੱਚ ਮਦਦ ਕਰਦੀ ਹੈ। ਰਾਘਵ ਦੀ ਇਸ ਮੁਹਿੰਮ ਤੋਂ ਪ੍ਰੇਰਿਤ ਹੋ ਕੇ ਕਈ ਸਥਾਨਕ ਲੋਕ, ਮਾਹਿਰ ਅਤੇ ਸਮਾਜਿਕ ਸੰਸਥਾਵਾਂ ਵੀ ਮਦਦ ਕਰ ਰਹੇ ਹਨ।

**ਗ੍ਰੋ-ਬੈਗ, ਖਾਦ, ਬੀਜ ਦੇ ਕੇ ਕਰਾਉਂਦੇ ਹਨ**

**ਵਰਕ-ਸ਼ਾਪ**

'ਬਸਤੀ ਗਾਰਡਨਜ਼ ਆਫ਼ ਹੋਪ' ਪਰਿਵਾਰਾਂ ਨੂੰ ਬੀਜ, ਮਿੱਟੀ, ਖਾਦ ਅਤੇ ਗ੍ਰੋ-ਬੈਗ ਦਿੰਦੇ ਹਨ ਅਤੇ ਹਫ਼ਤੇ ਵਿੱਚ ਇੱਕ ਵਾਰ ਬਾਗਬਾਨੀ, ਖਾਦ ਬਣਾਉਣ ਅਤੇ ਮਿੱਟੀ ਦੀ ਸਿਹਤ 'ਤੇ ਵਰਕ-ਸ਼ਾਪ ਵੀ ਕਰਾਉਂਦੇ ਹਨ। ਅੱਜ ਇਨ੍ਹਾਂ ਬਸਤੀਆਂ ਦੀਆਂ ਔਰਤਾਂ ਆਪਣੇ-ਆਪਣੇ ਇਲਾਕੇ ਦੇ ਭਾਈਚਾਰੇ ਦੀਆਂ ਗਾਰਡਨਰ (ਮਾਲੀ) ਬਣ ਗਈਆਂ ਹਨ।


21 Century



Inderjit Singh
BROKER-REAL ESTATE

(1) ਘਰ/ਬਿਜ਼ਨਸ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
(2) ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ।
(3) ਬਹੁਤ ਹੀ ਚੰਗੇ ਰੇਟ 'ਤੇ ਘਰਾਂ ਲਈ ਲੋਨ ਕਰਵਾ ਕੇ ਦੇਣ ਦਾ ਵਾਅਦਾ ਕਰਦੇ ਹਾਂ।


Office : 425-775-8525
Cell : 425-425-4055
Fax : 425-670-3500

MLS email: inderjit.singh@centuary21.com

19020 33rd Ave West, Suite 300, Lynnwood, WA 98036



ਸਰਦਾਰ ਜੀ Sardar Ji Catering




INDIA BISTRO




Varinder Singh

Phone :- 206-517-4444
Cell :- 206-771-5079

sardarjicatering@gmail.com
www.sardarjicatering.com www.indiabistroroosevelt.com

ਵੱਡੀ ਤੋਂ ਵੱਡੀ ਕੇਟਰਿੰਗ ਕਰਾਉਣ ਲਈ ਇਕ ਵਾਰ ਯਾਦ ਜ਼ਰੂਰ ਕਰੋ।
ਪੰਜਾਬੀ ਖਾਣਿਆਂ ਦਾ ਸਵਾਦ ਲੈਣ ਲਈ ਇਕ ਵਾਰ ਰੈਸਟੋਰੈਂਟ 'ਤੇ ਜ਼ਰੂਰ ਆਓ।

6417 Roosewelt Way NE, SEATTLE, WA 98115

# ਪਰਿਵਾਰ ਨੂੰ ਨਾ ਮਿਲਣ ਦੇਣ ਕਾਰਨ ਇਮਰਾਨ ਖਾਨ ਫਿਰ ਦੁਨੀਆ ਭਰ ’ਚ ਪ੍ਰਸਿੱਧ ਹੋਏ

ਮੰਗਲਵਾਰ ਨੂੰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਵੱਲੋਂ ਇਸਲਾਮਾਬਾਦ ਹਾਈ ਕੋਰਟ ਅਤੇ ਅਡਿਆਲਾ ਜੇਲ੍ਹ ਦੇ ਬਾਹਰ ਕੀਤੇ ਗਏ ਵਿਰੋਧ ਮੁਜ਼ਾਹਰੇ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਭੈਣ ਉਜ਼ਮਾ ਖ਼ਾਨ ਨੂੰ ਆਪਣੇ ਭਰਾ ਨਾਲ ਮਿਲਣ ਦੀ ਇਜਾਜ਼ਤ ਦੇ ਦਿੱਤੀ ਗਈ। ਮੁਲਾਕਾਤ ਉਸ ਵੇਲੇ ਹੋਈ ਜਦੋਂ ਇਮਰਾਨ ਖ਼ਾਨ ਬਾਰੇ ਵੱਖ-ਵੱਖ ਅਫ਼ਵਾਹਾਂ ਚੱਲ ਰਹੀਆਂ ਸਨ। ਮੰਗਲਵਾਰ ਨੂੰ ਜਦੋਂ ਇਮਰਾਨ ਖ਼ਾਨ ਦੀਆਂ ਤਿੰਨ ਭੈਣਾਂ, ਅਲੀਮਾ ਖਾਨਮ, ਨੌਰੀਨ ਨਿਆਜ਼ੀ ਅਤੇ ਉਜ਼ਮਾ ਖ਼ਾਨ, ਅਡਿਆਲਾ ਜੇਲ੍ਹ ਦੇ ਬਾਹਰ ਮੁਲਾਕਾਤ ਲਈ ਪਹੁੰਚੀਆਂ ਤਾਂ ਉੱਥੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਰਾਹ ਵਿੱਚ ਰੋਕ ਲਿਆ।

ਹਾਲਾਂਕਿ, ਕੁਝ ਸਮੇਂ ਬਾਅਦ, ਜੇਲ੍ਹ ਅਧਿਕਾਰੀਆਂ ਨੇ ਇਮਰਾਨ ਖ਼ਾਨ ਦੀਆਂ ਭੈਣਾਂ ਕੋਲ ਇੱਕ ਅਧਿਕਾਰੀ ਭੇਜਿਆ ਅਤੇ ਸੁਨੇਹਾ ਦਿੱਤਾ ਕਿ ਮੁਲਾਕਾਤ ਲਈ ਉਜ਼ਮਾ ਖ਼ਾਨ ਦੇ ਨਾਮ 'ਤੇ ਸਹਿਮਤੀ ਹੋ ਗਈ। ਉਜ਼ਮਾ ਖਾਨ ਅਡਿਆਲਾ ਜੇਲ੍ਹ ਵਿੱਚ ਇਮਰਾਨ ਖ਼ਾਨ ਨੂੰ ਮਿਲਣ ਤੋਂ ਬਾਅਦ ਜਦੋਂ ਬਾਹਰ ਆਏ ਤਾਂ ਉਨ੍ਹਾਂ ਨੇ ਪੱਤਰਕਾਰਾਂ ਨੂੰ ਆਪਣੇ ਭਰਾ ਦੇ ਹਾਲਾਤ ਬਾਰੇ ਦੱਸਿਆ। ਉਜ਼ਮਾ ਖ਼ਾਨ ਨੇ ਕਿਹਾ, "ਉਹ ਬਹੁਤ ਗੁੱਸੇ ਵਿੱਚ ਸਨ ਅਤੇ ਕਹਿ ਰਹੇ ਸਨ ਕਿ ਇਹ ਸਾਨੂੰ ਮਾਨਸਿਕ ਤੌਰ 'ਤੇ ਤਸੀਹੇ ਦੇ ਰਹੇ ਹਨ, ਸਾਰਾ ਦਿਨ ਕਮਰੇ ਵਿੱਚ ਬੰਦ ਰੱਖਦੇ ਹਨ ਥੋੜ੍ਹੇ ਸਮੇਂ ਲਈ ਬਾਹਰ ਜਾਣ ਦੇ ਰਹੇ ਹਨ। ਕਿਸੇ ਨਾਲ ਕੋਈ ਗੱਲ ਕਰਨ ਦੀ ਇਜਾਜ਼ਤ ਨਹੀਂ ਹੈ। ਜੋ ਸਭ ਕੁਝ ਹੋ ਰਿਹਾ ਹੈ, ਉਸ ਲਈ ਆਸਿਮ ਮੁਨੀਰ ਜ਼ਿੰਮੇਵਾਰ ਹਨ।"

ਇਸ ਦੇ ਨਾਲ ਹੀ ਉਜ਼ਮਾ ਖ਼ਾਨ ਨੇ ਦੱਸਿਆ ਕਿ ਉਹ ਸਿਰਫ਼ 20 ਮਿੰਟ ਹੀ ਗੱਲ ਕਰ ਸਕੇ ਅਤੇ ਉਨ੍ਹਾਂ ਕਿਹਾ ਕਿ ਇਮਰਾਨ ਖ਼ਾਨ ਦੀ ਸਿਹਤ ਬਿਲਕੁਲ ਠੀਕ ਹੈ। ਇਸ ਤੋਂ ਪਹਿਲਾਂ, ਉਨ੍ਹਾਂ ਦੇ ਪਰਿਵਾਰ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਲਗਭਗ ਇੱਕ ਮਹੀਨੇ ਤੋਂ ਸਾਬਕਾ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਉਨ੍ਹਾਂ ਕਿਹਾ, "ਸਰਕਾਰੀ ਅਧਿਕਾਰੀ ਨਹੀਂ ਚਾਹੁੰਦੇ ਕਿ ਇਮਰਾਨ ਖ਼ਾਨ ਦੇ ਸੁਨੇਹੇ ਜੇਲ੍ਹ ਤੋਂ ਬਾਹਰ ਆਉਣ।"

ਇਮਰਾਨ ਖ਼ਾਨ ਦੀ ਭੈਣ ਨੌਰੀਨ ਖ਼ਾਨ ਨੇ ਇਹ ਇਲਜ਼ਾਮ ਲਾਇਆ "ਉਹ (ਸਰਕਾਰੀ ਅਧਿਕਾਰੀ) ਸਿਰਫ਼ ਇਸ ਗੱਲ ਤੋਂ ਚਿੰਤਤ ਹਨ ਕਿ ਇਮਰਾਨ ਖ਼ਾਨ ਦੇ ਸ਼ਬਦ ਲੀਕ ਹੋ ਰਹੇ ਹਨ, ਇਸੇ ਲਈ ਉਨ੍ਹਾਂ ਨੇ ਉਨ੍ਹਾਂ ਨਾਲ ਮਿਲਣਾ-ਗਿਲਣਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ।" ਇਮਰਾਨ ਖਾਨ ਦੀਆਂ ਭੈਣਾਂ ਨੇ ਕਿਹਾ ਸੀ ਪਹਿਲਾਂ ਉਹ ਅਦਾਲਤ ਦੇ ਹੁਕਮਾਂ ਮੁਤਾਬਕ ਹਰ ਮੰਗਲਵਾਰ ਨੂੰ ਆਪਣੇ ਭਰਾ ਨੂੰ ਮਿਲਦੀਆਂ ਸਨ, ਪਰ ਇਮਰਾਨ ਖ਼ਾਨ ਨਾਲ ਉਨ੍ਹਾਂ ਦੀ ਆਖ਼ਰੀ ਮੁਲਾਕਾਤ 4 ਨਵੰਬਰ ਨੂੰ ਹੋਈ ਸੀ।



ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ ਟੀ ਆਈ) ਨਾਲ ਸਬੰਧਤ ਸਾਰੇ ਸੰਸਦ ਮੈਂਬਰਾਂ ਨੇ ਮੰਗਲਵਾਰ ਨੂੰ ਇਸਲਾਮਾਬਾਦ ਹਾਈ ਕੋਰਟ ਅਤੇ ਅਡਿਆਲਾ ਜੇਲ੍ਹ ਦੇ ਬਾਹਰ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦਾ ਸੱਦਾ ਦਿੱਤਾ ਸੀ, ਹਾਲਾਂਕਿ, ਇਸਲਾਮਾਬਾਦ ਅਤੇ ਰਾਵਲਪਿੰਡੀ ਵਿੱਚ ਧਾਰਾ 144 ਲਾਗੂ ਕਰ ਦਿੱਤੀ ਗਈ। ਇਮਰਾਨ ਖ਼ਾਨ ਦੀ ਦੂਜੀ ਭੈਣ, ਅਲੀਮਾ ਖ਼ਾਨ ਨੇ ਬੀਬੀਸੀ ਨੂੰ ਦੱਸਿਆ ਸੀ ਕਿ 4 ਨਵੰਬਰ ਨੂੰ, ਜੇਲ੍ਹ ਅਧਿਕਾਰੀਆਂ ਨੇ ਨੌਰੀਨ ਖਾਨ ਨੂੰ ਇਮਰਾਨ ਖ਼ਾਨ ਨਾਲ ਮਿਲਣ ਦਾ ਪ੍ਰਬੰਧ ਕੀਤਾ ਸੀ ਅਤੇ "ਉਸ ਤੋਂ ਬਾਅਦ, ਉਨ੍ਹਾਂ ਨੇ ਉਸਨੂੰ ਕਿਸੇ ਨਾਲ ਵੀ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ।" ਇਮਰਾਨ ਖ਼ਾਨ ਦੀ ਦੀ ਪਤਨੀ ਰਹਿ ਚੁੱਕੇ ਜੇਮਿਮਾ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਦਾਅਵਾ ਕੀਤਾ ਸੀ ਕਿ ਇਮਰਾਨ ਖ਼ਾਨ ਦੇ ਪੁੱਤਰਾਂ ਸਮੇਤ "ਕਿਸੇ ਨੂੰ ਵੀ ਫੋਨ 'ਤੇ ਗੱਲ ਕਰਨ ਦੀ ਇਜਾਜ਼ਤ ਨਹੀਂ ਹੈ।" ਉਨ੍ਹਾਂ ਦੇ ਮੁਤਾਬਕ, ਇਮਰਾਨ ਖ਼ਾਨ ਦੇ ਪੁੱਤਰ "ਇੱਕ ਚਿੱਠੀ ਵੀ ਨਹੀਂ ਭੇਜ ਸਕਦੇ।" ਸਾਬਕਾ ਪ੍ਰਧਾਨ ਮੰਤਰੀ ਦੀ ਭੈਣ ਨੌਰੀਨ ਖ਼ਾਨ ਨੇ ਇਹ ਵੀ ਇਲਜ਼ਾਮ ਲਗਾਇਆ ਕਿ "ਪਾਕਿਸਤਾਨੀ ਸਰਕਾਰ ਅਤੇ ਅਸਟੈਬਲਿਸ਼ਮੈਂਟ ਇਮਰਾਨ ਖ਼ਾਨ ਤੋਂ 9 ਮਈ ਦੀ ਜ਼ਿੰਮੇਵਾਰੀ ਕਬੂਲ ਕਰਵਾਉਣਾ ਚਾਹੁੰਦੇ ਹਨ।" "ਉਹ ਚਾਹੁੰਦੇ ਹਨ ਕਿ ਇਮ-ਰਾਨ ਖ਼ਾਨ ਉਨ੍ਹਾਂ ਤੋਂ ਇਸ ਗੱਲ ਲਈ ਮੁਆਫੀ ਮੰਗਣ ਕਿ ਮੈਂ 9 ਮਈ ਨੂੰ ਕਰਵਾਇਆ, ਮੈਂ ਭੰਨਤੋੜ ਕੀਤੀ, ਮੈਂ ਆਪਣੇ ਲੋਕਾਂ ਨੂੰ ਗੋਲੀ ਮਾਰੀ, ਸ਼ਾਇਦ ਉਹ ਇਹੀ ਉਹ ਚਾਹੁੰਦੇ ਹਨ।" ਨੌਰੀਨ ਖ਼ਾਨ ਦੇ ਮੁਤਾਬਕ, "ਇਮਰਾਨ ਖ਼ਾਨ ਨੇ ਉਨ੍ਹਾਂ ਨੂੰ ਸਿਰਫ਼ ਇੱਕ ਹੀ ਜਵਾਬ ਦਿੱਤਾ ਸੀ ਕਿ ਤੁਸੀਂ ਸੀਸੀਟੀਵੀ ਫੁਟੇਜ ਕੱਢ ਲ , ਛਾਉਣੀ ਦੇ ਅੰਦਰ ਚੌਕੀਆਂ ਹਨ, ਕੋਈ ਵੀ ਫੌਜ ਦੀਆਂ ਨਜ਼ਰਾਂ ਵਿੱਚ ਆਏ ਬਿਨਾਂ ਜਾਂ ਕੈਮਰਿਆਂ ਵਿੱਚ ਕੈਦ ਹੋਏ ਬਿਨਾਂ ਇੱਥੇ ਦਾਖ਼ਲ ਨਹੀਂ ਹੋ ਸਕਦਾ।" ਪਿਛਲੇ ਸਾਲ 9 ਮਈ ਦੀ ਘਟਨਾ ਤੋਂ ਪਹਿਲਾਂ, ਜਦੋਂ ਫੌਜ ਦੇ ਬੁਲਾਰੇ ਮੇਜਰ ਜਨਰਲ ਅਹਿਮਦ ਸ਼ਰੀਫ ਚੌਧਰੀ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਗੱਲਬਾਤ ਬਾਰੇ ਪੁੱਛਿਆ ਗਿਆ ਸੀ, ਤਾਂ ਉਨ੍ਹਾਂ ਨੇ ਜਵਾਬ ਦਿੱਤਾ ਸੀ ਕਿ "ਕੋਈ ਵੀ ਅਜਿਹੇ ਅਰਾਜਕ ਸਮੂਹ ਨਾਲ ਗੱਲ ਨਹੀਂ ਕਰੇਗਾ ਜਿਸਨੇ ਆਪਣੀ ਹੀ ਫੌਜ 'ਤੇ ਹਮਲਾ ਕੀਤਾ ਹੋਵੇ। ਅਜਿਹੇ ਅਰਾਜਕ ਸਮੂਹ ਕੋਲ ਦੇਸ਼ ਕੋਲੋਂ ਮੁਆਫ਼ੀ ਮੰਗਣ ਅਤੇ ਨਫ਼ਰਤ ਛੱਡ ਕੇ ਉਸਾਰੂ ਸਿਆਸਤ ਵਿੱਚ ਹਿੱਸਾ ਲੈਣ ਦਾ ਹੀ ਰਾਹ ਹੈ।"

ਇਮਰਾਨ ਖ਼ਾਨ ਨੂੰ ਆਪਣੇ ਪਰਿਵਾਰ ਨਾਲ ਮਿਲਣ ਦੀ ਇਜਾਜ਼ਤ ਨਾ ਦੇਣਾ ਸਿਰਫ਼ ਇੱਕ ਇਲਜ਼ਾਮ ਨਹੀਂ ਹੈ, ਸਗੋਂ ਸਰਕਾਰੀ ਅੰਕੜੇ ਵੀ ਇਸ ਅਣਐਲਾਨੀ ਪਾਬੰਦੀ ਦੀ ਪੁਸ਼ਟੀ ਕਰਦੇ ਜਾਪਦੇ ਹਨ। ਸਮਾ ਟੀਵੀ ਦੇ ਇੱਕ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਦੇ ਰਾਜਨੀਤਿਕ ਮਾਮਲਿਆਂ ਦੇ ਸਲਾਹਕਾਰ ਰਾਣਾ ਸਨਾਉੱਲ੍ਹਾ ਨੇ ਕਿਹਾ ਕਿ "ਅਜਿਹਾ ਕੋਈ ਕਾਨੂੰਨ ਨਹੀਂ ਹੈ ਜੋ ਸਜ਼ਾਯਾਫ਼ਤਾ ਕੈਦੀ ਨੂੰ ਜੇਲ੍ਹ ਵਿੱਚ ਸਰਕਾਰ ਜਾਂ ਰਾਜ ਵਿਰੁੱਧ ਅੰਦੋਲਨ ਕਰਨ ਦੀ ਇਜਾਜ਼ਤ ਦੇਵੇ।" ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਉਨ੍ਹਾਂ ਦੇ ਪਰਿਵਾਰ ਨਾਲ ਮੁਲਾਕਾਤ ਦੀ ਇਜਾਜ਼ਤ ਨਾ ਦੇਣ ਦਾ ਵਿਰੋਧ ਨਾ ਸਿਰਫ਼ ਪੀਟੀਆਈ ਕਰ ਰਹੀ ਹੈ, ਸਗੋਂ ਮਨੁੱਖੀ ਅਧਿਕਾਰ ਸੰਗਠਨਾਂ ਨੇ ਵੀ ਇਸ 'ਤੇ ਚਿੰਤਾ ਜ਼ਾਹਰ ਕੀਤੀ।

ਸੋਮਵਾਰ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ "ਇਮਰਾਨ ਖ਼ਾਨ ਨੂੰ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ, ਸਹਿਯੋਗੀਆਂ ਜਾਂ ਕਾਨੂੰਨੀ ਟੀਮ ਨੂੰ ਮਿਲਣ ਦੀ ਇਜਾਜ਼ਤ ਨਾ ਦੇਣ ਦੀਆਂ ਰਿਪੋਰਟਾਂ ਨੂੰ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਪਰਿਵਾਰ ਅਤੇ ਕਾਨੂੰਨੀ ਸਹਾਇਤਾ ਤੱਕ ਪਹੁੰਚ ਇੱਕ ਬੁਨਿਆਦੀ ਸੁਰੱਖਿਆ ਹੈ।"

ਪਿਛਲੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਇਮਰਾਨ ਖ਼ਾਨ ਦੀ ਖਰਾਬ ਸਿਹਤ ਅਤੇ ਜੇਲ੍ਹ ਵਿੱਚ ਮੌਤ ਬਾਰੇ ਅਫਵਾਹਾਂ ਫੈਲ ਰਹੀਆਂ ਹਨ, ਜਿਨ੍ਹਾਂ ਦਾ ਸਰਕਾਰੀ ਅਧਿਕਾਰੀਆਂ ਨੇ ਖੰਡਨ ਕੀਤਾ ਹੈ।

# ਡਿਜੀਟਲ ਹੁੰਦੀ ਦੁਨੀਆਂ ਲਈ ਡਿਜੀਟਲ ਠੱਗ ਸਭ ਤੋਂ ਵੱਡੀ ਸਮੱਸਿਆ

ਪਿਛਲੇ ਸਾਲ ਅਕਤੂਬਰ ਤੋਂ ਡਿਜੀਟਲ ਗ੍ਰਿਫ਼ਤਾਰੀਆਂ ਦੇ ਮਾਮਲਿਆਂ ਨੇ ਜਿਸ ਹਿਸਾਬ ਨਾਲ ਰਫ਼ਤਾਰ ਫੜੀ ਹੈ, ਉਸ ਕਾਰਨ ਇਹ ਮਾਮਲੇ ਖ਼ੌਫ਼ਨਾਕ ਅਤੇ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਸਾਈਬਰ ਧੋਖਾਧੜੀ ਦੇ ਪੱਛਮੀ ਬੰਗਾਲ ’ਚ ਆਏ ਸਭ ਤੋਂ ਪਹਿਲੇ ਮਾਮਲੇ ’ਚ ਇਕ ਕਰੋੜ ਤੋਂ ਵੱਧ ਰਕਮ ਦੀ ਧੋਖਾਧੜੀ ਹੋਈ ਸੀ। ਇਸ ਮਾਮਲੇ ’ਚ ਨੌਂ ਮੁਲਜ਼ਮਾਂ ਨੂੰ ਸਜ਼ਾ ਵੀ ਦਿੱਤੀ ਗਈ। ਹੁਣ ਸੁਪਰੀਮ ਕੋਰਟ ਨੇ ਡਿਜੀਟਲ ਗ੍ਰਿਫ਼ਤਾਰੀਆਂ ਨਾਲ ਜੁੜੇ ਮਾਮਲਿਆਂ ਦੀ ਵਧਦੀ ਤਾਦਾਦ ਦੇਖ ਕੇ ਚਿੰਤਾ ਪ੍ਰਗਟਾਈ ਹੈ। ਇਕ ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਹੁਣ ਅਜਿਹੇ ਸਾਰੇ ਮਾਮਲਿਆਂ ਦੀ ਜਾਂਚ ਸੀਬੀਆਈ ਕਰੇਗੀ। ਇਹ ਫ਼ੈਸਲਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਕੁਝ ਮਹੀਨਿਆਂ ਦੌਰਾਨ ਡਿਜੀਟਲ ਗ੍ਰਿਫ਼ਤਾਰੀਆਂ ਕਰਕੇ ਲੋਕਾਂ ਨਾਲ ਕਰੋੜਾਂ ਰੁਪਏ ਦੀਆਂ ਠੱਗੀਆਂ ਵੱਜੀਆਂ ਹਨ। ਇਸ ਫ਼ੈਸਲੇ ਦਾ ਇਕ ਅਹਿਮ ਪੱਖ ਇਹ ਵੀ ਹੈ ਕਿ ਸੁਪਰੀਮ ਕੋਰਟ ਨੇ ਸੀਬੀਆਈ ਨੂੰ ਭ੍ਰਿਸ਼ਟਾਚਾਰ ਰੋਕਥਾਮ ਐਕਟ (ਪੀਸੀਏ) ਤਹਿਤ ਬੈਂਕਰਾਂ ਦੀ ਭੂਮਿਕਾ ਦੀ ਜਾਂਚ ਕਰਨ ਦੀ ਖੁੱਲ੍ਹ ਦਿੱਤੀ ਹੈ। ਸਿਖਰਲੀ ਅਦਾਲਤ ਨੇ ਭਾਰਤੀ ਰਿਜ਼ਰਵ ਬੈਂਕ ਨੂੰ ਇਨ੍ਹਾਂ ਮਾਮਲਿਆਂ ’ਚ ਧਿਰ ਬਣਾਉਂਦੇ ਹੋਏ ਨੋਟਿਸ ਜਾਰੀ ਕੀਤਾ ਹੈ। ਦਰਅਸਲ, ਸੁਪਰੀਮ ਕੋਰਟ ਦਾ ਆਰਬੀਆਈ ਨੂੰ ਵੀ ਸਵਾਲ ਹੈ ਕਿ ਉਹ ਅਜਿਹੀ ਮਸਨੂਈ ਬੁੱਧੀ ਵਾਲੀ ਤਕਨੀਕ ਕਦੋਂ ਲਾਗੂ ਕਰੇਗਾ ਜਿਸ ਨਾਲ ਧੋਖਾਧੜੀ ਕਰਨ ਵਾਲਿਆਂ ਦੇ ਖਾਤੇ ਸੀਜ਼ ਕੀਤੇ ਜਾ ਸਕਣ ਤੇ ਇਨ੍ਹਾਂ ਦੀ ਪਛਾਣ ਹੋ ਸਕੇ। ਹਾਲਾਂਕਿ ਇਸ ਕੜੀ ’ਚ ਟੈਲੀਕਾਮ ਸੇਵਾ ਪ੍ਰਦਾਤਾ ਕੰਪਨੀਆਂ ਨੂੰ ਵੀ ਅਜਿਹੇ ਮਾਮਲਿਆਂ ’ਤੇ ਨੇੜਿ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਡਿਜੀਟਲ ਅਰੈਸਟ ਨਾਲ ਸਬੰਧਤ ਹੁਣ ਤੱਕ ਜਿੰਨੇ ਵੀ ਮਾਮਲੇ ਸਾਹਮਣੇ ਆਏ ਹਨ, ਉਨ੍ਹਾਂ ’ਚ ਵੱਡੇ ਬੈਂਕ ਬੈਲੇਂਸ ਵਾਲੇ ਬਹੁਤੇ ਉਹ ਬਜ਼ੁਰਗ ਲੋਕ ਪੀੜਤ ਹਨ ਜਿਨ੍ਹਾਂ ਦੀ ਜ਼ਿੰਦਗੀ ਭਰ ਦੀ ਜਮ੍ਹਾ ਪੂੰਜੀ ਖ਼ੌਫ਼ ਦੇ ਸਾਏ ਕਾਰਨ ਉੱਡੀ ਹੈ।




ਬੀਤੇ ਇਕ ਸਾਲ ਦੌਰਾਨ 11,000 ਤੋਂ ਵੱਧ ਡਿਜੀਟਲ ਧੋਖਾਧੜੀ ਦੇ ਕੇਸ ਸਾਹਮਣੇ ਆਏ ਹਨ। ਇਨ੍ਹਾਂ ’ਚ ਇਕੱਲੇ ਕਰਨਾਟਕ ’ਚ ਇਕ ਸਾਲ ’ਚ 641 ਡਿਜੀਟਲ ਗ੍ਰਿਫ਼ਤਾਰੀਆਂ ਦੇ ਕੇਸ ਰਿਪੋਰਟ ਹੋਏ ਹਨ। ਇਹ ਧੋਖਾਧੜੀਆਂ ਫ਼ਰਜ਼ੀ ਸਿਮ ਕਾਰਡਾਂ ਅਤੇ ਨਕਲੀ ਬੈਂਕ ਖਾਤਿਆਂ ਨਾਲ ਸਬੰਧਤ ਹਨ ਜੋ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਸਰਗਰਮ ਵੱਖ-ਵੱਖ ਗਰੁੱਪਾਂ ਵੱਲੋਂ ਤਿਆਰ ਕੀਤੇ ਗਏ ਹਨ।

ਰੋਜ਼ਾਨਾ ਅਜਿਹੇ ਮਾਮਲਿਆਂ ਦੀਆਂ ਖ਼ਬਰਾਂ ਨਸ਼ਰ ਹੋ ਰਹੀਆਂ ਹਨ ਤੇ ਸਰਕਾਰ ਵੱਲੋਂ ਸੋਸ਼ਲ ਮੀਡੀਆ ਐਪਸ ਫੇਸਬੁੱਕ, ਟੈਲੀਗ੍ਰਾਮ, ਇੰਸਟਾਗ੍ਰਾਮ ਤੇ ਵ੍ਹਟਸਐਪ ਗਰੁੱਪਾਂ ਰਾਹੀਂ ਲੋਕਾਂ ਖ਼ਾਸ ਤੌਰ ’ਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਗਏ ਤਾਂ ਜੋ ਲੋਕ ਆਪਣੇ ਨਾਲ ਵਾਪਰੀਆਂ ਅਜਿਹੀਆਂ ਘਟਨਾਵਾਂ ਬਾਰੇ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੂੰ ਸਮਾਂ ਰਹਿੰਦਿਆਂ ਜਾਣਕਾਰੀ ਦੇ ਸਕਣ। ਬੇਸ਼ੱਕ ਵੱਡੇ ਪੱਧਰ ’ਤੇ ਮੀਡੀਆ ਵੱਲੋਂ ਲੋਕਾਂ ਨੂੰ ਸਚੇਤ ਰਹਿਣ ਲਈ ਕਿਹਾ ਜਾ ਰਿਹਾ ਹੈ ਪਰ ਫਿਰ ਵੀ ਲੋਕ ਡਿਜੀਟਲ ਠੱਗਾਂ ਦੇ ਜਾਲ਼ ’ਚ ਫਸਦੇ ਜਾ ਰਹੇ ਹਨ। ਪੀੜਤਾਂ ਦੇ ਆਲੇ-ਦੁਆਲੇ ਇਹ ਠੱਗ ਮਾਹੌਲ ਹੀ ਅਜਿਹਾ ਬਣਾ ਦਿੰਦੇ ਹਨ ਕਿ ਦੂਜੀ ਗੱਲ ਸੋਚਣ ਦਾ ਮੌਕਾ ਹੀ ਨਹੀਂ ਮਿਲਦਾ। ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ ਜਿਨ੍ਹਾਂ ’ਚ ਡਿਜੀਟਲ ਅਰੈਸਟ ਰਾਹੀਂ ਇਕ ਮਹੀਨੇ ਤੱਕ ਬੰਦੀ ਬਣਾ ਕੇ ਕਰੋੜਾਂ ਰੁਪਏ ਠੱਗੇ ਗਏ ਹਨ। ਬੇਸ਼ੱਕ ਸਰਕਾਰਾਂ ਲੋਕਾਂ ਨੂੰ ਸਾਈਬਰ ਠੱਗਾਂ ਤੋਂ ਬਚ ਕੇ ਰਹਿਣ ਲਈ ਚੇਤੰਨ ਕਰ ਰਹੀਆਂ ਹਨ ਪਰ ਇਸ ਦੇ ਨਾਲ-ਨਾਲ ਲੋਕਾਂ ਦਾ ਵੀ ਫ਼ਰਜ਼ ਹੈ ਕਿ ਉਹ ਫ਼ਰਜ਼ੀ ਕਾਲਾਂ ਤੋਂ ਸੁਚੇਤ ਰਹਿਣ ਤੇ ਆਲੇ-ਦੁਆਲੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days Weekends/Evenings (Year Round Service) Resonalbe Rates Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com



# ਪਰਵਾਸੀਆਂ ਲਈ ਬੰਦ ਹੋ ਰਹੇ ਨੇ ਦੁਨੀਆ ਭਰ ਦੇ ਮੁਲਕਾਂ ਦੇ ਬੂਹੇ

**ਸੁਰਜੀਤ ਸਿੰਘ ਫਲੋਰਾ**

ਪਿਛਲੇ ਕੁਝ ਸਮੇਂ ਤੋਂ ਵਿਸ਼ਵ-ਵਿਆਪੀ ਆਰਥਿਕ ਸੰਕਟ ਕਾਰਨ ਪੱਛਮੀ ਮੁਲਕ ਇਮੀਗ੍ਰੇਸ਼ਨ ਨੂੰ ਲੈ ਕੇ ਭਾਰੀ ਦਬਾਅ ਹੇਠ ਹਨ। ਸਥਾਨਕ ਲੋਕਾਂ ਦੇ ਲਗਾਤਾਰ ਵਿਰੋਧ ਕਾਰਨ ਇਨ੍ਹਾਂ ਮੁਲਕਾਂ ਵੱਲੋਂ ਆਪਣੀਆਂ ਪਰਵਾਸ ਨੀਤੀਆਂ ਨੂੰ ਲਗਾਤਾਰ ਸਖ਼ਤ ਤੇ ਸੀਮਤ ਕੀਤਾ ਜਾ ਰਿਹਾ ਹੈ। ਉਂਜ, ਕੈਨੇਡਾ-ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਵੱਲੋਂ ਪਰਵਾਸ ਦੇ ਨਵੇਂ ਟੀਚੇ ਐਲਾਨ ਕਰਦਿਆਂ ਆਪਣਾ ਮਾਨਵੀ ਚਿਹਰਾ ਬਣਾਏ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਮਰੀਕਾ ਦੇ ਸਦਰ ਡੋਨਾਲਡ ਟਰੰਪ ਦੇ ਇਕ ਬਿਆਨ ਨੇ ਪਰਵਾਸੀ ਭਾਈਚਾਰਿਆਂ ਵਿਚ ਕਾਫ਼ੀ ਡਰ ਅਤੇ ਸ਼ੰਕੇ ਪੈਦਾ ਕੀਤੇ ਹਨ। ਵਾਸ਼ਿੰਗਟਨ ਡੀਸੀ ਵਿਚ ਦੋ ਨੈਸ਼ਨਲ ਗਾਰਡਾਂ ਨੂੰ ਇਕ ਸ਼ੱਕੀ ਅਫ਼ਗਾਨੀ ਨਾਗਰਿਕ ਵੱਲੋਂ ਗੋ.ਲੀ ਮਾਰੇ ਜਾਣ ਉਪਰੰਤ ਟਰੰਪ ਨੇ ਕਿਹਾ ਹੈ ਕਿ ਉਹ ਤੀਸਰੀ ਦੁਨੀਆ ਦੇ ਲੋਕਾਂ ਦਾ ਅਮਰੀਕਾ ਵਿਚ ਦਾਖ਼ਲਾ ਪੱਕੇ ਤੌਰ 'ਤੇ ਬੰਦ ਕਰ ਦੇਣਗੇ। ਸ਼ੱਕੀ ਅਫ਼ਗਾਨੀ ਨਾਗਰਿਕ ਪਿਛਲੇ ਸਮੇਂ ਦੌਰਾਨ ਅਫ਼ਗਾਨਿਸਤਾਨ ਵਿਚ ਅਮਰੀਕੀ ਫ਼ੌਜਾਂ ਲਈ ਸਹਾਇਤਾ ਕਰਨ ਕਾਰਨ ਤਰਸ ਦੇ ਆਧਾਰ 'ਤੇ ਅਮਰੀਕਾ ਦੀ ਇਮੀਗ੍ਰੇਸ਼ਨ ਲੈਣ ਵਿਚ ਸਫਲ ਰਿਹਾ ਸੀ। ਰਾਸ਼ਟਰਪਤੀ ਨੇ ਅਜਿਹੇ ਲੋਕਾਂ ਨੂੰ ਅਮਰੀਕਾ ਵਿਚ ਲਿਆਂਦੇ ਜਾਣ ਲਈ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੀ ਨਿੰਦਾ ਕੀਤੀ।

ਆਪਣੇ ਦੂਜੇ ਰਾਸ਼ਟਰਪਤੀ ਕਾਰਜਕਾਲ ਵਿਚ ਟਰੰਪ ਦੇ ਛਾਪਿਆਂ ਅਤੇ ਦੇਸ਼ ਨਿਕਾਲੇ ਨੇ ਪੂਰੇ ਅਮਰੀਕਾ ਵਿਚ ਭਾਈਚਾਰਿਆਂ ਦੀ ਹਾਲਤ ਨੂੰ ਵਿਗਾੜ ਦਿੱਤਾ ਹੈ। ਪ੍ਰਸ਼ਾਸਨ ਨੇ ਅਪਰਾਧਕ ਰਿਕਾਰਡ ਵਾਲੇ ਅਤੇ ਹਿੰਸਾ ਦੇ ਦੋਸ਼ੀ ਲੋਕਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਵਾਅਦਾ ਕੀਤਾ ਸੀ ਪਰ ਬਹੁਤ ਸਾਰੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਿਵਾਸੀਆਂ ਅਤੇ ਇੱਥੋਂ ਤੱਕ ਕਿ ਅਮਰੀਕੀ ਨਾਗਰਿਕਾਂ ਨੂੰ ਵੀ ਕਦੇ-ਕਦੇ ਆਈਸੀਈ ਅਤੇ ਕਸਟਮ ਅਤੇ ਸਰਹੱਦੀ ਸੁਰੱਖਿਆ ਅਧਿਕਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ।

ਕਈ ਜੱਜਾਂ ਨੇ ਪ੍ਰਸ਼ਾਸਨ ਦੀ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਢੁੱਕਵੀਂ ਪ੍ਰਕਿਰਿਆ ਦਾ ਸਾਹਮਣਾ ਨਾ ਕਰਨ ਲਈ ਆਲੋਚਨਾ ਕੀਤੀ ਹੈ। ਕੁਈਆਂ ਨੂੰ ਜਿਨ੍ਹਾਂ ਨੂੰ ਅਮਰੀਕਾ ਵਿਚ ਕਦੇ ਵੀ ਕਿਸੇ ਅਪਰਾਧ ਦਾ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ, ਉਨ੍ਹਾਂ ਨੂੰ ਅਲ ਸਲਵਾਡੋਰ ਦੀ ਇਕ ਬਦਨਾਮ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਉਨ੍ਹਾਂ ਤੀਜੀ ਦੁਨੀਆ ਦੇ ਲੋਕਾਂ ਦੀ ਇਮੀਗ੍ਰੇਸ਼ਨ 'ਤੇ ਤੁਰੰਤ ਪਾਬੰਦੀ ਲਗਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਪਰਵਾਸੀਆਂ ਨੂੰ ਅਮਰੀਕਾ ਵਿਚ ਰਹਿਣ ਦਾ ਕੋਈ ਹੱਕ ਨਹੀਂ ਜੋ ਮੁਲਕ ਦੀ ਸੁਰੱਖਿਆ ਲਈ ਖ਼ਤਰਾ ਹਨ। ਟਰੰਪ ਨੇ ਅਸਥਾਈ ਪਰਵਾਸੀਆਂ ਨੂੰ ਫੈਡਰਲ ਸਹੂਲਤਾਂ ਅਤੇ ਸਬਸਿਡੀਆਂ ਵੀ ਬੰਦ ਕਰਨ ਦਾ ਐਲਾਨ ਕੀਤਾ। ਭਾਵੇਂ ਕਿ ਉਨ੍ਹਾਂ ਨੇ ਤੀਜੀ ਦੁਨੀਆ ਦੇ ਮੁਲਕਾਂ ਦਾ ਕੋਈ ਨਾਂ ਨਹੀਂ ਲਿਆ ਪਰ ਅਮਰੀਕਾ ਵਿਚ ਰਹਿ ਰਹੇ ਸਾਰੇ ਅਫ਼ਗਾਨੀ ਨਾਗਰਿਕਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ 'ਤੇ ਰੋਕ ਲਗਾਉਣ ਦਾ ਐਲਾਨ ਕਰ ਦਿੱਤਾ ਹੈ।



ਇਸ ਦੌਰਾਨ ਪਤਾ ਲੱਗਾ ਹੈ ਕਿ ਅਮਰੀਕੀ ਪ੍ਰਸ਼ਾਸਨ ਨੇ ਕੈਨੇਡਾ ਅਤੇ ਹੋਰ ਪੱਛਮੀ ਮੁਲਕਾਂ ਨੂੰ ਆਪਣੇ ਰਾਜਕੀ ਸੁਨੇਹੇ ਰਾਹੀਂ ਇਮੀਗ੍ਰੇਸ਼ਨ 'ਤੇ ਕੰਟਰੋਲ ਕਰਨ ਦੀ ਸਲਾਹ ਦਿੱਤੀ ਹੈ। ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਨੇ ਭਾਵੇਂ ਇਸ ਅਮਰੀਕੀ ਨਿਰਦੇਸ਼ ਤੋਂ ਅਣਜਾਣਤਾ ਪ੍ਰਗਟਾਈ ਹੈ ਪਰ ਕੈਨੇਡਾ ਵੱਲੋਂ ਪਹਿਲਾਂ ਹੀ ਐਲਾਨੀ ਗਈ 2026-28 ਦੀ ਇਮੀਗ੍ਰੇਸ਼ਨ ਨੀਤੀ ਤਹਿਤ ਅਸਥਾਈ ਨਿਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਵਿਚ ਹੋਰ ਕਮੀ ਕਰ ਦਿੱਤੀ ਗਈ ਹੈ। ਕੈਨੇਡਾ ਸਰਕਾਰ ਨੇ 2027 ਦੇ ਅੰਤ ਤੱਕ ਕੈਨੇਡਾ ਦੀ ਅਸਥਾਈ ਆਬਾਦੀ ਨੂੰ ਕੁੱਲ ਆਬਾਦੀ ਦੇ 5 ਫ਼ੀਸਦ ਘੱਟ ਕਰਨ ਲਈ ਵਚਨਬੱਧਤਾ ਪ੍ਰਗਟਾਈ ਹੈ। ਨਵੇਂ ਅਸਥਾਈ ਨਿਵਾਸੀਆਂ ਲਈ ਮਿੱਥੇ ਟੀਚੇ ਮੁਤਾਬਕ 2026 ਵਿਚ 385,000 ਅਤੇ 2027 ਅਤੇ 2028 ਵਿਚ 370,000 ਦੀ ਗਿਣਤੀ ਨਿਰਧਾਰਤ ਕੀਤੀ ਗਈ ਹੈ। ਸਰਕਾਰ 2026 ਅਤੇ 2027 ਵਿਚ 33,000 ਵਰਕ ਪਰਮਿਟ ਵਾਲੇ ਲੋਕਾਂ ਨੂੰ ਪੀਆਰ ਦੇਵੇਗੀ। ਜਦਕਿ ਅਸਥਾਈ ਨਿਵਾਸੀ ਵੀਜ਼ਾ ਜਾਂ ਇਲੈਕਟ੍ਰਾਨਿਕ ਵੀਜ਼ਾ, ਕੈਨੇਡਾ ਵਿਚ ਸਟੱਡੀ/ਵਰਕ ਪਰਮਿਟ ਅਰਜ਼ੀਆਂ ਅਤੇ ਸ਼ਰਨਾਰਥੀ ਦਾਅਵੇਦਾਰਾਂ ਲਈ ਟੀਚੇ ਨਿਰਧਾਰਤ ਨਹੀਂ ਕੀਤੇ। ਉਂਜ ਨਿੱਜੀ ਸ਼ਰਨਾਰਥੀਆਂ, ਅਰਜ਼ੀਆਂ ਉੱਪਰ 2027 ਤੱਕ ਰੋਕ ਲਗਾਉਣ ਦਾ ਐਲਾਨ ਕੀਤਾ ਗਿਆ ਹੈ। ਪਹਿਲਾਂ ਹੀ 90,000 ਸ਼ਰਨਾਰਥੀ ਅਰਜ਼ੀਆਂ ਲਟਕੀਆਂ ਪਈਆਂ ਹਨ।

ਧਰ ਯੂਰਪੀ ਮੁਲਕਾਂ ਨੇ ਇਮੀਗ੍ਰੇਸ਼ਨ ਨੀਤੀਆਂ ਵਿਚ ਵੱਡੀ ਤਬਦੀਲੀ ਕੀਤੀ ਹੈ। ਸੰਨ 2015 ਵਿਚ ਬਹੁਤ ਸਾਰੇ ਯੂਰਪੀਅਨ ਮੁਲਕ ਲੱਖਾਂ ਸੀਰੀਆਈ ਤੇ ਅਫ਼ਗਾਨੀ ਸ਼ਰਨਾਰਥੀਆਂ ਦੇ ਨਾਲ ਦੁਨੀਆ ਦੇ ਹੋਰ ਮੁਲਕਾਂ ਦੇ ਲੋਕਾਂ ਨੂੰ ਵੀ ਇਮੀਗ੍ਰੇਸ਼ਨ ਸੌਖਾਲੀ ਦੇਣ ਲਈ ਵਚਨਬੱਧ ਸਨ। ਜਰਮਨੀ ਵਰਗੇ ਮੁਲਕ ਨੇ ਤਾਂ ਸ਼ਰਨਾਰਥੀਆਂ ਲਈ ਸਵਾਗਤ ਅਤੇ ਦਿਆਲਤਾ ਦੇ ਸੱਭਿਆਚਾਰ ਦਾ ਅਨੁਸਰਣ ਕੀਤਾ ਸੀ। ਜਰਮਨੀ ਦੇ ਨਾਲ-ਨਾਲ ਹੋਰ ਯੂਰਪੀ ਮੁਲਕ ਜੋ ਸ਼ਰਨਾਰਥੀਆਂ ਦਾ ਖੁੱਲ੍ਹੀਆਂ ਬਾਹਾਂ ਨਾਲ ਸਵਾਗਤ ਕਰਦੇ ਸਨ, ਹੁਣ ਉਹ ਦਰ ਬੰਦ ਹੋ ਗਏ ਹਨ। ਯੂਰਪ ਵਿਚ ਇਮੀ-ਗ੍ਰੇਸ਼ਨ ਕਾਨੂੰਨ ਸਖ਼ਤ ਬਣਾਉਣ ਵਾਲੇ ਪਹਿਲੇ ਮੁਲਕਾਂ ਵਿਚ ਡੈਨਮਾਰਕ ਨੇ ਪਹਿਲਕਦਮੀ ਕੀਤੀ ਸੀ। ਸੰਨ 2019 ਵਿਚ ਉਸ ਵੱਲੋਂ ਲਿਆਂਦੇ ਗਏ ਸਖ਼ਤ ਕਨੂੰਨਾਂ ਦੀ ਬਾਕੀ ਯੂਰਪੀ ਮੁਲਕਾਂ ਨੇ ਵੀ ਨਕਲ ਕੀਤੀ। ਡੈਨਮਾਰਕ ਦੀ ਪ੍ਰਧਾਨ ਮੰਤਰੀ ਫਰੈਡਰਿਕਸਨ ਨੇ ਇਕ ਨਵਾਂ ਦੇਸ਼ ਨਿਕਾਲੇ ਦਾ ਕਾਨੂੰਨ ਪੇਸ਼ ਕੀਤਾ ਹੈ ਜੋ ਸ਼ਰਨਾਰਥੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਭੇਜਣ ਦੀ ਆਗਿਆ ਦਿੰਦਾ ਹੈ। ਉਸ ਦੀ ਸਰਕਾਰ ਨੇ ਕੁਝ ਮਾਮਲਿਆਂ ਵਿਚ ਸਮਾਜਿਕ ਰਿਹਾਇਸ਼ੀ ਖੇਤਰਾਂ ਨੂੰ ਬੰਦ ਕਰ ਦਿੱਤਾ ਹੈ ਅਤੇ ਇੱਥੋਂ ਤੱਕ ਕਿ ਢਾਹ ਵੀ ਦਿੱਤਾ ਹੈ ਜਿੱਥੇ ਅੱਧੇ ਤੋਂ ਵੱਧ ਨਿਵਾਸੀ ਗ਼ੈਰ ਪੱਛਮੀ ਪਿਛੋਕੜ ਦੇ ਸਨ ਅਤੇ ਅਪਰਾਧ ਅਤੇ ਗ਼ਰੀਬੀ ਦੇ ਭੰਡਾਰ ਬਣ ਗਏ ਸਨ। ਪਿਛਲੇ ਹਫ਼ਤੇ ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਲੇਬਰ ਸਰਕਾਰ ਨੇ ਵੀ ਦੇਸ਼ ਦੀ ਸ਼ਰਨ ਨੀਤੀ ਵਿਚ ਇਕ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ ਜੋ ਹੁਣ ਸਾਰੇ ਯੂਰਪ ਵਿਚ ਸਭ ਤੋਂ ਸਖ਼ਤ ਸਜ਼ਾ ਦੇਣ ਵਾਲੀ ਨੀਤੀ ਕਹੀ ਜਾ ਸਕਦੀ ਹੈ।

ਯੂਕੇ ਦੇ ਗ੍ਰਿਹ ਸਕੱਤਰ ਨੇ ਜੋ ਸੁਧਾਰ ਪੇਸ਼ ਕੀਤੇ ਹਨ, ਉਨ੍ਹਾਂ ਅਨੁਸਾਰ ਪਿਛਲੇ ਚਾਰ ਸਾਲਾਂ ਵਿਚ ਦੇਸ਼ 'ਚ 400,000 ਲੋਕਾਂ ਨੇ ਸ਼ਰਨ ਦਾ ਦਾਅਵਾ ਕੀਤਾ ਹੈ। ਨਵੇਂ ਅੰਕੜਿਆਂ ਅਨੁਸਾਰ ਬ੍ਰਿਟੇਨ 'ਚ ਸ਼ੁੱਧ ਪਰਵਾਸ 2023 ਦੇ ਸਿਖਰ ਤੋਂ ਲਗਪਗ 80 ਪ੍ਰਤੀਸ਼ਤ ਤੱਕ ਘਟ ਗਿਆ ਹੈ। ਬ੍ਰਿਟਿਸ਼ ਸਰਕਾਰ ਨੇ ਡੈਨਮਾਰਕ ਦੀ ਨਕਲ ਕਰਦਿਆਂ ਸਥਾਈ ਨਿਵਾਸ ਲਈ ਯੋਗ ਹੋਣ ਦੀ ਉਡੀਕ ਨੂੰ ਵਧਾ ਕੇ 20 ਸਾਲ ਕਰ ਦਿੱਤਾ ਹੈ। ਇਸ ਸਮੇਂ ਦੌਰਾਨ ਪ੍ਰਾਰਥੀ ਦੀ ਹਰ ਢਾਈ ਸਾਲ ਬਾਅਦ ਸਮੀਖਿਆ ਕੀਤੀ ਜਾਵੇਗੀ। ਜੇ ਕਿਸੇ ਵਿਅਕਤੀ ਦਾ ਦੇਸ਼ ਇਸ ਸਮੇਂ ਦੌਰਾਨ ਸੁਰੱਖਿਅਤ ਹੈ ਤਾਂ ਉਸ ਨੂੰ ਵਾਪਸ ਭੇਜ ਦਿੱਤਾ ਜਾਵੇਗਾ। ਇੱਥੋਂ ਤੱਕ ਕਿ ਜਿਹੜੇ ਪਰਵਾਸੀ ਕਾਨੂੰਨੀ ਤੌਰ 'ਤੇ ਬ੍ਰਿਟੇਨ ਵਿਚ ਆਉਂਦੇ ਹਨ, ਉਨ੍ਹਾਂ ਨੂੰ ਵੀ ਸਥਾਈ ਨਿਵਾਸ ਲਈ 10 ਸਾਲਾਂ ਦੀ ਉਡੀਕ ਕਰਨੀ ਪਵੇਗੀ ਜਦਕਿ ਹੁਣ ਇਹ ਸਮਾਂ ਪੰਜ ਸਾਲ ਹੈ। ਕੋਈ ਵੀ ਦਾਅਵੇਦਾਰ ਜੋ ਕੰਮ ਕਰਦਾ ਹੈ, ਉਸ ਤੋਂ ਰਿਹਾਇਸ਼ ਅਤੇ ਹਫ਼ਤਾਵਾਰੀ ਭੱਤੇ ਵਾਪਸ ਲੈ ਲਏ ਜਾਣਗੇ। ਸ਼ਰਨਾਰਥੀ ਹੁਣ ਬ੍ਰਿਟੇਨ ਵਿਚ ਰਹਿਣ ਲਈ ਪਰਿਵਾਰਕ ਸਬੰਧਾਂ ਦੀ ਵਰਤੋਂ ਨਹੀਂ ਕਰ ਸਕਣਗੇ। ਪਰਵਾਸ ਪੱਛਮੀ ਦੁਨੀਆ ਵਿਚ ਲਗਪਗ ਹਰ ਜਗ੍ਹਾ ਇਕ ਭਖਦਾ ਮੁੱਦਾ ਹੈ। ਇਸ ਵਰਤਾਰੇ ਨੇ ਪੱਛਮੀ ਸਰਕਾਰਾਂ ਲਈ ਜੋ ਸਮੱਸਿਆ ਪੈਦਾ ਕੀਤੀ ਹੈ ਉਹ ਬਹੁਤ ਗੰਭੀਰ ਹੈ। ਬ੍ਰਿਟੇਨ ਪਰਵਾਸ ਸਮੱਸਿਆ ਦਾ ਗੜ੍ਹ ਬਣ ਗਿਆ ਹੈ। ਹਜ਼ਾਰਾਂ ਸਥਾਨਕ ਲੋਕ ਇਸ ਦੇ ਵਿਰੋਧ ਵਿਚ ਸੜਕਾਂ 'ਤੇ ਉਤਰ ਆਏ ਹਨ। ਦੰਗਿਆਂ ਵਾਲੀ ਸਥਿਤੀ ਹੈ। ਸ਼ਰਨਾਰਥੀ ਹਿੰਸਕ ਕਾਰਵਾਈਆਂ ਦਾ ਸਾਹਮਣਾ ਬਣ ਰਹੇ ਹਨ। ਅਜਿਹੇ ਹਾਲਾਤ ਵਿਚ ਸਰਕਾਰਾਂ ਦੀ ਸਖ਼ਤੀ ਨੂੰ ਸਮਝਿਆ ਜਾ ਸਕਦਾ ਹੈ।

SIMRAN
SIMRAN SINGH DIRECTOR +1 551 666 0493
KEEP IN MIND FOR ALL KIND OF
CINEMATIC STUFF
FILM MAKING / WEDDING / MUSIC / LIVE
www.simranproduction.com simranproduction@gmail.com
ਤੁਹਾਡਾ ਲੋਕਲ TV Channel
ਸਾਡਾ SADDA TV USA

ਸ਼ਬਦ ਘੱਟ-ਅਰਥ ਕਮਾਲ
Your's Local TV Channel
SIMRAN SINGH +1 551 666 0493
saddatvusa@gmail.com www.saddatv.com

LOWER YOUR INSURANCE RATES NOW
ASK ME HOW
MEHTAB SINGH
209-769-2540
Your Local Insurance Advisor
offering Personalized Service & Competitive rates
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ
AUTO, HOME, BUSINESS, COMMECIAL PROPERTY
MEHTAB (MIKE) SINGH
209-769-2540
INSURENOWWITHMIKE@GMAIL.COM
LIC # 4467263

# ਸੋਸ਼ਲ ਮੀਡੀਆ ਦੀ 'ਆਜ਼ਾਦੀ' ਖ਼ਤਮ ਹੋਵੇਗੀ

ਪਿਛਲੇ ਕੁਝ ਸਾਲਾਂ ਦੌਰਾਨ ਇੰਟਰਨੈੱਟ ਮੀਡੀਆ ਬੇਹੱਦ ਸ਼ਕਤੀਸ਼ਾਲੀ ਮੋਡ ਦੇ ਤੌਰ 'ਤੇ ਸਾਹਮਣੇ ਆਇਆ ਹੈ। ਇਸ ਨੇ ਆਮ ਲੋਕਾਂ ਨੂੰ ਅਜਿਹਾ ਮੰਚ ਮੁਹੱਈਆ ਕਰਵਾਇਆ ਹੈ ਜਿੱਥੇ ਲੋਕ ਬਿਨਾਂ ਕਿਸੇ ਡਰ ਦੇ ਆਪਣੀ ਰਾਏ ਜ਼ਾਹਰ ਕਰ ਸਕਦੇ ਹਨ। ਇਸਦੇ ਸਕਾਰਾਤਮਕ ਪੱਖਾਂ ਦੇ ਨਾਲ ਬਹੁਤ ਸਾਰੇ ਨਕਾਰਾਤਮਕ ਪੱਖ ਵੀ ਸਾਹਮਣੇ ਆਏ ਹਨ। ਇੰਟਰਨੈੱਟ ਮੀਡੀਆ 'ਤੇ ਅਸ਼ਲੀਲ, ਗੁੰਮਰਾਹ ਕਰਨ ਵਾਲੀ ਅਤੇ ਗ਼ੈਰ-ਕਾਨੂੰਨੀ ਸਮੱਗਰੀ ਦੀ ਭਰਮਾਰ ਹੈ। ਜੇ ਕਿਸੇ ਨਾਲ ਜੁੜੀ ਅਸ਼ਲੀਲ ਸਮੱਗਰੀ ਇੰਟਰਨੈੱਟ 'ਤੇ ਪ੍ਰਸਾਰਿਤ ਹੋ ਜਾਂਦੀ ਹੈ ਤਾਂ ਉਸ ਵਿਅਕਤੀ ਕੋਲ ਇਸ ਨਾਲ ਨਜਿੱਠਣ ਦਾ ਕੋਈ ਉਪਾਅ ਨਹੀਂ ਹੁੰਦਾ ਕਿਉਂਕਿ ਉਸਦਾ ਨੁਕਸਾਨ ਕੁਝ ਹੀ ਘੰਟਿਆਂ 'ਚ ਹੋ ਜਾਂਦਾ ਹੈ। ਇੰਟਰਨੈੱਟ ਮੀਡੀਆ ਦੀ ਦੁਰਵਰਤੋਂ ਨਾਲ ਸਮਾਜ ਵਿੱਚ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਰਹੇ ਹਨ। ਭਰਮਾਊ ਜਾਣਕਾਰੀਆਂ ਲੋਕਾਂ ਦੀ ਰਾਏ ਨੂੰ ਗਲਤ ਤਰੀਕੇ ਨਾਲ ਪ੍ਰਭਾਵਿਤ ਕਰਦੀਆਂ ਹਨ ਤੇ ਇਹ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਲਈ ਵੀ ਖ਼ਤਰਨਾਕ ਹਨ।

ਸੁਪਰੀਮ ਕੋਰਟ ਨੇ ਇਸਦੇ ਖ਼ਤਰਿਆਂ ਨੂੰ ਗੰਭੀਰ ਮੰਨਦੇ ਹੋਏ ਸਰਕਾਰ ਨੂੰ ਇਕ ਸੁਤੰਤਰ ਰੈਗੂਲੇਟਰੀ ਬਣਾਉਣ ਲਈ ਕਿਹਾ ਹੈ, ਜੋ ਇੰਟਰਨੈੱਟ ਮੀਡੀਆ 'ਤੇ ਪਾਈ ਜਾਣ ਵਾਲੀ ਗ਼ੈਰ-ਕਾਨੂੰਨੀ ਸਮੱਗਰੀ 'ਤੇ ਲਗਾਮ ਕੱਸ ਸਕੇ। ਇੰਟਰਨੈੱਟ ਮੀਡੀਆ ਦੀ ਭਰੋਸੇਯੋਗਤਾ ਨੂੰ ਯਕੀਨੀ ਬਣਾਉਣ ਅਤੇ ਸਮਾਜ ਨੂੰ ਇਸਦੇ ਖ਼ਤਰਿਆਂ ਤੋਂ ਬਚਾਉਣ ਲਈ ਬਾਕੀ ਦੇਸ਼ਾਂ ਨੇ ਕੀ ਨਿਯਮ ਬਣਾਏ ਹਨ? ਇੱਥੇ ਪੜ੍ਹੋ...

ਚੀਨ, ਮਿਸਰ, ਈਰਾਨ, ਉੱਤਰ ਕੋਰੀਆ, ਸਾਊਦੀ ਅਰਬ, ਸੀਰੀਆ ਤੇ ਭਾਰਤ ਵਰਗੇ ਕਈ ਦੇਸ਼ਾਂ ਵਿਚ ਇੰਟਰਨੈੱਟ ਮੀਡੀਆ 'ਤੇ ਪਹਿਲਾਂ ਹੀ ਸਖ਼ਤ ਪਾਬੰਦੀਆਂ ਹਨ। ਕਿਤੇ ਇਹ ਰੋਕ ਆਰਜ਼ੀ ਹੁੰਦੀ ਹੈ, ਜਿਵੇਂ ਚੋਣਾਂ ਜਾਂ ਵਿਰੋਧ ਪ੍ਰਦਰਸ਼ਨਾਂ ਦੌਰਾਨ, ਤਾਂ ਕਿਤੇ ਸਥਾਈ, ਅਤੇ ਉਸਦੇ ਲਈ ਸਖ਼ਤ ਕਾਨੂੰਨ ਬਣਾਏ ਜਾਂਦੇ ਹਨ। ਇਸਦਾ ਮਕਸਦ ਸੂਚਨਾ ਦੇ ਪ੍ਰਵਾਹ ਨੂੰ ਕੰਟਰੋਲ ਕਰਨਾ ਤੇ ਫੇਕ ਨਿਊਜ਼ ਨੂੰ ਰੋਕਣਾ ਹੁੰਦਾ ਹੈ ਪਰ ਕਈ ਵਾਰ ਲੋਕਾਂ ਦੀ ਅਸਹਿਮਤੀ ਨੂੰ ਦਬਾਉਣ ਲਈ ਵੀ ਇਨ੍ਹਾਂ ਪਲੇਟਫਾਰਮਾਂ 'ਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ।

**ਬ੍ਰਾਜ਼ੀਲ ਵਿੱਚ ਫੇਕ ਨਿਊਜ਼ 'ਤੇ ਸਖ਼ਤੀ**

ਬ੍ਰਾਜ਼ੀਲ ਨੇ 2024 'ਚ 'ਐਕਸ' (X) ਨੂੰ ਆਰਜ਼ੀ ਤੌਰ 'ਤੇ ਬੈਨ ਕੀਤਾ ਕਿਉਂਕਿ ਕੰਪਨੀ ਦੇਸ਼ ਦੇ ਐਂਟੀ-ਡਿਸਇਨਫਾਰਮੇਸ਼ਨ ਕਾਨੂੰਨਾਂ ਦੀ ਪਾਲਣਾ ਨਹੀਂ ਕਰ ਰਹੀ ਸੀ। ਸਰਕਾਰ ਦਾ ਕਹਿਣਾ ਹੈ ਕਿ ਟੈੱਕ ਕੰਪਨੀਆਂ ਨੂੰ ਚੋਣਾਂ ਤੇ ਸਿਹਤ ਨਾਲ ਜੁੜੀ ਫੇਕ ਨਿਊਜ਼ 'ਤੇ ਜ਼ਿਆਦਾ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।

**ਭਾਰਤ 'ਚ ਟਿਕਟੌਕ 'ਤੇ ਰੋਕ**

ਭਾਰਤ ਨੇ 2020 'ਚ ਟਿਕਟੌਕ ਸਮੇਤ ਕਈ ਐਪਸ ਨੂੰ ਬੈਨ ਕੀਤਾ। ਸਰਕਾਰ ਨੇ ਡਾਟਾ ਪ੍ਰਾਈਵੇਸੀ ਤੇ ਕੌਮੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਐਪਸ ਤੋਂ ਵਿਦੇਸ਼ੀ ਸੰਸਥਾਵਾਂ ਤਕ ਸੰਵੇਦਨਸ਼ੀਲ ਜਾਣਕਾਰੀ ਜਾ ਸਕਦੀ ਹੈ। ਲੱਖਾਂ ਯੂਜ਼ਰਜ਼ ਅਚਾਨਕ ਇਸ ਪ੍ਰਸਿੱਧ ਪਲੇਟਫਾਰਮ ਤੋਂ ਕੱਟ ਗਏ।

**ਚੀਨ ਦਾ 'ਗ੍ਰੇਟ ਫਾਇਰਵਾਲ'**

ਚੀਨ ਵਿਚ ਫੇਸਬੁੱਕ, ਟਵਿੱਟਰ ਤੇ ਇੰਸਟਾਗ੍ਰਾਮ ਵਰਗੇ ਵੱਡੇ ਪਲੇਟਫਾਰਮ ਪੂਰੀ ਤਰ੍ਹਾਂ ਬਲਾਕ ਹਨ। ਉਥੋਂ ਦੇ ਲੋਕ ਵੀਚੈਟ (WeChat) ਤੇ ਵੀਬੋ (Wiebo) ਵਰਗੇ ਘਰੇਲੂ ਐਪਸ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਨੂੰ ਸਰਕਾਰ ਸਖ਼ਤੀ ਨਾਲ ਮਾਨੀਟਰ ਕਰਦੀ ਹੈ।

**ਉੱਤਰੀ ਕੋਰੀਆ 'ਚ ਨਾਗਰਿਕਾਂ ਲਈ ਬੰਦ ਹੈ ਇੰਟਰਨੈੱਟ**

ਉੱਤਰੀ ਕੋਰੀਆ 'ਚ ਇੰਟਰਨੈੱਟ ਮੀਡੀਆ 'ਤੇ ਪੂਰੀ ਤਰ੍ਹਾਂ ਬੈਨ ਹੈ। ਆਮ ਲੋਕ ਸਿਰਫ਼ "ਕਵਾਂਗਮਯੋਂਗ" (Kwangmyong) ਨਾਂ ਦੇ ਸਰਕਾਰੀ ਇੰਟਰਨੈੱਟ ਤਕ ਹੀ ਸੀਮਤ ਰਹਿੰਦੇ ਹਨ। ਵਿਦੇਸ਼ੀ ਪਲੇਟਫਾਰਮਾਂ ਦੀ ਵਰਤੋਂ ਕਰਨਾ ਅਪਰਾਧ ਮੰਨਿਆ ਜਾਂਦਾ ਹੈ ਤੇ ਸਖ਼ਤ ਸਜ਼ਾ ਮਿਲ ਸਕਦੀ ਹੈ।

**ਈਰਾਨ 'ਚ ਵੀਪੀਐਨ ਦਾ ਸਹਾਰਾ**

ਈਰਾਨ 'ਚ ਫੇਸਬੁੱਕ, ਐਕਸ ਤੇ ਯੂਟਿਊਬ ਬਲਾਕ ਹਨ। ਲੋਕ ਇਨ੍ਹਾਂ ਪਲੇਟਫਾਰਮਾਂ ਤਕ ਪਹੁੰਚਣ ਲਈ ਵੀਪੀਐਨ ਦੀ ਵਰਤੋਂ ਕਰਦੇ ਹਨ, ਪਰ ਅਜਿਹਾ ਕਰਨਾ ਕਾਨੂੰਨੀ ਜੋਖ਼ਮਾਂ ਨਾਲ ਭਰਿਆ ਹੈ।

**ਖਾੜੀ ਦੇਸ਼ਾਂ 'ਚ ਸਖ਼ਤ ਨਿਗਰਾਨੀ**

ਸਾਊਦੀ ਅਰਬ ਤੇ ਯੂਏਈ 'ਚ ਇੰਟਰਨੈੱਟ ਮੀਡੀਆ ਦੀ ਵਰਤੋਂ ਤਾਂ ਹੁੰਦੀ ਹੈ ਪਰ ਸਰਕਾਰਾਂ ਉਸ 'ਤੇ ਸਖ਼ਤ ਨਜ਼ਰ ਰੱਖਦੀ ਹੈ। ਇੱਥੇ ਸ਼ਾਹੀ ਪਰਿਵਾਰ ਜਾਂ ਧਾਰਮਿਕ ਕਦਰਾਂ-ਕੀਮਤਾਂ ਦੀ ਆਲੋਚਨਾ ਕਰਨ 'ਤੇ ਗ੍ਰਿਫ਼ਤਾਰੀ ਤੇ ਸਜ਼ਾ ਤਕ ਹੋ ਸਕਦੀ ਹੈ।

**ਰੂਸ ਤੇ ਤੁਰਕੀਏ 'ਚ ਘਟਾਈ ਗਈ ਇੰਟਰਨੈੱਟ ਸਪੀਡ**

ਤੁਰਕੀਏ ਕਈ ਵਾਰ ਟਵਿੱਟਰ, ਫੇਸਬੁੱਕ ਤੇ ਯੂਟਿਊਬ ਦੀ ਸਪੀਡ ਹੌਲੀ ਕਰ ਦਿੰਦਾ ਹੈ ਜਾਂ ਉਨ੍ਹਾਂ ਨੂੰ ਬਲਾਕ ਕਰ ਦਿੰਦਾ ਹੈ। ਉੱਥੇ ਹੀ ਰੂਸ ਨੇ "ਸੌਵਰੇਨ ਇੰਟਰਨੈੱਟ" ਕਾਨੂੰਨ ਬਣਾਇਆ ਹੈ, ਜਿਸ ਨਾਲ ਲੋੜ ਪੈਣ 'ਤੇ ਦੇਸ਼ ਨੂੰ ਪੂਰੀ ਤਰ੍ਹਾਂ ਇੰਟਰਨੈੱਟ ਤੋਂ ਕੱਟਿਆ ਜਾ ਸਕਦਾ ਹੈ।

**ਮਿਸਰ ਅਤੇ ਵੀਅਤਨਾਮ 'ਚ ਸਰਕਾਰ ਵਿਰੋਧੀ ਕੰਟੈਂਟ 'ਤੇ ਰੋਕ**

ਮਿਸਰ 'ਚ ਜਿਹੜੇ ਇੰਟਰਨੈੱਟ ਮੀਡੀਆ ਯੂਜ਼ਰਜ਼ ਦੇ 5,000 ਤੋਂ ਵੱਧ ਫਾਲੋਅਰਜ਼ ਹਨ, ਉਨ੍ਹਾਂ ਨੂੰ ਸਰਕਾਰ ਦੇ ਨਾਲ ਰਜਿਸਟਰ ਕਰਨਾ ਪੈਂਦਾ ਹੈ। ਉੱਥੇ ਹੀ ਵੀਅਤਨਾਮ 'ਚ ਪਲੇਟਫਾਰਮ ਨੂੰ ਸਰਕਾਰ ਵਿਰੋਧੀ ਕੰਟੈਂਟ ਹਟਾਉਣਾ ਲਾਜ਼ਮੀ ਹੈ ਤੇ ਡਾਟਾ ਲੋਕਲ ਸਟੋਰ ਕਰਨਾ ਪੈਂਦਾ ਹੈ।

**ਆਸਟ੍ਰੇਲੀਆ 'ਚ ਬੱਚਿਆਂ ਲਈ ਪਾਬੰਦੀ**

ਦੁਨੀਆ ਦੇ ਬਾਕੀ ਹਿੱਸਿਆਂ ਤੋਂ ਵੱਖ, ਆਸਟ੍ਰੇਲੀਆ ਦਸੰਬਰ ਤੋਂ ਬੱਚਿਆਂ (16 ਸਾਲ ਤੋਂ ਘੱਟ) ਲਈ ਇੰਟਰਨੈੱਟ ਮੀਡੀਆ ਬੈਨ ਲਾਗੂ ਕਰ ਰਿਹਾ ਹੈ। ਟਿਕਟੌਕ, ਇੰਸਟਾਗ੍ਰਾਮ, ਫੇਸਬੁੱਕ, ਐਕਸ ਤੇ ਸਨੈਪਚੈਟ ਨਾਬਾਲਗਾਂ ਲਈ ਬੰਦ ਕਰ ਦਿੱਤੇ ਜਾਣਗੇ।

**ਬਦਲਦੀ ਡਿਜੀਟਲ ਦੁਨੀਆ**

ਦੁਨੀਆ ਭਰ ਵਿਚ ਇੰਟਰਨੈੱਟ ਮੀਡੀਆ ਨੂੰ ਕਈ ਕਾਰਨਾਂ ਦਾ ਹਵਾਲਾ ਦੇ ਕੇ ਕੰਟਰੋਲ ਕੀਤਾ ਜਾਂਦਾ ਹੈ। ਭਾਵੇਂ ਇਹ ਪਾਬੰਦੀ ਗਲਤ ਕੰਟੈਂਟ ਨੂੰ ਰੋਕਣ ਲਈ ਕੀਤੀ ਗਈ ਹੋਵੇ ਜਾਂ ਰਾਜਨੀਤਕ ਵਿਰੋਧ ਨੂੰ ਦਬਾਉਣ ਲਈ। ਇੰਟਰਨੈੱਟ ਮੀਡੀਆ ਦੀ ਦੁਨੀਆ ਹੁਣ ਪਹਿਲਾਂ ਵਰਗੀ ਬੇਲਗਾਮ ਨਹੀਂ ਰਹੀ ਹੈ।

# ਕੈਨੇਡਾ ਵਿਚ ਰਹਿੰਦੇ ਪੰਜਾਬੀ ਬਦਨਾਮ ਕਿਉਂ ਹੋ ਰਹੇ ਹਨ?

**ਗੁਰਮੀਤ ਸੁੱਖਪੁਰ**

ਕਿਸੇ ਸਮੇਂ ਪੰਜਾਬ ਵਿੱਚ ਕੈਨੇਡਾ ਦੀ ਤੂਤੀ ਬੋਲਦੀ ਸੀ। ਕੈਨੇਡਾ ਦੇ ਪ੍ਰਬੰਧ ਨੂੰ ਦੇਖ ਕੇ ਕਿ ਇੱਥੇ ਘੱਟੋ-ਘੱਟ ਚੰਗੀ ਉਜਰਤ ਮਿਲਦੀ ਹੈ, ਟਰੈਫਿਕ ਦੇ ਨਿਯਮ ਬਹੁਤ ਵਧੀਆ ਹਨ, ਐਕਸੀਡੈਂਟ ਦੀ ਦਰ ਬਹੁਤ ਘੱਟ ਹੈ, ਕੰਮ ਕਰਵਾਉਣ ਲਈ ਲਾਈਨ ਵਿੱਚ ਲੱਗਣ ਦੀ ਲੋੜ ਨਹੀਂ ਪੈਂਦੀ, ਔਰਤਾਂ ਨੂੰ ਮੁਕਾਬਲਤਨ ਆਜ਼ਾਦੀ ਹੈ, ਬੱਚਿਆਂ ਨੂੰ ਬਹੁਤ ਜ਼ਿਆਦਾ ਸਹੂਲਤਾਂ ਹਨ, ਬਜ਼ੁਰਗਾਂ ਨੂੰ ਚੰਗੀ ਪੈਨਸ਼ਨ ਮਿਲਦੀ ਹੈ, ਚੰਗੀਆਂ ਨੌਕਰੀਆਂ ਤੇ ਆਪਣੇ ਕਾਰੋਬਾਰ ਵਾਲਿਆਂ ਦੀ ਸਥਿਤੀ ਪੰਜਾਬ ਨਾਲੋਂ ਬਿਹਤਰ ਹੈ, ਵਾਤਾਵਰਨ ਬਹੁਤ ਸੋਹਣਾ ਹੈ, ਹਰੇਕ ਰਿਹਾਇਸ਼ੀ ਕਾਲੋਨੀ ਦੇ ਨੇੜੇ ਸ਼ਾਨਦਾਰ ਪਾਰਕ ਹਨ, ਤੁਸੀਂ ਦਰੱਖ਼ਤਾਂ ਨੂੰ ਬੇ ਵਜ੍ਹਾ ਕੱਟ ਨਹੀਂ ਸਕਦੇ ਤੇ ਕੂੜਾ ਕਰਕਟ ਨੂੰ ਟਿਕਾਣੇ ਲਾਉਣ ਦੇ ਬਹੁਤ ਹੀ ਚੰਗੇਰੇ ਪ੍ਰਬੰਧਾਂ ਕਾਰਨ ਕਨੇਡਾ ਇੱਕ ਸਮੇਂ ਐਡੇ ਵੱਡੇ ਮੁਕਾਮ 'ਤੇ ਸੀ ਕਿ ਹਰ ਕੋਈ ਕਿਸੇ ਵੀ ਹਾਲਤ ਵਿੱਚ ਕੈਨੇਡਾ ਜਾਣਾ ਚਾਹੁੰਦਾ ਸੀ।

ਪੰਜਾਹ ਕੁ ਸਾਲ ਪਹਿਲਾਂ ਵੱਡੇ ਘਰਾਂ ਦੇ ਬੱਚੇ ਵਿਆਹ ਕਰਵਾ ਕੇ ਇਸ ਸਵਰਗਾਂ ਵਰਗੀ ਖ਼ੁਸ਼ਹਾਲ ਧਰਤੀ 'ਤੇ ਪਹੁੰਚਣ ਵਿੱਚ ਕਾਮਯਾਬ ਹੁੰਦੇ ਰਹੇ ਤੇ ਅੱਗੇ ਦੀ ਅੱਗੇ ਰਿਸ਼ਤੇਦਾਰੀਆਂ ਰਾਹੀਂ ਹਰ ਕੋਈ ਕੋਸ਼ਿਸ਼ ਕਰਦਾ ਤੇ ਥੋੜ੍ਹੇ ਬਹੁਤੇ ਕਾਮਯਾਬ ਵੀ ਹੋ ਜਾਂਦੇ। ਕਈ ਬਾਹਰਲੇ ਰਿਸ਼ਤਿਆਂ ਦੀ ਝਾਕ ਵਿੱਚ ਉਮਰਾਂ ਹੀ ਲੰਘਾ ਬਹਿੰਦੇ ਸਨ। ਪਿਛਲੇ 15 ਕੁ ਸਾਲਾਂ ਤੋਂ ਆਈਲੈਟਸ ਨਾਂ ਦੀ ਸ਼ੈਅ ਨੇ ਪੰਜਾਬ ਦੀ ਜਵਾਨੀ ਨੂੰ ਚੰਗੇ ਬੈਂਡ ਲੈ ਕੇ ਪੜ੍ਹਨ ਲਈ ਕੈਨੇਡਾ ਜਾਣ ਦਾ ਐਸਾ ਰਸਤਾ ਬਣਾਇਆ ਜੋ ਕਿ 2021, 2022, 2023 ਤੇ 2024 ਵਿੱਚ ਹਾਈਵੇ ਦਾ ਰੂਪ ਧਾਰਨ ਕਰ ਗਿਆ। ਵਿਦਿਆਰਥੀਆਂ ਨਾਲ ਭਰੇ ਜਹਾਜ਼ਾਂ ਦੀਆਂ ਉਡਾਣਾਂ ਹਰ ਰੋਜ਼ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਣੇ ਏਅਰਪੋਰਟਾਂ 'ਤੇ ਜਾ ਉਤਰਨੀਆਂ ਸ਼ੁਰੂ ਹੋਈਆਂ। ਵੱਖ-ਵੱਖ ਏਅਰਲਾਈਨਾਂ ਨੇ ਪਿਛਲੇ ਸਮੇਂ ਦੌਰਾਨ ਹਵਾਈ ਯਾਤਰਾਵਾਂ ਦੀਆਂ ਮਹਿੰਗੀਆਂ ਟਿਕਟਾਂ ਵੇਚ ਕੇ ਚੋਖਾ ਧਨ ਕਮਾਇਆ। ਸਾਲ 2019 ਵਿੱਚ 4,00600 ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕੀਤੇ ਗਏ। 2020 ਵਿੱਚ ਕੋਵਿਡ ਕਾਰਨ ਇਹ ਥੋੜ੍ਹੇ ਘਟੇ ਜ਼ਰੂਰ, ਪਰ ਫਿਰ ਵੀ 2,55000 ਹਜ਼ਾਰ ਸਟੱਡੀ ਪਰਮਿਟ ਜਾਰੀ ਕੀਤੇ ਗਏ। ਇਸੇ ਤਰ੍ਹਾਂ 2021, 2022, 2023 ਤੇ 2024 ਵਿੱਚ ਕ੍ਰਮਵਾਰ 4,44260, 5,51405, 6,82889 ਤੇ 3,60000 ਪਰਮਿਟ ਜਾਰੀ ਹੋਏ। 2025 ਵਿੱਚ ਸਟੱਡੀ ਪਰਮਿਟਾਂ 'ਤੇ ਲਗਾਏ ਗਏ 30% ਕੱਟ ਦੇ ਬਾਵਜੂਦ 1,49860 ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕੀਤੇ ਗਏ। 31 ਜੁਲਾਈ 2025 ਤੱਕ 2,86465 ਵਿਦਿਆਰਥੀਆਂ ਕੋਲ ਵਰਕ ਪਰਮਿਟ ਸਨ ਤੇ 31 ਜੁਲਾਈ 2025 ਤੱਕ 4,99365 ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਨੂੰ ਅਜੇ ਤੱਕ ਵਰਕ ਪਰਮਿਟ ਨਹੀਂ ਮਿਲੇ। ਕੁੱਲ ਮਿਲਾ ਕੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਜਿਸ ਢੰਗ ਨਾਲ ਵਿਦਿਆਰਥੀਆਂ ਨੂੰ ਪੀਆਰ ਕਰਨ ਦੇ ਢੰਗਾਂ ਨੂੰ ਗੁੰਝਲਦਾਰ ਬਣਾਇਆ ਗਿਆ ਹੈ, ਉਸ ਮੁਤਾਬਕ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਵਾਪਸ ਮੁੜਨ ਦੀ ਖ਼ਤਰਨਾਕ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।




ਮੌਜੂਦਾ ਕਾਨੂੰਨ ਅਨੁਸਾਰ ਬਾਰ੍ਹਵੀਂ ਪਾਸ ਕਰਕੇ ਆਏ ਵਿਦਿਆਰਥੀਆਂ ਦੇ ਪੁਆਇੰਟ ਬਣਨੇ ਮੁਸ਼ਕਲ ਜਾਪਦੇ ਹਨ। ਐੱਲਐੱਮਆਈ ਬੇਸ਼ੱਕ ਵਿਦਿਆਰਥੀਆਂ/ ਲੋਕਾਂ ਦੀ ਵੱਡੀ ਪੱਧਰ 'ਤੇ ਲੁੱਟ ਕਰਨ ਦਾ ਸਾਧਨ ਬਣੀ ਹੋਈ ਹੈ, ਪ੍ਰੰਤੂ ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਪੈਸਾ ਖ਼ਰਚ ਕਰ ਸਕਦੇ ਸਨ, ਉਨ੍ਹਾਂ ਲਈ ਇਹ ਰਾਮਬਾਣ ਦਾ ਕੰਮ ਕਰਦੀ ਸੀ। ਨਵੇਂ ਨਿਯਮਾਂ ਮੁਤਾਬਕ ਐੱਲਐੱਮਆਈ ਦੇ 50 ਪੁਆਇੰਟ ਜੋ ਪਹਿਲਾਂ ਮਿਲਦੇ ਸਨ, ਹੁਣ ਬੰਦ ਕਰ ਦਿੱਤੇ ਗਏ ਹਨ। ਇਸ ਕਾਰਨ ਐੱਲਐੱਮਆਈ ਰਾਹੀਂ 50 ਪੁਆਇੰਟ ਜੁੜਨ ਦੀ ਆਸ ਵੀ ਲਗਭਗ ਖ਼ਤਮ ਹੀ ਹੋ ਗਈ ਹੈ। ਹੁਣ ਐੱਲਐੱਮਆਈ ਸਿਰਫ਼ ਵਰਕ ਪਰਮਿਟ ਨੂੰ ਵਧਾਉਣ ਦੇ ਕੰਮ ਲਈ ਹੀ ਵਰਤੀ ਜਾ ਸਕਦੀ ਹੈ।

ਪੰਜਾਬੀ ਭਾਈਚਾਰੇ ਨਾਲ ਸਬੰਧਤ ਐਸੋਸੀਏਸ਼ਨ ਆਫ ਸੀਨੀਅਰ ਕਲੱਬਜ਼ ਨੇ ਪਿਛਲੇ ਮਹੀਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਤੇ ਹੋਰ ਮੰਤਰੀਆਂ ਨੂੰ ਲਿਖਤੀ ਰੂਪ ਵਿੱਚ ਮਹਿੰਗੇ ਕਰਜ਼ੇ ਚੁੱਕ ਕੇ ਫੀਸਾਂ ਭਰ ਕੇ ਪੜ੍ਹਾਈ ਪੂਰੀ ਕਰ ਚੁੱਕੇ ਵਿਦਿਆਰਥੀਆਂ ਨੂੰ ਪੱਕੇ ਕਰਨ ਦੀ ਮੰਗ ਕੀਤੀ ਹੈ। ਕੈਨੇਡਾ ਸਰਕਾਰ ਨੂੰ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਜਿੰਨਾ ਚਿਰ ਤੱਕ ਵਿਦਿਆਰਥੀ ਪੀਆਰ ਨਹੀਂ ਹੋ ਜਾਂਦੇ ਉਦੋਂ ਤੱਕ ਉਨ੍ਹਾਂ ਦੇ ਵਰਕ ਪਰਮਿਟਾਂ ਵਿੱਚ ਆਟੋਮੈਟਿਕ ਤੌਰ 'ਤੇ ਵਾਧਾ ਕੀਤਾ ਜਾਵੇ। ਪਿਛਲੇ ਸਮੇਂ ਤੋਂ ਵਿਦਿਆਰਥੀ ਵੀ ਲਗਾਤਾਰ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ, ਪ੍ਰੰਤੂ ਪੰਜਾਬੀ ਕਮਿਊਨਿਟੀ ਵੱਲੋਂ ਜਿੰਨਾ ਵੱਡਾ ਹੁੰਗਾਰਾ ਮਿਲਣਾ ਚਾਹੀਦਾ ਸੀ, ਉਸ ਤਰ੍ਹਾਂ ਦਾ ਨਹੀਂ ਮਿਲਿਆ। ਵਿਦਿਆਰਥੀਆਂ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ। ਬਹੁਤ ਸਾਰਿਆਂ ਕੋਲ ਤਾਂ ਕੰਮ ਵੀ ਨਹੀਂ ਹੈ। ਜਿਨ੍ਹਾਂ ਕੋਲ ਕੰਮ ਹੈ ਉਹ ਲਗਾਤਾਰ ਸ਼ਿਫਟਾਂ ਲਾ ਲਾ ਕੇ ਬੌਂਦਲੇ ਤੁਰੇ ਫਿਰਦੇ ਹਨ, ਕਿਸੇ ਨੂੰ ਕਿਤੋਂ ਵੀ ਆਸ ਦੀ ਕਿਰਨ ਦਿਖਾਈ ਨਹੀਂ ਦਿੰਦੀ।

ਡੁੱਬਦੇ ਨੂੰ ਤਿਣਕੇ ਦਾ ਸਹਾਰਾ ਬਣਿਆ ਅਸਾਈਲਮ ਸਿਸਟਮ ਵੀ ਨਵੇਂ ਆ ਰਹੇ ਕਾਨੂੰਨ ਮੁਤਾਬਕ ਕੁਝ ਕੰਮ ਨਹੀਂ ਆਵੇਗਾ। ਬਹੁਤ ਸਾਰੇ ਵਿਦਿਆਰਥੀਆਂ ਦਾ ਜਦੋਂ ਕਿਤੇ ਵੀ ਹੱਥ ਨਹੀਂ ਪਿਆ ਤਾਂ ਉਨ੍ਹਾਂ ਨੇ ਆਖਰ ਅਸਾਈਲਮ ਅਪਲਾਈ ਕਰਨ ਨੂੰ ਹੀ ਤਰਜੀਹ ਦਿੱਤੀ, ਪ੍ਰੰਤੂ ਹੁਣ ਕਾਨੂੰਨ ਬਦਲਣ ਜਾ ਰਹੇ ਹਨ ਕਿ ਕੈਨੇਡਾ ਪਹੁੰਚਣ ਵਾਲੇ ਜਿਨ੍ਹਾਂ ਨੇ ਇੱਕ ਸਾਲ ਦੇ ਅੰਦਰ ਅੰਦਰ ਅਸਾਈਲਮ ਲਈ ਅਪਲਾਈ ਕੀਤਾ ਹੈ, ਉਨ੍ਹਾਂ ਦੀਆਂ ਅਰਜ਼ੀਆਂ 'ਤੇ ਹੀ ਗੌਰ ਕੀਤੀ ਜਾਵੇਗੀ, ਬਾਕੀ ਸਭ ਰੱਦ ਕੀਤੀਆਂ ਜਾਣਗੀਆਂ। ਬੱਚਿਆਂ ਕੋਲ ਆਏ ਮਾਪਿਆਂ ਨੂੰ ਪੀਆਰ ਕਰਨ ਲਈ ਸ਼ੁਰੂ ਕੀਤਾ ਅਖਿਆਂ ਪੂਰਨ ਲਾਟਰੀ ਸਿਸਟਮ ਵੀ ਕਿਤੇ ਠੰਢੇ ਬਸਤੇ ਵਿੱਚ ਪਿਆ ਹੋਇਆ ਹੈ ਕਿਉਂਕਿ 2020 ਤੋਂ ਬਾਅਦ ਮਾਪਿਆਂ ਦੀਆਂ ਅਰਜ਼ੀਆਂ ਹੀ ਨਹੀਂ ਮੰਗੀਆਂ ਜਾ ਰਹੀਆਂ।

ਕੈਨੇਡਾ ਵਿੱਚ ਨਵੇਂ ਆਏ ਲੋਕ ਪਾਰਕਾਂ ਵਿੱਚ ਬੈਠੇ ਇਹੀ ਚਰਚਾ ਕਰਦੇ ਨਜ਼ਰ ਆਉਂਦੇ ਹਨ ਕਿ ਪੰਜਾਬ ਇੱਥੋਂ ਨਾਲੋਂ ਕਿਤੇ ਵਧੀਆ ਹੈ। ਐਵੇਂ ਬੱਚਿਆਂ ਮਗਰ ਲੱਗ ਕੇ ਕੀਤੇ ਫ਼ੈਸਲਿਆਂ ਨੂੰ ਵਾਰ-ਵਾਰ ਕੋਸ ਰਹੇ ਹਨ। ਕੈਨੇਡਾ ਦੀ ਮਹਿੰਗਾਈ ਨੇ ਹਰ ਕਿਸੇ ਦਾ ਕਚੂਮਰ ਕੱਢ ਰੱਖਿਆ ਹੈ, ਸਰਮੋਂ ਸ਼ਰਮੀ ਲੋਕ ਗੱਲ ਕਰਨ ਤੋਂ ਅਕਸਰ ਟਾਲਾ ਵੱਟਦੇ ਨਜ਼ਰੀਂ ਪੈਂਦੇ ਹਨ। ਬਹੁਤੇ ਤਾਂ ਅੰਦਰੋ ਅੰਦਰੀ ਇਸ ਮੁਲਕ ਵਿੱਚ ਫਸੇ ਫਸੇ ਮਹਿਸੂਸ ਕਰਦੇ ਹੋਏ ਆਪਣੇ ਵਤਨਾਂ ਨੂੰ ਉਡਾਰੀ ਮਾਰਨ ਦੀ ਤੀਬਰ ਤਾਂਘ ਨੂੰ ਦਬਾਉਂਦੇ ਹੋਏ ਹਾਲਾਤਾਂ ਨਾਲ ਸਮਝੌਤਾ ਕਰਨ ਵਿੱਚ ਹੀ ਭਲਾ ਸਮਝਦੇ ਹਨ। ਮਹਿੰਗੇ ਭਾਅ ਦੀ ਗਰੌਸਰੀ, ਬੇਸਮੈਂਟਾਂ ਦੇ ਕਿਰਾਏ, ਘਰਾਂ ਦੀਆਂ ਕਿਸ਼ਤਾਂ, ਕਾਰਾਂ ਦੀ ਮਹਿੰਗੀ ਇੰਸ਼ੋਰੈਂਸ, ਘਰਾਂ ਦੇ ਵਧੇ ਹੋਏ ਟੈਕਸਾਂ ਦੀਆਂ ਦਰਾਂ ਤੇ ਘਰਾਂ ਦੀਆਂ ਬਿਲਬੱਤੀਆਂ ਹਰ ਸਮੇਂ ਦਿਮਾਗ ਦਾ ਕੁੰਡਾ ਖੜਕਾਉਂਦੀਆਂ ਰਹਿੰਦੀਆਂ ਹਨ।

ਇਸ ਪੂਰੇ ਵਰਤਾਰੇ ਨੂੰ ਸਮਝਣ ਲਈ ਪਰਵਾਸ ਦੇ ਕਾਰਨਾਂ ਨੂੰ ਜਾਣਨ ਦੇ ਨਾਲ ਨਾਲ ਸੰਸਾਰ ਪੱਧਰ 'ਤੇ ਚੱਲ ਰਹੇ ਮੰਦਵਾੜੇ ਦੇ ਦੌਰ ਨੂੰ ਸਮਝਣ ਦੀ ਲੋੜ ਹੈ। ਕਿਸੇ ਸਮੇਂ ਤੀਸਰੀ ਦੁਨੀਆ ਦੇ ਮੁਲਕਾਂ ਦੇ ਲੋਕਾਂ ਨੂੰ ਸਵਰਗ ਜਾਪਦੇ ਸਾਮਰਾਜੀ ਮੁਲਕ ਖ਼ੁਦ ਡੂੰਘੇ ਆਰਥਿਕ ਸਿਆਸੀ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਮੁੱਕਦੀ ਗੱਲ ਇਹ ਹੈ ਕਿ ਦੂਰ ਦੇ ਢੋਲ ਸੁਹਾਵਣੇ ਲੱਗਦੇ ਹਨ, ਪਰ ਹੁੰਦੇ ਨਹੀਂ ਹਨ ਜਾਂ ਇੰਜ ਕਹਿ ਲ ਕਿ 'ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ।' ਲੱਖਾਂ ਡਾਲਰ ਫੀਸਾਂ ਭਰਕੇ ਕੈਨੇਡਾ ਦੀ ਧਰਤੀ 'ਤੇ ਪੁੱਜੇ ਨੌਜਵਾਨਾਂ ਦੇ ਸੁਪਨੇ ਬਿਖਰਨੇ ਸ਼ੁਰੂ ਹੋ ਗਏ ਹਨ।

ਅਜਿਹੇ ਹਾਲਾਤ ਵਿੱਚ ਵਾਪਸ ਆਪਣੇ ਮੁਲਕ ਪਰਤਣ ਤੋਂ ਸਿਵਾਏ ਕੋਈ ਹੋਰ ਰਸਤਾ ਵਿਖਾਈ ਨਹੀਂ ਦਿੰਦਾ। ਮੱਧ ਵਰਗ ਦੇ ਲੋਕਾਂ ਖ਼ਾਸ ਕਰਕੇ ਪੇਂਡੂ ਨੌਜਵਾਨਾਂ ਦੇ ਮਾਪਿਆਂ ਨੇ ਜ਼ਮੀਨਾਂ ਗਹਿਣੇ, ਬੈਅ ਕਰਕੇ ਆਪਣੇ ਕਰਜ਼ੇ ਦਾ ਬੋਝ ਹੌਲਾ ਕਰਨ ਦੇ ਜੋ ਸੁਪਨੇ ਸੰਜੋਏ ਸਨ, ਉਹ ਪੂਰੇ ਹੁੰਦੇ ਨਹੀਂ ਜਾਪਦੇ ਹਨ। ਕੈਨੇਡਾ ਦੀ ਧਰਤੀ ਤੋਂ ਖੱਜਲ ਖੁਆਰੀਆਂ ਝੱਲਦਿਆਂ ਅਤੇ ਕੱਖੋਂ ਹੌਲੇ ਹੋਏ ਵਾਪਸ ਆਪਣੀ ਧਰਤੀ 'ਤੇ ਪਹੁੰਚਣ ਵਾਲੇ ਨੌਜਵਾਨਾਂ ਦਾ ਸੰਕਟ ਹੋਰ ਵੀ ਗਹਿਰਾ ਹੋ ਗਿਆ ਹੈ। ਇਨ੍ਹਾਂ ਨੌਜਵਾਨਾਂ ਨੂੰ ਨਿਰਾਸ਼ਾ ਦੇ ਆਲਮ ਵਿੱਚ ਡੁੱਬਣ ਦੀ ਥਾਂ ਚੰਗੇਰੇ ਰੌਸ਼ਨ ਭਵਿੱਖ ਲਈ, ਆਪਣੀ ਹੋਣੀ ਨੂੰ ਜੱਦੋ-ਜਹਿਦ ਰਾਹੀਂ ਬਦਲਣ ਦੇ ਸੁਹੇ ਮਾਰਗ ਦੀ ਤਲਾਸ਼ ਕਰਨੀ ਚਾਹੀਦੀ ਹੈ।

# ਪੋਹ ਦਾ ਮਹੀਨਾ ਆਉਂਦਿਆਂ ਹੀ ਪੰਜਾਬ 'ਚ ਸ਼ੀਤ ਲਹਿਰ ਵਧੀ

ਅੰਮ੍ਰਿਤਸਰ- ਪੋਹ ਦਾ ਮਹੀਨਾ ਆਉਂਦਿਆਂ ਹੀ ਪੰਜਾਬ ਵਿੱਚ ਤਾਪਮਾਨ 3 ਡਿਗਰੀ ਘੱਟ ਗਿਆ ਹੈ, ਜਿਸ ਨਾਲ ਸੂਬੇ ਦਾ ਔਸਤ ਘੱਟੋ-ਘੱਟ ਤਾਪਮਾਨ ਆਮ ਨਾਲੋਂ 2.6 ਡਿਗਰੀ ਘੱਟ ਹੋ ਗਿਆ ਹੈ। ਰਾਜਸਥਾਨ ਦੇ ਰੇਤਲੇ ਖੇਤਰਾਂ ਵਿੱਚ ਤਾਪਮਾਨ ਡਿੱਗਣ ਕਾਰਨ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਸੀਤ ਲਹਿਰ ਨੇ ਪ੍ਰਭਾਵ ਪਾਇਆ ਹੈ। ਪੰਜਾਬ ਵਿੱਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ, ਜੋ 5 ਦਸੰਬਰ ਤੱਕ ਰਹੇਗਾ। ਇਸ ਤੋਂ ਬਾਅਦ, ਸੂਬੇ ਨੂੰ ਕੁਝ ਰਾਹਤ ਮਿਲਣ ਦੀ ਉਮੀਦ ਹੈ। ਫ਼ਿਲਹਾਲ, ਸੂਬੇ ਵਿੱਚ ਮੌਸਮ ਖ਼ੁਸ਼ਕ ਅਤੇ ਠੰਢਾ ਰਹੇਗਾ। ਦਿਨ ਦਾ ਤਾਪਮਾਨ 22°C ਤੋਂ 24°C ਦੇ ਆਸ-ਪਾਸ ਰਹੇਗਾ, ਜਦੋਂ ਕਿ ਕਈ ਜ਼ਿਲ੍ਹਿਆਂ ਵਿੱਚ ਘੱਟੋ-ਘੱਟ ਤਾਪਮਾਨ 4°C ਤੱਕ ਡਿੱਗ ਸਕਦਾ ਹੈ। ਕਈ ਥਾਵਾਂ 'ਤੇ ਰਾਤਾਂ ਸ਼ਿਮਲਾ ਨਾਲੋਂ ਠੰਢੀਆਂ ਰਹਿਣਗੀਆਂ। ਮੀਂਹ ਪੈਣ ਦੀ ਸੰਭਾਵਨਾ ਨਹੀਂ ਹੈ ਅਤੇ ਸਵੇਰ ਅਤੇ ਸ਼ਾਮ ਖਾਸ ਤੌਰ 'ਤੇ ਠੰਢੀਆਂ ਰਹਿਣਗੀਆਂ। ਦਿਨ ਵੇਲੇ ਸੂਰਜ ਚਮਕੇਗਾ ਪਰ ਹਵਾ ਠੰਢੀ ਰਹੇਗੀ। ਮੌਸਮ ਵਿਭਾਗ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਫਰੀਦਕੋਟ ਸੂਬੇ ਵਿੱਚ ਸਭ ਤੋਂ ਘੱਟ ਤਾਪਮਾਨ ਰਿਕਾਰਡ ਕਰਨਾ ਜਾਰੀ ਰੱਖਦਾ ਹੈ। ਕੱਲ੍ਹ ਸੀਤ ਲਹਿਰ ਦੌਰਾਨ ਇੱਥੇ ਤਾਪਮਾਨ 3 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। 5 ਜੁਲਾਈ ਤੱਕ ਹੋਰ ਗਿਰਾਵਟ ਦੀ ਉਮੀਦ ਹੈ।



ਇਸ ਤੋਂ ਇਲਾਵਾ ਅੰਮ੍ਰਿਤਸਰ ਵਿੱਚ ਘੱਟੋ-ਘੱਟ ਤਾਪਮਾਨ 6.3 ਡਿਗਰੀ ਸੈਲਸੀਅਸ, ਲੁਧਿਆਣਾ 4.2 ਡਿਗਰੀ ਸੈਲਸੀਅਸ, ਪਟਿਆਲਾ 6.5 ਡਿਗਰੀ ਸੈਲਸੀਅਸ, ਪਠਾਨਕੋਟ 6.2 ਡਿਗਰੀ ਸੈਲ-ਸੀਅਸ, ਬਠਿੰਡਾ 4.2 ਡਿਗਰੀ ਸੈਲਸੀਅਸ ਅਤੇ ਗੁਰਦਾਸਪੁਰ 5.8 ਡਿਗਰੀ ਸੈਲਸੀਅਸ ਹੈ। ਇਸ ਦੌਰਾਨ, ਮੰਗਲਵਾਰ ਨੂੰ ਵੱਧ ਤੋਂ ਵੱਧ ਤਾਪਮਾਨ ਵੀ 0.5 ਡਿਗਰੀ ਘੱਟ ਗਿਆ। ਨਤੀਜੇ ਵਜੋਂ, ਔਸਤ ਤਾਪਮਾਨ ਆਮ ਨਾਲੋਂ 1.19 ਡਿਗਰੀ ਘੱਟ ਰਿਹਾ। ਅੰਮ੍ਰਿਤਸਰ ਵਿੱਚ ਦਿਨ ਦਾ ਤਾਪਮਾਨ 21.1 ਡਿਗਰੀ, ਲੁਧਿਆਣਾ ਵਿੱਚ 22 ਡਿਗਰੀ, ਪਟਿਆਲਾ ਵਿੱਚ 23.1 ਡਿਗਰੀ ਅਤੇ ਪਠਾਨਕੋਟ ਵਿੱਚ 22 ਡਿਗਰੀ ਦਰਜ ਕੀਤਾ ਗਿਆ। ਪੰਜਾਬ ਵਿੱਚ ਸੀਤ ਲਹਿਰ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਰਾਜਸਥਾਨ ਤੋਂ ਠੰਢੀਆਂ ਹਵਾਵਾਂ ਕਾਰਨ ਸੀਤ ਲਹਿਰ ਮਹਿਸੂਸ ਕੀਤੀ ਜਾ ਰਹੀ ਹੈ। ਮੌਸਮ ਵਿਗਿਆਨ ਮਾਹਿਰਾਂ ਅਨੁਸਾਰ, ਇਹ ਅਲਰਟ 5 ਦਸੰਬਰ ਤੱਕ ਜਾਰੀ ਰਹਿਣ ਦੀ ਉਮੀਦ ਹੈ। ਸੀਤ ਲਹਿਰ ਹੁਣ ਕਈ ਦਿਨਾਂ ਤੱਕ ਜਾਰੀ ਰਹਿ ਸਕਦੀ ਹੈ। ਵਰਤਮਾਨ ਵਿੱਚ ਸੀਤ ਲਹਿਰ ਜਲੰਧਰ, ਫਿਰੋਜ਼ਪੁਰ, ਮੋਗਾ, ਫਰੀਦਕੋਟ, ਫਾਜ਼ਿਲਕਾ, ਮੁਕਤਸਰ, ਬਠਿੰਡਾ ਅਤੇ ਮਾਨਸਾ ਨੂੰ ਪ੍ਰਭਾਵਿਤ ਕਰ ਰਹੀ ਹੈ।

# ਪੰਜਾਬ ਘਰਾਣੇ ਦਾ ਮਾਣ-ਮੱਤਾ ਤਬਲਾ ਵਾਦਕ ਜੈਦੇਵ



ਸੁਰਪ੍ਰੀਤ ਕੌਰ

ਭਾਰਤੀ ਸ਼ਾਸਤਰੀ ਸੰਗੀਤ ਵਿੱਚ ਤਾਲ ਦੀ ਬੜੀ ਅਹਿਮੀਅਤ ਹੈ। ਤਾਲ ਦੇ ਬਿਨਾਂ ਗਾਇਨ ਜਾਂ ਵਾਦਨ ਬਿਲਕੁਲ ਫਿੱਕਾ ਤੇ ਨੀਰਸ ਜਾਪਦਾ ਹੈ। ਇਸੇ ਕਰਕੇ ਜਿੱਥੇ ਸ਼ਾਸਤਰੀ ਸੰਗੀਤ ਵਿੱਚ ਗਾਇਕਾਂ ਅਤੇ ਵਾਦਕਾਂ ਨੂੰ ਵਿਸ਼ੇਸ਼ ਸਥਾਨ ਦਿੱਤਾ ਜਾਂਦਾ ਹੈ, ਉੱਥੇ ਉਨ੍ਹਾਂ ਦੀ ਸੰਗਤ ਕਰਨ ਵਾਲੇ, ਤਾਲ ਦੇਣ ਵਾਲੇ ਤਬਲਾ-ਵਾਦਕ ਵੀ ਘੱਟ ਅਹਿਮੀਅਤ ਨਹੀਂ ਰੱਖਦੇ।

ਇੱਥੇ ਅਸੀਂ ਅਜਿਹੇ ਹੀ ਇੱਕ ਗੁਣਵੰਤੇ ਤਬਲਾ-ਵਾਦਕ ਦੀ ਗੱਲ ਕਰਨ ਜਾ ਰਹੇ ਹਾਂ, ਜਿਸ ਨੇ ਥੋੜ੍ਹੇ ਹੀ ਸਮੇਂ ਵਿੱਚ ਸੰਗੀਤ ਦੇ ਅਕਾਦਮਿਕ ਅਤੇ ਗ਼ੈਰ-ਅਕਾਦਮਿਕ ਹਲਕਿਆਂ ਵਿੱਚ ਆਪਣਾ ਵਿਸ਼ੇਸ਼ ਤੇ ਵਿਲੱਖਣ ਨਾਂ ਤੇ ਥਾਂ ਬਣਾ ਲਿਆ ਹੈ। ਪ੍ਰਸਾਰ ਭਾਰਤੀ ਵੱਲੋਂ 'ਟਾਪ ਗਰੇਡ' ਦਾ ਦਰਜਾ ਹਾਸਲ ਕਰਨ ਵਾਲੇ ਪੰਜਾਬ ਦੇ ਇਸ ਪਹਿਲੇ ਨੌਜਵਾਨ ਤਬਲਾ-ਵਾਦਕ ਦਾ ਨਾਮ ਹੈ-ਜੈਦੇਵ। 9 ਅਪਰੈਲ 1980 ਨੂੰ ਜਲੰਧਰ ਵਿਖੇ ਇੱਕ ਸੰਗੀਤ-ਸਾਧਕ ਪਰਿਵਾਰ ਵਿੱਚ, ਪੰਜਾਬ ਘਰਾਣੇ (ਪੰਜਾਬ ਬਾਜ) ਦੇ ਪ੍ਰਸਿੱਧ ਤਬਲਾ-ਵਾਦਕ ਕਾਲੇ ਰਾਮ ਦੇ ਘਰ ਜਨਮੇ ਜੈਦੇਵ ਨੇ ਤਬਲਾ-ਵਾਦਨ ਦੀ ਮੁੱਢਲੀ ਤਾਲੀਮ ਵੀ ਆਪਣੇ ਪਿਤਾ ਕਾਲੇ ਰਾਮ ਤੋਂ ਹੀ ਲਈ ਹੈ, ਜਦੋਂਕਿ ਬਾਅਦ ਵਿੱਚ ਉਸ ਨੇ ਪੰਜਾਬ ਘਰਾਣੇ ਦੇ ਇੱਕ ਹੋਰ ਪ੍ਰਸਿੱਧ ਤਬਲਾ-ਵਾਦਕ ਮਰਹੂਮ ਹਰਿਵੰਸ਼ ਲਾਲ ਤੋਂ ਵੀ ਤਬਲਾ ਵਾਦਨ ਦੀ ਤਾਲੀਮ ਹਾਸਲ ਕੀਤੀ।

ਤਬਲੇ ਵਿੱਚ ਐੱਮ। ਏ। ਦੀ ਅਕਾਦਮਿਕ ਸਿੱਖਿਆ (ਗੋਲਡ ਮੈਡਲਿਸਟ) ਦੇ ਨਾਲ ਨਾਲ ਤਬਲੇ ਵਿੱਚ ਵਿਸ਼ਾਰਦ ਅਤੇ ਸੰਗੀਤ ਭਾਸਕਰ ਦੀਆਂ ਨਾਮੀ ਸੰਗੀਤ ਪ੍ਰੀਖਿਆਵਾਂ ਵੀ ਪਹਿਲੇ ਦਰਜੇ ਵਿੱਚ ਪਾਸ ਕਰਨ ਵਾਲੇ ਜੈਦੇਵ ਦੀ ਇਹ ਲਗਨ, ਸਖ਼ਤ ਮਿਹਨਤ, ਨਿਰੰਤਰ ਅਭਿਆਸ ਅਤੇ ਹਮੇਸ਼ਾਂ ਤੇ ਹਰ ਪਾਸਿ ੰ ਸਿੱਖਣ ਦੀ ਸਿੱਕ ਹੀ ਹੈ, ਜਿਸ ਸਦਕਾ ਉਸ ਨੇ ਨਾ ਸਿਰਫ਼ ਸੋਲੋ ਤਬਲਾ-ਵਾਦਕ ਵਜੋਂ, ਸਗੋਂ ਪ੍ਰੌਢ ਗਾਇਕਾਂ ਅਤੇ ਵਾਦਕਾਂ ਨਾਲ ਸੰਗਤਕਾਰ ਤਬਲਾ-ਵਾਦਕ ਵਜੋਂ ਵੀ ਚੋਖੀ ਨਿਪੁੰਨਤਾ ਅਤੇ ਨਾਮਣਾ ਖੱਟਿਆ ਹੈ ਅਤੇ ਪੰਜਾਬ ਘਰਾਣੇ (ਪੰਜਾਬ ਬਾਜ) ਦਾ ਇੱਕ ਉਘਾ ਰੌਸ਼ਨ ਸਿਤਾਰਾ ਬਣ ਕੇ ਉਭਰਿਆ ਹੈ। ਜ਼ਿਕਰਯੋਗ ਹੈ ਕਿ ਤਬਲਾ ਵਾਦਨ ਦੇ ਖੇਤਰ ਵਿੱਚ ਅੱਜ ਸਮੁੱਚੇ ਭਾਰਤ ਵਿੱਚ ਪੰਜਾਬ ਘਰਾਣੇ (ਪੰਜਾਬ ਬਾਜ) ਦੀ ਝੰਡੀ ਹੈ, ਜਿਸ ਦਾ ਬਹੁਤ ਵੱਡਾ ਸਿਹਰਾ ਉਸਤਾਦ ਅੱਲ੍ਹਾ ਰੱਖਾ ਖ਼ਾਨ ਅਤੇ ਉਨ੍ਹਾਂ ਦੇ ਸਪੁੱਤਰ ਉਸਤਾਦ ਜ਼ਾਕਿਰ ਹੁਸੈਨ ਨੂੰ ਜਾਂਦਾ ਹੈ ਅਤੇ ਹੁਣ ਜੈਦੇਵ ਵੀ ਇਨ੍ਹਾਂ ਸਮਰਪਿਤ ਅਤੇ ਸੁਪ੍ਰਸਿੱਧ ਕਲਾਕਾਰਾਂ ਦੇ ਹੀ ਪਦ-ਚਿੰਨ੍ਹਾਂ ਉੱਤੇ ਚੱਲ ਰਿਹਾ ਹੈ। ਪੰਜਾਬ ਘਰਾਣੇ ਵਿੱਚ ਲੈਅਕਾਰੀਆਂ ਦਾ ਬਹੁਤ ਮਹੱਤਵ ਹੈ ਅਤੇ ਜੈਦੇਵ ਨੇ ਆਪਣੇ ਪਿਤਾ ਕਾਲੇ ਰਾਮ ਤੋਂ ਲੈਅਕਾਰੀਆਂ ਸਿੱਖ ਕੇ ਆਪਣੀਆਂ ਉਂਗਲੀਆਂ ਵਿੱਚ ਅਜਿਹੀ ਮੁਹਾਰਤ ਤੇ ਮਧੁਰਤਾ ਪੈਦਾ ਕੀਤੀ ਹੈ ਕਿ ਭਾਵੇਂ ਸੋਲੋ ਹੋਵੇ ਤੇ ਭਾਵੇਂ ਸੰਗਤ, ਤਬਲਾ ਵਾਦਨ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਮਧੁਰ ਤੇ ਮਹੀਨ ਲੈਅਕਾਰੀਆਂ ਦਿਖਾਉਣ ਵਿੱਚ ਜੈਦੇਵ ਦਾ ਕੋਈ ਜਵਾਬ ਨਹੀਂ ਹੈ। ਉਹ ਗਤ, ਕਾਇਦਾ, ਰੇਲਾ, ਪੇਸ਼ਕਾਰ ਦਾ ਜਾਦੂਗਰ ਹੈ। ਟੁਕੜੇ, ਤੋੜੇ, ਪਰਨ, ਫ਼ਰਮਾਇਸ਼ੀ ਚੱਕਰਦਾਰ ਦੀ ਪੇਸ਼ਕਾਰੀ ਵਿੱਚੋਂ ਉਸ ਦੀ ਮਾਸਟਰੀ ਤੇ ਮਿਹਨਤ ਝਲਕਦੀ ਹੈ। ਲੈਅਕਾਰੀ ਦੇ ਮਾਮਲੇ ਵਿੱਚ ਜਦੋਂ ਉਹ ਕਿਸੇ ਵਾਦਕ ਨਾਲ ਸੰਗਤ ਕਰ ਰਿਹਾ ਹੁੰਦਾ ਹੈ ਤਾਂ ਦੋਹਾਂ ਕਲਾਕਾਰਾਂ ਦੀ ਮਧੁਰ ਲੈਆਤਮਕ ਭਿੜੰਤ ਸੁਣਨ ਵਾਲੀ ਹੁੰਦੀ ਹੈ। ਜੇ ਉਹ ਸੋਲ੍ਹਾਂ ਮਾਤਰਾਂ ਦੀ ਤੀਨ ਤਾਲ ਵਜਾ ਰਿਹਾ ਹੁੰਦਾ ਹੈ ਤਾਂ ਉਸ ਵਿੱਚ ਦਸ ਮਾਤਰਾਂ ਦੀ ਝੱਪ ਤਾਲ, ਬਾਰ੍ਹਾਂ ਮਾਤਰਾਂ ਦਾ ਏਕਤਾਲ ਅਤੇ ਸੱਤ ਮਾਤਰਾ ਦਾ ਰੂਪਕ ਤਾਲ ਇਸ ਤਰ੍ਹਾਂ ਫਿੱਟ ਕਰ ਦਿੰਦਾ ਹੈ ਕਿ ਸੁਣਨ ਵਾਲੇ ਕੀਲੇ ਜਾਂਦੇ ਹਨ। ਜੈਦੇਵ ਦੇ ਵੱਡੇ ਭੈਣ ਜੀ ਡਾ। ਵਿਨੀਤਾ ਕਾਲੇ ਰਾਮ ਜੋ ਕਿ ਉੱਘੇ ਸਿਤਾਰ-ਵਾਦਕ ਹਨ, ਜਦੋਂ ਕਦੇ ਜੈਦੇਵ ਨੂੰ ਉਨ੍ਹਾਂ ਨਾਲ ਜੁਗਲਬੰਦੀ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਨ੍ਹਾਂ ਦੀ ਹਰ ਤਾਲ, ਤਿਹਾਈ ਅਤੇ ਲੈਅਕਾਰੀ ਦਾ ਜਵਾਬ ਜੈਦੇਵ ਜਿਸ ਖ਼ੂਬਸੂਰਤੀ ਨਾਲ ਪੇਸ਼ ਕਰਦਾ ਹੈ, ਉਹ ਸੁਣਦਿਆਂ-ਦੇਖਦਿਆਂ ਹੀ ਬਣਦਾ ਹੈ।

ਜੈਦੇਵ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਵਿੱਚ ਤਬਲਾ-ਵਾਦਕ ਵਜੋਂ ਸੇਵਾ ਨਿਭਾ ਰਿਹਾ ਹੈ। ਇਹ ਉਸ ਦੇ ਕੁਸ਼ਲ ਤੇ ਕੋਮਲ ਸੁਭਾਅ ਦੀ ਖ਼ੂਬੀ ਤੇ ਖ਼ੂਬਸੂਰਤੀ ਹੀ ਹੈ ਕਿ ਸਿਰਫ਼ ਸਟੇਜ-ਪੇਸ਼ਕਾਰੀ ਹੀ ਨਹੀਂ, ਸਗੋਂ ਕਲਾਸ ਵਿੱਚ ਵੀ ਭਾਵੇਂ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਰੱਖਣ ਦੀ ਗੱਲ ਹੋਵੇ, ਭਾਵੇਂ ਉਨ੍ਹਾਂ ਨੂੰ ਆਪਣੀ ਸੰਗਤ ਵਿੱਚ ਸਿੱਖਣ ਅਤੇ ਨਿਖਰਨ ਦੇਣ ਦਾ ਵੱਲ ਹੋਵੇ-ਜੈਦੇਵ ਦੋਵੇਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਂਦਾ ਹੈ। ਯੂਨੀਵਰਸਿਟੀ ਦੀਆਂ ਅਕਾਦਮਿਕ ਵਰਕਸ਼ਾਪਾਂ, ਸੰਮੇਲਨਾਂ ਅਤੇ ਯੁਵਕ ਮੇਲਿਆਂ ਦੇ ਨਾਲ ਨਾਲ ਉਸ ਨੇ ਦੇਸ਼ ਭਰ ਦੀਆਂ ਹੋਰ ਜਿਨ੍ਹਾਂ ਵੱਡੀਆਂ ਸਟੇਜਾਂ 'ਤੇ ਪੇਸ਼ਕਾਰੀ ਦਿੱਤੀ ਹੈ, ਉਨ੍ਹਾਂ ਵਿੱਚੋਂ ਪ੍ਰਮੁੱਖ ਹਨ-ਦੂਰਦਰਸ਼ਨ ਕੇਂਦਰ ਦਿੱਲੀ, ਜਲੰਧਰ, ਹਿਸਾਰ, ਦੇਹਰਾਦੂਨ; ਬਾਬਾ ਹਰਿਬੱਲਭ ਸੰਗੀਤ ਸੰਮੇਲਨ ਜਲੰਧਰ; ਭਾਸਕਰ ਰਾ ਸੰਗੀਤ ਸੰਮੇਲਨ ਚੰਡੀਗੜ੍ਹ; ਸੰਗੀਤ ਨਾਟਕ ਅਕੈਡਮੀ ਦਿੱਲੀ; ਇੰਡੀਅਨ ਨੈਸ਼ਨਲ ਥੀਏਟਰ ਚੰਡੀਗੜ੍ਹ; ਸਪਤਕ ਸੰਗੀਤ ਫੈਸਟੀਵਲ ਅਹਿਮਦਾਬਾਦ; ਲਕਸ਼ਮੀ ਨਾਰਾਇਣ ਰਾਗ ਸਭਾ ਅੰਮ੍ਰਿਤਸਰ; ਸਵਰ-ਸੰਗਮ ਅਤੇ ਸੁਰ-ਤਾਲ ਕੇਂਦਰ ਅੰਮ੍ਰਿਤਸਰ; ਨੌਰਥ ਜ਼ੋਨ ਕਲਚਰਲ ਸੈਂਟਰ ਦੇ ਸੰਗੀਤ ਉਤਸਵ; ਸੰਗੀਤ ਆਲੋਕ ਅੰਬਾਲਾ; ਆਲ ਇੰਡੀਆ ਰੇਡੀ ਦਾ 'ਅਖਿਲ ਭਾਰਤੀਯ ਪ੍ਰੋਗਰਾਮ'; ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਤੇ ਗੁਰਮਤਿ ਸੰਗੀਤ ਵਿਭਾਗ ਵੱਲੋਂ ਕਰਵਾਏ ਵਿਭਿੰਨ ਸੰਗੀਤ ਸੰਮੇਲਨ ਆਦਿ। ਇਸ ਦੇ ਨਾਲ ਹੀ 2004 ਵਿੱਚ ਉਸ ਨੂੰ ਕੈਨੇਡਾ ਵਿੱਚ ਵੀ ਪੇਸ਼ਕਾਰੀ ਕਰਨ ਤੇ ਵਾਹੋ-ਵਾਹੀ ਲੁੱਟਣ ਦਾ ਮੌਕਾ ਮਿਲ ਚੁੱਕਾ ਹੈ।

ਚਾਹੇ ਸ਼ਾਸਤਰੀ ਗਾਇਕ ਹੋਵੇ ਜਾਂ ਸ਼ਾਸਤਰੀ ਵਾਦਕ, ਜੈਦੇਵ ਨੇ ਦੋਵੇਂ ਹੀ ਤਰ੍ਹਾਂ ਦੇ ਦਿੱਗਜ ਕਲਾਕਾਰਾਂ ਨਾਲ ਪੂਰੀ ਨਿਸ਼ਠਾ ਅਤੇ ਨਿਪੁੰਨਤਾ ਨਾਲ ਸੰਗਤ ਕੀਤੀ ਹੈ, ਜਿਸ ਦੀ ਹਰ ਪਾਸਿ ੰ ਭਰਪੂਰ ਸ਼ਲਾਘਾ ਹੋਈ ਹੈ। ਪੰਜਾਬ ਘਰਾਣੇ ਦੇ ਇਸ ਸਮਰੱਥਾਵਾਨ ਅਤੇ ਸੰਭਾਵਨਾਵਾਂ-ਭਰਪੂਰ ਤਬਲਾ-ਵਾਦਕ ਨੂੰ ਸਰੋਤਿਆਂ ਦੇ ਅਥਾਹ ਸਨੇਹ ਅਤੇ ਸ਼ਲਾਘਾ ਦੇ ਨਾਲ ਨਾਲ ਕਈ ਮਾਣ-ਸਨਮਾਨ ਵੀ ਮਿਲ ਚੁੱਕੇ ਹਨ, ਜਿਵੇਂ ਕਿ-ਬਾਬਾ ਹਰਿਬੱਲਭ ਸੰਗੀਤ ਪ੍ਰਤਿਯੋਗਤਾ (1996) ਵਿੱਚ ਪਹਿਲਾ ਸਥਾਨ; ਸਰਬ-ਭਾਰਤੀ ਅੰਤਰ-ਯੂਨੀਵਰਸਿਟੀ ਪ੍ਰਤੀਯੋਗਤਾ ਕਾਲੀਕਟ (1999) ਵਿੱਚ ਦੂਜਾ ਸਥਾਨ; ਏਸ਼ੀਅਨ ਯੂਨੀਵਰਸਿਟੀ ਫੈਸਟੀਵਲ ਨਾਗਪੁਰ (1999-2000) ਵਿੱਚ ਦੂਜਾ ਸਥਾਨ; ਭਾਰਤ ਸਰਕਾਰ ਦੇ 'ਯੁਵਕ ਮਾਮਲੇ ਅਤੇ ਖੇਡਾਂ' ਮੰਤਰਾਲੇ ਵੱਲੋਂ ਕਰਵਾਏ 'ਪੰਜਾਬ ਰਾਜ ਯੂਥ ਫੈਸਟੀਵਲ' ਵਿੱਚ ਪਹਿਲਾ ਸਥਾਨ ਆਦਿ।

ਇਸ ਦੇ ਨਾਲ ਹੀ ਜਿੱਥੇ ਉਸ ਨੂੰ ਆਈ.ਸੀ.ਸੀ.ਆਰ. (ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਜ਼) ਵੱਲੋਂ ਕਲਾਕਾਰਾਂ ਦੇ ਪੈਨਲ ਵਿੱਚ ਚੁਣਿਆ ਗਿਆ ਹੈ, ਉੱਥੇ ਉਸ ਨੂੰ ਪ੍ਰਸਾਰ ਭਾਰਤੀ ਵੱਲੋਂ 'ਆਲ ਇੰਡੀਆ ਰੇਡੀ ' ਦਾ 'ਟਾਪ ਗਰੇਡ' ਤਬਲਾ-ਵਾਦਕ ਹੋਣ ਦਾ ਦਰਜਾ ਵੀ ਦਿੱਤਾ ਗਿਆ ਹੈ। ਤਬਲਾ-ਵਾਦਨ ਦੇ ਖੇਤਰ ਵਿੱਚ ਪੰਜਾਬ ਘਰਾਣੇ ਦੀ 'ਪੰਜਾਬ ਬਾਜ' ਸ਼ੈਲੀ ਨੂੰ ਹੋਰ ਪ੍ਰਫੁੱਲਿਤ ਅਤੇ ਪ੍ਰਚੱਲਿਤ ਕਰਨ ਵਿੱਚ ਸਫਲਤਾ ਦੀਆਂ ਜੋ ਪੈੜਾਂ ਜੈਦੇਵ ਨੇ ਥੋੜ੍ਹੇ ਹੀ ਸਮੇਂ ਵਿੱਚ ਪਾਈਆਂ ਹਨ, ਸ਼ਾਲਾ! ਉਹ ਪੈੜਾਂ ਹੋਰ ਉਜਲੀਆਂ ਤੇ ਅਮਿਟ ਹੋ ਨਿੱਬੜਨ।




## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਉਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435

Gurpreet Singh Padam 510-962-2593

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545



## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



## Gurpiar Sidhu

Home Buying & Selling System

209-598-7776



Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR REAL ESTATE

A Realtor you can trust... Blindly

Office- 2030 E. Louise Ave. Lathrop, CA 95330



## SURYA INDIAN COUSINE

SWEETS & SNACKS

ਬਹੁਤ ਹੀ ਤਜ਼ਰਬੇਕਾਰ ਮਠਿਆਈਆਂ ਤੇ ਖਾਣਿਆਂ ਲਈ ਮਸ਼ਹੂਰ ਇਕ ਵਾਰ ਫਿਰ ਤੁਹਾਡੀ ਸੇਵਾ 'ਚ ਹਾਜ਼ਰ ਹੋ ਗਏ ਹਨ।

ਵਿਆਹ ਤੇ ਹੋਰ ਖੁਸ਼ੀਆਂ ਦੇ ਮੌਕੇ ਲਈ, ਵੱਡੀ ਤੋਂ ਵੱਡੀ ਪਾਰਟੀ ਲਈ ਜਾਂ ਕੇਟਰਿੰਗ ਵਾਸਤੇ ਇਕ ਵਾਰ ਸੇਵਾ ਦਾ ਮੌਕਾ ਦਿਓ

ਸੰਪਰਕ ਕਰੋ: 669-275-2262, 408-892-2810

2846 S White Road Sanjose, CA



## Meena Fashion

Your destination for beautiful clothing, jewelry
ding accessories. Enjoy 10% of, refreshing drin
light bites, plus a free gift for our first 100

Open six days 10 AM to 9 PM, Closed

WELCOME TO THE WORLD OF FABRIC AND JEWELS

meenafashionsj 408-905-3779 meenafashionsj

# TASTE OF INDIA

specialist- Gurh Dee Barfee, Gurh Diyaan Jalebian

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 2450 Peralta blvd unit 107 Fremont, CA 94536
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ, ਹਰ ਐਤਵਾਰ ਨੂੰ Buffet ਲੱਗਦਾ ਹੈ।

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ

ਮੱਛੀ ਦੇ ਪਕੌੜੇ ਬਣਾਉਣ ਦੇ ਮਾਹਿਰ, ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ
ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਾਂ।

100-1000 ਬੰਦਿਆਂ ਤੱਕ ਪਾਰਟੀ ਲਈ ਪ੍ਰਬੰਧ

ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

# ਆਮਦਨ ਮੁਤਾਬਕ ਮਿਲਣ ਮੁਫ਼ਤ ਸਹੂਲਤਾਂ

ਜਤਿੰਦਰ ਸਿੰਘ ਪਮਾਲ

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 25 ਸਤੰਬਰ ਨੂੰ ਦੀਨ ਦਿਆਲ ਲਾਡੋ ਲਕਸ਼ਮੀ ਯੋਜਨਾ ਤਹਿਤ ਹਰਿਆਣਾ ਦੀਆਂ 23 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਹਰ ਮਹੀਨੇ 2100 ਰੁਪਏ ਦੇਣ ਦਾ ਐਲਾਨ ਕੀਤਾ ਹੈ। ਪਹਿਲੇ ਪੜਾਅ ਵਿਚ ਇਕ ਲੱਖ ਤੋਂ ਘੱਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੀਆਂ ਔਰਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸਕੀਮ ਦਾ ਲਾਭ ਲੈਣ ਲਈ ਨਕਲੀ ਲਾਭਪਾਤਰੀਆਂ ਨੇ ਜਾਅਲੀ ਰਾਸ਼ਨ ਕਾਰਡਾਂ ਵਾਂਗ ਆਪਣੇ ਅਸਰ ਰਸੂਖ ਨਾਲ ਜਾਅਲੀ ਆਮਦਨ ਸਰਟੀਫਿਕੇਟ ਬਣਾ ਲੈਣੇ ਹਨ ਤੇ ਅਸਲੀ ਲੋੜਵੰਦ, ਗ਼ਰੀਬ ਲਾਭਪਾਤਰੀ ਔਰਤਾਂ ਦੇ ਹੱਕਾਂ 'ਤੇ ਡਾਕਾ ਮਾਰ ਲੈਣਾ ਹੈ।

ਪੰਜਾਬ ਸਰਕਾਰ ਨੇ ਪੰਜਾਬ ਦੇ ਹਰ ਪਰਿਵਾਰ ਲਈ ਦਸ ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਲਾਗੂ ਕਰਨ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ 40 ਲੱਖ ਉਨ੍ਹਾਂ ਪਰਿਵਾਰਾਂ ਨੂੰ, ਜਿਨ੍ਹਾਂ ਨੂੰ ਪ੍ਰਤੀ ਵਿਅਕਤੀ ਹਰ ਮਹੀਨੇ 5 ਕਿੱਲੋ ਕਣਕ ਮਿਲਦੀ ਹੈ, ਉਨ੍ਹਾਂ ਨੂੰ ਸਰਕਾਰੀ ਕਣਕ ਦੇ ਨਾਲ-ਨਾਲ ਇਕ ਲੀਟਰ ਸਰ੍ਹੋਂ ਦਾ ਤੇਲ, 2 ਕਿੱਲੋ ਖੰਡ, ਇਕ ਕਿੱਲੋ ਚਾਹਪੱਤੀ, 2 ਕਿੱਲੋ ਦਾਲ ਅਤੇ 200 ਗ੍ਰਾਮ ਹਲਦੀ ਦਿੱਤੇ ਜਾਣ 'ਤੇ ਵਿਚਾਰ ਕਰ ਰਹੇ ਹਨ। ਇਹ ਸਕੀਮ



ਅਪ੍ਰੈਲ 2026 ਤੋਂ ਹਰ ਤਿਮਾਹੀ ਅਪ੍ਰੈਲ, ਜੁਲਾਈ, ਅਕਤੂਬਰ ਅਤੇ ਦਸੰਬਰ ਤੋਂ ਲਾਗੂ ਕੀਤੀ ਜਾ ਰਹੀ ਹੈ। ਇਸ ਦਾ ਫ਼ਾਇਦਾ 5 ਰੁਪਏ ਕਿੱਲੋ ਵਾਲੀ ਕਣਕ ਲੈਣ ਵਾਲੇ ਜਾਅਲੀ ਰਾਸ਼ਨ ਕਾਰਡ ਵਾਲਿਆਂ ਨੂੰ ਵੀ ਹੋਵੇਗਾ ਕਿਉਂਕਿ ਪਹਿਲਾਂ ਦੀ ਤਰ੍ਹਾਂ ਜਾਅਲੀ ਰਾਸ਼ਨ ਕਾਰਡਾਂ ਵਾਲੇ ਵੀ ਇਸ ਦਾ ਫ਼ਾਇਦਾ ਉਠਾਉਣਗੇ ਅਤੇ ਕਈ ਅਸਲੀ ਹੱਕਦਾਰ ਆਪਣੇ ਹੱਕਾਂ ਤੋਂ ਵਾਂਝੇ ਰਹਿ ਜਾਣਗੇ। ਪੰਜਾਬ ਸਰਕਾਰ ਨੇ ਜੁਲਾਈ 2023 ਵਿਚ 2.86 ਲੱਖ ਜਾਅਲੀ ਰਾਸ਼ਨ ਕਾਰਡ ਰੱਦ ਕਰ ਦਿੱਤੇ ਸਨ ਅਤੇ ਫਿਰ ਸਰਕਾਰ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਵੋਟਾਂ ਲੈਣ ਲਈ ਜਨਵਰੀ 2024 ਵਿਚ ਰੱਦ ਕੀਤੇ ਸਾਰੇ ਰਾਸ਼ਨ ਕਾਰਡ ਬਹਾਲ ਕਰ ਦਿੱਤੇ ਸਨ।

ਸਰਕਾਰਾਂ ਭਾਵੇਂ ਵੋਟਾਂ ਦੀ ਖ਼ਾਤਰ ਜਿੰਨੀਆਂ ਮਰਜ਼ੀ ਗ਼ਰੀਬ ਲੋਕਾਂ ਲਈ ਮੁਫ਼ਤ ਦੀਆਂ ਸਹੂਲਤਾਂ ਦਾ ਐਲਾਨ ਕਰੀ ਜਾਣ ਪਰ 'ਪਰਨਾਲਾ ਉੱਥੇ ਦਾ ਉੱਥੇ ਹੀ' ਦੀ ਕਹਾਵਤ ਅਨੁਸਾਰ ਇਨ੍ਹਾਂ ਸਹੂਲਤਾਂ ਦਾ ਫ਼ਾਇਦਾ ਜਾਅਲੀ ਰਾਸ਼ਨ ਕਾਰਡ ਵਾਲਿਆਂ ਨੇ ਵੀ ਉਠਾ ਲੈਣਾ ਹੈ। ਮੁਫ਼ਤ ਦੀਆਂ ਸਹੂਲਤਾਂ ਆਮਦਨ ਦੇ ਆਧਾਰ 'ਤੇ ਮਿਲਣੀਆਂ ਚਾਹੀਦੀਆਂ ਹਨ। ਪਿਛਲੇ ਸਾਲਾਂ ਵਿਚ ਪੰਜਾਬ ਦੀਆਂ ਸਹੂਲਤਾਂ ਦੀ ਹੋਈ ਦੁਰਵਰਤੋਂ ਦੀਆਂ ਕਈ ਮਿਸਾਲਾਂ ਹਨ ਜਿਵੇਂ ਮੁਫ਼ਤ ਦੀ ਅਤੇ 2 ਰੁਪਏ ਕਿੱਲੋ ਵਾਲੀ ਕਣਕ ਲੈਣ ਲਈ ਵੀ ਅਮੀਰ ਲੋਕਾਂ ਨੇ ਗ਼ਲਤ ਢੰਗ ਨਾਲ ਕਾਰਡ ਬਣਾਏ ਹੋਏ ਹਨ। ਲੋਕ ਬਹੁਤ ਚਲਾਕ ਹਨ। ਮੁਫ਼ਤ ਦੀ ਕਣਕ ਲੈਣ ਲਈ 40 ਫ਼ੀਸਦੀ ਲੋਕਾਂ ਨੇ ਰਾਸ਼ਨ ਕਾਰਡ ਆਪਣੀਆਂ ਘਰ ਦੀਆਂ ਔਰਤਾਂ ਦੇ ਨਾਂ 'ਤੇ ਬਣਾਏ ਹੋਏ ਹਨ ਅਤੇ ਜਾਇਦਾਦਾਂ, ਜ਼ਮੀਨਾਂ ਤੇ ਕੋਠੀਆਂ ਆਦਿ ਉਨ੍ਹਾਂ ਨੇ ਆਪਣੇ ਨਾਵਾਂ 'ਤੇ ਬਣਾ ਰੱਖੀਆਂ ਹਨ। ਪਿਛਲੇ ਸਾਲ ਹੁਸ਼ਿਆਰਪੁਰ ਸ਼ਹਿਰ ਦੇ ਨਿਲੋਈਆਂ ਏਰੀਏ ਵਿਚ ਮਰਸਡੀਜ਼ ਕਾਰ ਵਿਚ 2 ਰੁਪਏ ਕਿੱਲੋ ਵਾਲੀ ਕਣਕ ਲੈਣ ਆਏ ਵਿਅਕਤੀ ਦੀ ਵੀਡੀਓ ਵਾਇਰਲ ਹੋਈ ਸੀ।

ਪੰਜਾਬ ਸਰਕਾਰ ਨੇ 300 ਯੂਨਿਟ ਪ੍ਰਤੀ ਮਹੀਨਾ ਬਿਜਲੀ ਮੁਫ਼ਤ ਕੀਤੀ ਹੋਈ ਹੈ। ਇਸ ਦਾ ਵੀ ਕਈ ਰੱਜੇ-ਪੁੱਜੇ ਲੋਕ ਗ਼ਲਤ ਢੰਗ-ਤਰੀਕੇ ਵਰਤ ਕੇ ਨਾਜਾਇਜ਼ ਫ਼ਾਇਦਾ ਉਠਾ ਰਹੇ ਹਨ। ਮਿਸਾਲ ਦੇ ਤੌਰ 'ਤੇ ਇਕੋ ਮਕਾਨ ਵਿਚ ਰਹਿੰਦੇ ਦੋ ਭਰਾਵਾਂ ਨੇ ਹੁਣ ਬਿਜਲੀ ਬਿੱਲ ਤੋਂ ਬਚਣ ਲਈ ਪਹਿਲਾਂ ਲੱਗੇ ਇਕ ਮੀਟਰ ਦੀ ਥਾਂ ਦੋ ਮੀਟਰ ਲਗਾ ਲਏ ਹਨ। ਇਸੇ ਤਰ੍ਹਾਂ ਕਿਸਾਨਾਂ ਨੂੰ ਟਿਊਬਵੈੱਲ ਲਈ ਬਿਜਲੀ ਮੁਫ਼ਤ ਹੈ ਅਤੇ ਉਹ ਵੀ ਪਾਣੀ ਦੀ ਵਰਤੋਂ ਕਰਨ ਤੋਂ ਬਾਅਦ ਮੋਟਰ ਬੰਦ ਨਹੀਂ ਕਰਦੇ ਕਿਉਂਕਿ ਬਿਜਲੀ ਮੁਫ਼ਤ ਹੈ ਅਤੇ ਉਹ ਨਾਲ ਲੱਗਦੇ ਖੇਤਿਆਂ ਵਾਲਿਆਂ ਨੂੰ ਪਾਣੀ ਦਿੰਦੇ ਹਨ।

ਸਰਕਾਰ ਵੱਲੋਂ ਸਰਕਾਰੀ ਬੱਸਾਂ ਵਿਚ ਔਰਤਾਂ ਨੂੰ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਦਿੱਤੀ ਗਈ ਹੈ। ਕਈ ਵਾਰ ਦੇਖਣ ਵਿਚ ਆਇਆ ਹੈ ਕਿ ਔਰਤ ਦੇ ਦੋ ਹਜ਼ਾਰ ਦਾ ਸੂਟ, ਕੰਨਾਂ ਵਿਚ ਸੋਨੇ ਦੇ ਝੁਮਕੇ ਅਤੇ ਉਂਗਲਾਂ ਵਿਚ ਮੁੰਦਰੀਆਂ ਪਾਈਆਂ ਹੁੰਦੀਆਂ ਹਨ ਅਤੇ ਉਹ ਆਧਾਰ ਕਾਰਡ ਦਿਖਾ ਕੇ ਮੁਫ਼ਤ ਸਫ਼ਰ ਕਰਦੀਆਂ ਹਨ ਜਦਕਿ ਆਰਥਿਕ ਪੱਖੋਂ ਗ਼ਰੀਬ ਔਰਤਾਂ ਨੂੰ ਬੱਸ ਕੰਡਕਟਰ ਬੱਸਾਂ ਵਿਚ ਬਿਠਾਉਣ ਤੋਂ ਕਿਸੇ ਨਾ ਕਿਸੇ ਬਹਾਨੇ ਇਨਕਾਰ ਕਰੀ ਜਾਂਦੇ ਹਨ। ਇਸੇ ਤਰ੍ਹਾਂ ਅਮੀਰ ਔਰਤਾਂ, ਗ਼ਰੀਬ ਔਰਤਾਂ ਦੇ ਹੱਕ 'ਤੇ ਡਾਕਾ ਮਾਰ ਰਹੀਆਂ ਹਨ। ਇਹ ਵੀ ਪਤਾ ਲੱਗਾ ਹੈ ਕਿ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਦੀਆਂ ਔਰਤਾਂ ਰੋਜ਼ਾਨਾ ਹੀ ਸਰਕਾਰੀ ਬੱਸਾਂ 'ਤੇ ਸਫ਼ਰ ਕਰਦੀਆਂ ਹਨ ਜਦਕਿ ਉਨ੍ਹਾਂ ਦੀਆਂ ਤਨਖ਼ਾਹਾਂ 20 ਹਜ਼ਾਰ ਤੋਂ ਲੈ ਕੇ 50 ਹਜ਼ਾਰ ਰੁਪਏ ਤੱਕ ਵੀ ਹਨ।

ਮਨਰੇਗਾ ਸਕੀਮ ਦੀ ਗੱਲ ਕਰੀਏ ਤਾਂ ਇਸ ਵਿਚ ਵੀ ਕਾਫ਼ੀ ਧਾਂਦਲੀਆਂ ਹਨ। ਸਕੀਮ ਨੂੰ ਲਾਗੂ ਕਰਨ ਸਮੇਂ ਪੰਚਾਇਤਾਂ ਵੱਲੋਂ ਪੱਖਪਾਤ ਕਰਨ ਅਤੇ ਹੋਰ ਹੋ ਰਹੀਆਂ ਘਪਲੇਬਾਜ਼ੀਆਂ ਬਾਰੇ ਅਕਸਰ ਖ਼ਬਰਾਂ ਛਪਦੀਆਂ ਹੀ ਰਹਿੰਦੀਆਂ ਹਨ। ਰੱਜੇ-ਪੁੱਜੇ ਅਤੇ ਅਸਰ-ਰਸੂਖ਼ ਵਾਲੇ ਪਰਿਵਾਰਾਂ ਦੇ ਜਾਬ ਕਾਰਡ ਬਣੇ ਹੋਏ ਹਨ ਜਦਕਿ ਲੋੜਵੰਦਾਂ ਨੂੰ ਜਾਬ ਕਾਰਡ ਨਹੀਂ ਮਿਲ ਰਹੇ। ਮਜ਼ਦੂਰ ਸਬੰਧਤ ਥਾਵਾਂ 'ਤੇ ਕੰਮ ਕਰਦੇ ਹਨ ਪਰ ਅਸਰ ਰਸੂਖ਼ ਵਾਲੇ ਲੋਕ ਜੋ ਕੰਮ ਨਹੀਂ ਕਰਦੇ, ਦਿਹਾੜੀ ਦੇ ਪੈਸੇ ਉਨ੍ਹਾਂ ਦੇ ਖਾਤਿਆਂ ਵਿਚ ਪੈ ਰਹੇ ਹਨ। ਇਸ ਤਰ੍ਹਾਂ ਉਹ ਗ਼ਲਤ ਅਤੇ ਚਾਅਲਬਾਜ਼ੀ ਨਾਲ ਕਾਰਡ ਬਣਾ ਕੇ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾ ਰਹੇ ਹਨ।

ਸਿੱਟਾ ਇਹੀ ਨਿਕਲਦਾ ਹੈ ਕਿ ਮੁਫ਼ਤ ਦੀਆਂ ਸਹੂਲਤਾਂ ਦਾ ਅਸਲ ਹੱਕਦਾਰ ਪਰਿਵਾਰ ਘੱਟ ਜਦਕਿ ਰੱਜੇ-ਪੁੱਜੇ ਪਰਿਵਾਰਾਂ ਦੇ ਲੋਕ ਗ਼ਲਤ ਢੰਗ ਨਾਲ ਕਾਰਡ ਬਣਾ ਕੇ ਵੱਧ ਲਾਭ ਉਠਾ ਰਹੇ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਹਰ ਇਕ ਨੂੰ ਆਮਦਨ ਦੇ ਆਧਾਰ 'ਤੇ ਮੁਫ਼ਤ ਸਹੂਲਤਾਂ ਦੇਵੇ ਤਾਂ ਜੋ ਅਸਲ ਹੱਕਦਾਰ ਲੋਕਾਂ ਤੱਕ ਸਰਕਾਰ ਵੱਲੋਂ ਦਿੱਤੀਆਂ ਮੁਫ਼ਤ ਸਹੂਲਤਾਂ ਪਹੁੰਚ ਸਕਣ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਸਹੂਲਤਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਪੁਖ਼ਤਾ ਕਦਮ ਚੁੱਕੇ ਅਤੇ ਨਾਜਾਇਜ਼ ਫ਼ਾਇਦਾ ਉਠਾ ਰਹੇ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰੇ।

# ਸਮੱਸਿਆ ਬਣਿਆ ਸੰਵਿਧਾਨ ਦਾ ਮੂਲ ਢਾਂਚੇ ਵਾਲਾ ਸਿਧਾਂਤ

ਡਾ. ਏ. ਕੇ. ਵਰਮਾ

ਇਸ ਸਾਲ 26 ਨਵੰਬਰ ਨੂੰ ਭਾਰਤੀ ਸੰਵਿਧਾਨ ਦੇ 76 ਸਾਲ ਪੂਰੇ ਹੋਏ। ਕੁਝ ਉਤਰਾਅ-ਚੜ੍ਹਾਅ ਦੇ ਬਾਵਜੂਦ ਸੰਵਿਧਾਨ ਨੇ ਦੇਸ਼ ਦੇ ਗਣਤੰਤਰਾਤਮਕ, ਸੰਘਾਤਮਕ ਅਤੇ ਲੋਕਤੰਤਰੀ ਸਰੂਪ ਨੂੰ ਮਜ਼ਬੂਤ ਕੀਤਾ ਹੈ। ਜਿੱਥੇ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਅਤੇ ਸ੍ਰੀਲੰਕਾ ਵਰਗੇ ਕਈ ਦੇਸ਼ਾਂ ਵਿਚ ਕਈ ਵਾਰ ਸੰਵਿਧਾਨ ਬਦਲ ਕੇ ਨਵੇਂ ਸੰਵਿਧਾਨ ਬਣਾਏ ਗਏ, ਉੱਥੇ ਹੀ ਭਾਰਤੀ ਜਨਤਾ ਨੇ ਆਪਣੇ ਸੰਵਿਧਾਨ ਵਿਚ ਆਸਥਾ ਬਣਾਈ ਰੱਖੀ ਹੈ।

ਸੰਸਦ ਨੇ 106 ਸੰਵਿਧਾਨਕ ਸੋਧਾਂ ਰਾਹੀਂ ਕਾਨੂੰਨ ਅਤੇ ਸਮਾਜਿਕ ਵਿਕਾਸ ਵਿਚ ਤਾਲਮੇਲ ਬਣਾਈ ਰੱਖਿਆ ਹੈ। ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਦੁਆਰਾ ਸੰਵਿਧਾਨ ਵਿਚ ਕੀਤੀ ਗਈ ਛੇੜਛਾੜ ਨੂੰ ਛੱਡ ਦਿੱਤਾ ਜਾਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਸੰਵਿਧਾਨ ਨਿਰਮਾਤਾਵਾਂ ਦੀਆਂ ਉਮੀਦਾਂ ਮੁਤਾਬਕ ਸੰਵਿਧਾਨ ਚੱਲਦਾ ਰਿਹਾ ਹੈ।

ਲੋਕਤੰਤਰ ਸਿੱਧੀ ਲਕੀਰ ਵਿਚ ਚੱਲਣ ਵਾਲੀ ਸੰਵਿਧਾਨਕ ਵਿਵਸਥਾ ਨਹੀਂ ਹੈ। ਅਸਹਿਮਤੀ, ਆਲੋਚਨਾ ਅਤੇ ਵਿਰੋਧ ਉਸ ਦੇ ਲਾਜ਼ਮੀ ਤੱਤ ਹਨ। ਇਸ ਲਈ ਲੋਕਤੰਤਰ ਵਿਚ ਹੋਣ ਵਾਲੇ ਟਕਰਾਵਾਂ ਤੋਂ ਪੈਦਾ ਹੋਈ ਸਮਾਜਿਕ-ਰਾਜਨੀਤਕ ਗਰਮੀ ਨੂੰ ਨਾਂਹ-ਪੱਖੀ ਹਰਗਿਜ਼ ਕਰਾਰ ਨਹੀਂ ਦਿੱਤਾ ਜਾ ਸਕਦਾ। ਭਾਰਤ ਨੇ ਸਮਾਜਿਕ, ਸੰਸਕ੍ਰਿਤਕ, ਧਾਰਮਿਕ, ਖੇਤਰੀ ਅਤੇ ਭਾਸ਼ਾਈ ਆਦਿ ਵੰਨ-ਸੁਵੰਨਤਾ ਵਾਲੇ ਪੱਖਾਂ ਕਾਰਨ ਅਸਹਿਮਤੀਆਂ, ਨੁਕਤਾਚੀਨੀਆਂ ਤੇ ਵਿਰੋਧਾਂ ਨੂੰ ਆਪਣੀ ਲੋਕਤੰਤਰੀ ਸੱਭਿਅਤਾ-ਸੰਸਕ੍ਰਿਤੀ ਦੇ ਅਨਿੱਖੜਵੇਂ ਤੱਤ ਵਜੋਂ ਅੰਗੀਕਾਰ ਕੀਤਾ ਹੈ। ਇਸ ਸਾਲ ਸੰਵਿਧਾਨ ਦਿਵਸ ਇਸ ਲਈ ਵਿਸ਼ੇਸ਼ ਹੈ ਕਿਉਂਕਿ ਹਾਲ ਹੀ ਵਿਚ ਸੁਪਰੀਮ ਕੋਰਟ ਦੀ ਪੰਜ ਮੈਂਬਰੀ ਬੈਂਚ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਧਾਰਾ 143(1) ਅਧੀਨ ਮੰਗੇ ਗਏ 14 ਬਿੰਦੂਆਂ 'ਤੇ ਆਪਣਾ ਮਸ਼ਵਰਾ ਦਿੱਤਾ ਜਿਸ ਵਿਚ ਜੱਜਾਂ ਨੇ 'ਸਵਦੇਸ਼ੀ ਵਿਆਖਿਆ' ਪੱਧਤੀ ਅਪਣਾਈ। ਇਸ ਵਿਚ ਜੱਜਾਂ ਨੇ 'ਸ਼ਕਤੀ ਵੰਡ ਸਿਧਾਂਤ' ਦੀ ਪੁਨਰ-ਸਥਾਪਨਾ ਕਰਦੇ ਹੋਏ ਖ਼ੁਦ ਨਿਆਂਪਾਲਿਕਾ ਨੂੰ ਸੁਚੇਤ ਕੀਤਾ ਕਿ ਉਹ ਕਾਰਜਪਾਲਿਕਾ, ਅਰਥਾਤ ਰਾਸ਼ਟਰਪਤੀ ਅਤੇ ਰਾਜਪਾਲਾਂ ਦੁਆਰਾ ਬਿੱਲਾਂ ਨੂੰ ਮਨਜ਼ੂਰੀ ਦੇਣ ਦੇ ਸੰਵਿਧਾਨਕ ਅਧਿਕਾਰਾਂ ਵਿਚ ਦਖ਼ਲਅੰਦਾਜ਼ੀ ਕਰਨ ਦਾ ਯਤਨ ਨਾ ਕਰੇ।



ਇਹ ਇਕ ਮਹੱਤਵਪੂਰਨ ਨਿਆਇਕ ਮਸ਼ਵਰਾ ਹੈ ਜੋ ਨਿਆਂਪਾਲਿਕਾ ਲਈ ਨਾ ਸਿਰਫ਼ 'ਲਛਮਣ ਰੇਖਾ' ਖਿੱਚਦਾ ਹੈ ਸਗੋਂ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਦੇ ਆਪਸੀ ਸਬੰਧਾਂ ਵਿਚ ਪਰਸਪਰ ਸਹਿਯੋਗ ਅਤੇ ਭਾਈਚਾਰੇ ਦੀ ਲੋੜ ਨੂੰ ਵੀ ਰੇਖਾਂਕਿਤ ਕਰਦਾ ਹੈ।

ਜਨਤਾ ਨੂੰ ਲੱਗਦਾ ਹੈ ਕਿ 1993 ਵਿਚ ਨਿਆਇਕ ਨਿਯੁਕਤੀਆਂ ਲਈ ਬਣੀ ਕੌਲੇਜੀਅਮ ਪ੍ਰਣਾਲੀ ਅਤੇ ਉਸ ਤੋਂ ਪਹਿਲਾਂ 1973 ਵਿਚ ਕੇਸ਼ਵਾਨੰਦ ਭਾਰਤੀ ਮਾਮਲੇ ਵਿਚ ਸੰਵਿਧਾਨ ਦੇ ਮੂਲ ਢਾਂਚੇ ਦਾ ਸਿਧਾਂਤ ਲਾਗੂ ਕਰਨ ਵਿਚ ਸੁਪਰੀਮ ਕੋਰਟ ਨੇ ਸੰਭਵ ਤੌਰ 'ਤੇ ਇਸ ਲਛਮਣ ਰੇਖਾ ਦੀ ਉਲੰਘਣਾ ਕੀਤੀ ਹੈ। ਕੌਲੇਜੀਅਮ ਪ੍ਰਣਾਲੀ ਤਹਿਤ ਨਿਆਂਪਾਲਿਕਾ ਨੇ ਉੱਚ ਨਿਆਂਪਾਲਿਕਾ ਵਿਚ ਨਿਯੁਕਤੀਆਂ ਅਤੇ ਤਬਾਦਲਿਆਂ ਦਾ ਅਧਿਕਾਰ ਆਪਣੇ ਹੱਥ ਵਿਚ ਲੈ ਲਿਆ।

ਇਹ ਪ੍ਰਣਾਲੀ ਧਾਰਾ 124 ਵਿਚ ਵਰਣਿਤ ਪ੍ਰਕਿਰਿਆ ਦੇ ਉਲਟ ਹੈ ਜੋ ਰਾਸ਼ਟਰਪਤੀ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਮੁੱਖ ਜੱਜ ਅਤੇ ਹੋਰ ਜੱਜਾਂ (ਜਿਨ੍ਹਾਂ ਨਾਲ ਸਲਾਹ-ਮਸ਼ਵਰਾ ਜ਼ਰੂਰੀ ਹੈ) ਨਾਲ ਸਲਾਹ ਕਰ ਕੇ ਜੱਜਾਂ ਦੀ ਨਿਯੁਕਤੀ ਕਰੇ। ਪ੍ਰਮੁੱਖ ਲੋਕਤੰਤਰਾਂ ਵਿਚ ਕਿਤੇ ਵੀ ਅਜਿਹਾ ਨਹੀਂ ਹੈ ਜਿੱਥੇ ਨਿਆਂਪਾਲਿਕਾ ਹੀ ਜੱਜਾਂ ਦੀ ਨਿਯੁਕਤੀ ਕਰੇ। ਮਾਹਿਰਾਂ ਦਾ ਵੀ ਮੰਨਣਾ ਹੈ ਕਿ ਕੌਲੇਜੀਅਮ ਪ੍ਰਣਾਲੀ ਨਾਲ ਨਿਆਇਕ ਨਿਯੁਕਤੀਆਂ ਵਿਚ ਨਿਰਪੱਖਤਾ ਅਤੇ ਪਾਰਦਰਸ਼ਤਾ ਪ੍ਰਭਾਵਿਤ ਹੋਈ ਹੈ ਅਤੇ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਵਿਚਕਾਰ ਸ਼ਕਤੀ ਦਾ ਸੰਤੁਲਨ ਵਿਗੜ ਗਿਆ ਹੈ। ਸੰਵਿਧਾਨ ਦੇ ਮੂਲ ਢਾਂਚੇ ਦਾ ਸਿਧਾਂਤ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ, ਦੋਹਾਂ 'ਤੇ ਸਦਾ ਲਟਕਦੀ ਤਲਵਾਰ ਵਾਂਗ ਹੈ। ਕੇਸ਼ਵਾਨੰਦ ਭਾਰਤੀ ਮਾਮਲੇ ਵਿਚ ਨਿਆਂਪਾਲਿਕਾ ਨੇ ਫ਼ੈਸਲਾ ਦਿੱਤਾ ਕਿ ਸੰਸਦ ਮੌਲਿਕ ਅਧਿਕਾਰਾਂ ਸਮੇਤ ਸੰਵਿਧਾਨ ਦੀ ਕਿਸੇ ਵੀ ਵਿਵਸਥਾ ਵਿਚ ਸੋਧ ਕਰ ਸਕਦੀ ਹੈ ਪਰ ਸੰਵਿਧਾਨ ਦੇ ਮੂਲ ਢਾਂਚੇ ਵਿਚ ਕੋਈ ਬਦਲਾਅ ਨਹੀਂ ਕਰ ਸਕਦੀ।

ਨਿਆਂਪਾਲਿਕਾ ਨੇ ਮੂਲ ਢਾਂਚੇ ਦੀ ਕੋਈ ਆਖ਼ਰੀ ਪਰਿਭਾਸ਼ਾ ਅਤੇ ਸੂਚੀ ਨਹੀਂ ਬਣਾਈ। ਇਨ੍ਹਾਂ ਸਾਰਿਆਂ ਦੇ ਬਾਵਜੂਦ ਸਮੇਂ-ਸਮੇਂ 'ਤੇ ਉੱਚ ਨਿਆਂਪਾਲਿਕਾ ਮੂਲ ਢਾਂਚੇ ਦੇ ਵੱਖ-ਵੱਖ ਪੱਖਾਂ ਦੀ ਨਿਸ਼ਾਨਦੇਹੀ ਕਰਦੀ ਰਹੀ। ਇਸ ਤਰ੍ਹਾਂ ਸੰਸਦ ਨੂੰ ਯਕੀਨ ਹੀ ਨਹੀਂ ਹੋ ਪਾਉਂਦਾ ਕਿ ਸੰਵਿਧਾਨਕ ਸੋਧ ਵਿਚ ਉਹ ਕਿਸ ਮੂਲ ਢਾਂਚੇ ਦੀ ਉਲੰਘਣਾ ਕਰ ਰਹੀ ਹੈ ਜਾਂ ਕਰਨ ਜਾ ਰਹੀ ਹੈ। ਇਸ ਸ਼ਸ਼ੋਪੰਜ ਵਾਲੀ ਸਥਿਤੀ ਤੋਂ ਬਾਹਰ ਨਿਕਲਣਾ ਬਹੁਤ ਜ਼ਿਆਦਾ ਜ਼ਰੂਰੀ ਹੋ ਗਿਆ ਹੈ।

ਸੰਵਿਧਾਨ ਘਾੜਿਆਂ ਨੇ ਨਿਆਂਪਾਲਿਕਾ ਨੂੰ ਨਿਆਇਕ ਪੁਨਰ-ਨਿਰੀਖਣ ਦਾ ਸੀਮਤ ਅਧਿਕਾਰ ਦਿੱਤਾ ਸੀ ਅਤੇ ਉਸ ਨੂੰ ਕਾਨੂੰਨ ਦੁਆਰਾ ਸਥਾਪਤ ਪ੍ਰਕਿਰਿਆ ਦੇ ਸਿਧਾਂਤ ਨਾਲ ਬੰਨ੍ਹਿਆ ਵੀ ਜਿਸ ਨਾਲ ਉਹ ਕਿਸੇ ਕਾਨੂੰਨ ਨੂੰ ਸਿਰਫ਼ ਉਦੋਂ ਹੀ ਰੱਦ ਕਰ ਸਕੇ ਜਦੋਂ ਉਹ ਸੰਵਿਧਾਨਕ ਵਿਵਸਥਾਵਾਂ ਦੇ ਖ਼ਿਲਾਫ਼ ਹੋਵੇ। ਮੂਲ ਢਾਂਚੇ ਦੇ ਸਿਧਾਂਤ ਦਾ ਇਸਤੇਮਾਲ ਕਰ ਕੇ ਸੁਪਰੀਮ ਕੋਰਟ ਨੇ ਖ਼ੁਦ ਨੂੰ 'ਨਿਆਇਕ ਵੀਟੋ' ਪ੍ਰਦਾਨ ਕਰ ਦਿੱਤੀ ਹੈ ਜੋ ਕਾਨੂੰਨਾਂ ਅਤੇ ਸੰਵਿਧਾਨਕ ਸੋਧਾਂ ਨੂੰ ਕਿਸੇ ਜਾਣੇ ਜਾਂ ਅਣਜਾਣੇ ਮੂਲ ਢਾਂਚੇ ਖ਼ਿਲਾਫ਼ ਹੋਣ ਦੇ ਆਧਾਰ 'ਤੇ ਰੱਦ ਕਰ ਸਕਦੀ ਹੈ। ਨਿਆਂਪਾਲਿਕਾ ਦਾ ਖ਼ੁਦ ਨੂੰ ਸਰਬਉੱਚ ਸਮਝਣ ਵਾਲਾ ਵਤੀਰਾ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਨਾਲ ਉਸ ਦਾ ਟਕਰਾਅ ਵਧਾ ਰਿਹਾ ਹੈ ਜਿਸ ਕਾਰਨ ਇਨ੍ਹਾਂ ਦੀ ਕਾਰਜਪ੍ਰਣਾਲੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।

ਮੁਲਕ ਅਤੇ ਲੋਕਾਂ ਦਾ ਭਲਾ ਇਸੇ ਵਿਚ ਹੈ ਕਿ ਇਹ ਤਿੰਨੇ ਅੰਗ ਮਿਲ-ਜੁਲ ਕੇ ਕੰਮ ਕਰਨ ਅਤੇ ਕਿਸੇ ਵੀ ਤਰ੍ਹਾਂ ਦੇ ਟਕਰਾਅ ਤੋਂ ਬਚਿਆ ਜਾਵੇ ਅਤੇ ਸਭ ਮਸਲਿਆਂ ਦਾ ਹੱਲ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ।

ਮੂਲ ਢਾਂਚੇ ਦੇ ਸਿਧਾਂਤ ਨੂੰ ਲਾਗੂ ਕਰ ਕੇ ਨਿਆਂਪਾਲਿਕਾ ਨੇ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ, ਦੋਹਾਂ 'ਤੇ ਆਪਣੀ ਸਰਬਉੱਚਤਾ ਨੂੰ ਸਥਾਪਤ ਕੀਤਾ ਹੈ ਜੋ ਖ਼ੁਦ ਮੂਲ ਢਾਂਚੇ ਦੇ ਸ਼ਕਤੀ ਵੰਡ ਸਿਧਾਂਤ ਦੇ ਖ਼ਿਲਾਫ਼ ਹੈ।

ਅਜਿਹੇ ਵਿਚ ਸੰਵਿਧਾਨ ਦੇ ਮੂਲ ਢਾਂਚੇ ਦੇ ਸਿਧਾਂਤ ਦੀ ਨਵੇਂ ਸਿਰੇ ਤੋਂ ਸਮੀਖਿਆ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਭਾਵੇਂ ਰਾਸ਼ਟਰਪਤੀ ਜਾਂ ਰਾਜਪਾਲਾਂ ਲਈ ਬਿੱਲਾਂ ਦੀ ਮਨਜ਼ੂਰੀ ਲਈ ਸਮਾਂ ਸੀਮਾ ਨਿਰਧਾਰਤ ਕਰਨ ਨੂੰ ਗ਼ਲਤ ਮੰਨਿਆ ਪਰ ਇਹ ਵੀ ਸੰਕੇਤ ਦਿੱਤਾ ਕਿ ਰਾਸ਼ਟਰਪਤੀ ਅਤੇ ਰਾਜਪਾਲਾਂ ਨੂੰ ਬਿੱਲਾਂ ਨੂੰ ਮਨਜ਼ੂਰੀ ਦੇਣ ਵਿਚ ਬਹੁਤ ਦੇਰੀ ਨਹੀਂ ਕਰਨੀ ਚਾਹੀਦੀ।

ਕੀ ਇਹ ਸੰਕੇਤ ਨਿਆਂਪਾਲਿਕਾ ਤੱਕ ਵੀ ਪਹੁੰਚੇਗਾ ਕਿਉਂਕਿ ਨਿਆਂਪਾਲਿਕਾ ਵਿਚ ਮਾਮਲਿਆਂ ਨੂੰ ਨਿਪਟਾਉਣ ਵਿਚ ਬਹੁਤ ਸਮਾਂ ਲੱਗਦਾ ਹੈ? ਕੀ ਸੁਪਰੀਮ ਕੋਰਟ ਕਿਸੇ ਅਜਿਹੀ ਪ੍ਰਣਾਲੀ ਨੂੰ ਜਨਮ ਦੇ ਸਕਦੀ ਹੈ ਜਿਸ ਨਾਲ ਮੁਕੱਦਮਿਆਂ 'ਤੇ ਇਕ-ਹਫ਼ਤਾ, ਇਕ-ਮਹੀਨਾ ਜਾਂ ਇਕ-ਸਾਲ ਵਿਚ ਆਖ਼ਰੀ ਫ਼ੈਸਲਾ ਹੋ ਸਕੇ?

ਵਿਕਸਤ ਰਾਸ਼ਟਰ ਲਈ ਸੰਵਿਧਾਨ ਦੀ ਜਟਿਲ ਭਾਸ਼ਾ ਦਾ ਸਰਲੀਕਰਨ ਵੀ ਜ਼ਰੂਰੀ ਹੈ। ਸੰਵਿਧਾਨ ਦੀ ਭਾਸ਼ਾ ਅਜਿਹੀ ਹੋਣੀ ਚਾਹੀਦੀ ਹੈ ਕਿ ਕਾਨੂੰਨ ਮਾਹਿਰ, ਵਕੀਲ ਅਤੇ ਜੱਜ ਹੀ ਨਹੀਂ, ਸਧਾਰਨ ਨਾਗਰਿਕ ਵੀ ਸੰਵਿਧਾਨ ਨੂੰ ਪੜ੍ਹ ਅਤੇ ਸਮਝ ਸਕਣ। ਇੰਜ ਹੋਣ ਨਾਲ ਉਹ ਇਨਸਾਫ਼ ਲੈਣ ਲਈ ਜ਼ਿਆਦਾ ਜਾਗਰੂਕ ਹੋ ਸਕਣਗੇ।

ਇਹ ਸਹੀ ਹੈ ਕਿ ਸਰਕਾਰ ਅਤੇ ਨਿਆਂਪਾਲਿਕਾ ਦੀਆਂ ਕਈ ਪਹਿਲਕਦਮੀਆਂ ਅਜਿਹੀਆਂ ਰਹੀਆਂ ਹਨ ਜਿਨ੍ਹਾਂ ਨਾਲ ਸੰਵਿਧਾਨ ਤੇ ਕਾਨੂੰਨਾਂ ਦਾ ਸਰਲੀਕਰਨ ਹੋਇਆ ਹੈ ਪਰ ਸੰਵਿਧਾਨ ਪ੍ਰਤੀ ਆਦਰ ਦਾ ਭਾਵ ਹੋਣ ਦੇ ਬਾਵਜੂਦ ਅਜੇ ਵੀ ਆਮ ਨਾਗਰਿਕਾਂ ਅਤੇ ਸੰਵਿਧਾਨ ਵਿਚਕਾਰ ਬਹੁਤ ਦੂਰੀ ਹੈ।

ਸੰਵਿਧਾਨ ਪ੍ਰਤੀ ਇਹ ਆਦਰ ਬਣਿਆ ਰਹੇ ਅਤੇ ਸੰਵਿਧਾਨਕ ਸੰਸਥਾਵਾਂ ਬਾਬਤ ਜਨਤਾ ਦੀ ਆਸਥਾ ਅਡੋਲ ਰਹੇ, ਇਸ ਲਈ ਜ਼ਰੂਰੀ ਹੈ ਕਿ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਆਪੋ-ਆਪਣੀਆਂ ਜ਼ਿੰਮੇਵਾਰੀਆਂ ਦੀ ਲਛਮਣ ਰੇਖਾ ਨੂੰ ਪਛਾਣਦੇ ਹੋਏ ਭਾਰਤੀ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਧਿਆਨ ਵਿਚ ਰੱਖ ਕੇ ਆਪਣੇ ਫ਼ਰਜ਼ਾਂ ਨੂੰ ਨਿਭਾਉਣ। ਤਦ ਹੀ ਭਾਰਤ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨਾਲ-ਨਾਲ ਸਭ ਤੋਂ ਵਧੀਆ ਜਮਹੂਰੀਅਤ ਵੀ ਬਣ ਸਕੇਗਾ।

# ਜਾਪਾਨ ਦੀ ਕੰਪਨੀ ਪੰਜਾਬ 'ਚ ਨਿਵੇਸ਼ ਕਰੇਗੀ 400 ਕਰੋੜ

ਚੰਡੀਗੜ੍ਹ- ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦਿੰਦੇ ਹੋਏ, ਜਾਪਾਨ ਦੀ ਮੋਹਰੀ ਕੰਪਨੀ ਟੌਪਨ ਸਪੈਸ਼ਲਿਟੀ ਫਿਲਮਜ਼ ਪ੍ਰਾਈਵੇਟ ਲਿਮਟਿਡ (ਟੀ.ਐਸ.ਐਫ.) ਨੇ ਆਪਣੀ ਵਿਸਥਾਰ ਯੋਜਨਾ ਦੇ ਹਿੱਸੇ ਵਜੋਂ ਪੰਜਾਬ ਸਰਕਾਰ ਨਾਲ 400 ਕਰੋੜ ਰੁਪਏ ਦਾ ਨਿਵੇਸ਼ ਕਰਨ ਲਈ ਇੱਕ ਰਸਮੀ ਸਮਝੌਤਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਟੀ.ਐਸ.ਐਫ. ਅਤੇ ਇਨਵੈਸਟ ਪੰਜਾਬ ਨੇ ਸੂਬੇ ਵਿੱਚ ਇੱਕ ਸਕਿੱਲ ਐਕਸੀਲੈਂਸ ਸੈਂਟਰ ਸਥਾਪਤ ਕਰਨ ਲਈ ਸਾਂਝੇਦਾਰੀ ਅਤੇ ਸਹਿਯੋਗ 'ਤੇ ਸਹਿਮਤੀ ਪ੍ਰਗਟਾਈ ਹੈ, ਤਾਂ ਜੋ ਹੁਨਰਮੰਦ/ਅਰਧ-ਹੁਨਰਮੰਦ ਵਿਅਕਤੀਆਂ, ਕਾਮਿਆਂ ਅਤੇ ਨੌਜਵਾਨਾਂ ਨੂੰ ਉੱਚ ਪੱਧਰੀ ਸਿਖਲਾਈ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਪਹਿਲ ਉਦਯੋਗਾਂ ਦੀਆਂ ਲੋੜਾਂ ਅਨੁਸਾਰ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਪੰਜਾਬ ਵਿੱਚ ਨਵੇਂ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰੇਗੀ। ਮੁੱਖ ਮੰਤਰੀ ਨੇ ਦੱਸਿਆ ਕਿ ਇਹ ਸਾਂਝੇਦਾਰੀ ਉਨ੍ਹਾਂ ਆਧੁਨਿਕ ਅਤੇ ਤਕਨੀਕੀ ਹੁਨਰਾਂ 'ਤੇ ਵੀ ਕੇਂਦਰਿਤ ਹੈ ਜੋ ਅੱਜ ਆਮ ਤੌਰ 'ਤੇ ਉਪਲਬਧ ਨਹੀਂ ਹਨ। ਸਮਝੌਤੇ ਤਹਿਤ ਉਦਯੋਗ ਅਤੇ ਗਲੋਬਲ ਮਾਪਦੰਡਾਂ ਅਨੁਸਾਰ ਸਿਖਲਾਈ ਸਰਟੀਫਿਕੇਸ਼ਨ ਵੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਮਝੌਤਾ (ਐਮ ਯੂ) ਪੰਜਾਬ ਅਤੇ ਪੂਰੇ ਭਾਰਤ ਵਿੱਚ ਟੀ.ਐਸ.ਐਫ. ਅਤੇ ਹੋਰ ਵੱਡੇ ਉਦਯੋਗਾਂ ਵਿੱਚ ਅਪ੍ਰੈਂਟਿਸਸ਼ਿਪ ਅਤੇ ਰੁਜ਼ਗਾਰ ਦੇ ਮੌਕਿਆਂ ਦੇ ਨਵੇਂ ਰਾਹ ਖੋਲ੍ਹੇਗਾ। ਮਾਨ ਨੇ ਦੱਸਿਆ ਕਿ ਇਹ ਪ੍ਰੋਜੈਕਟ ਕਿਸੇ ਪੌਲੀਟੈਕਨਿਕ/ਤਕਨੀਕੀ ਸੰਸਥਾ ਨਾਲ ਸਾਂਝੇ ਤੌਰ 'ਤੇ ਸਿਖਲਾਈ ਅਤੇ ਅਕਾਦਮਿਕ ਸਹਿਯੋਗ ਨੂੰ ਵੀ ਮਜ਼ਬੂਤ ਕਰੇਗਾ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਦਯੋਗ ਦੀਆਂ ਜ਼ਰੂਰਤਾਂ ਦੇ ਆਧਾਰ 'ਤੇ ਟੀ.ਐਸ.ਐਫ. ਵਿੱਤੀ ਸਹਾਇਤਾ, ਤਕਨੀਕੀ ਜਾਣਕਾਰੀ, ਸਿਖਲਾਈ ਸਹਿਯੋਗ ਅਤੇ ਪਾਠਕ੍ਰਮ ਨਿਰਮਾਣ ਵਿੱਚ ਵੀ ਮਦਦ ਕਰੇਗਾ। ਇਸ ਦੌਰਾਨ ਅਪ੍ਰੈਂਟਿਸਸ਼ਿਪ ਦੀ ਸਹੂਲਤ ਵੀ ਉਪਲਬਧ ਹੋਵੇਗੀ ਅਤੇ ਯੋਗ ਸਿਖਿਆਰਥੀਆਂ ਨੂੰ ਢੁਕਵੇਂ ਰੁਜ਼ਗਾਰ ਦੇ ਮੌਕੇ ਮਿਲਣਗੇ। ਇਸ ਦੌਰਾਨ, ਟੀ.ਐਸ.ਐਫ. ਸਮੂਹ ਨੇ ਪੰਜਾਬ ਵਿੱਚ ਕੰਮ ਕਰਨ ਦੇ ਆਪਣੇ ਅਨੁਭਵ ਸਾਂਝੇ ਕਰਦਿਆਂ ਇਸ ਨੂੰ ਮਜ਼ਬੂਤ ਉਦਯੋਗ-ਸਰਕਾਰ ਸਾਂਝੇਦਾਰੀ, ਆਸਾਨ ਪ੍ਰਕਿਰਿਆਵਾਂ, ਉੱਚ ਗੁਣਵੱਤਾ ਵਾਲੇ ਕਾਰਜਬਲ ਦੀ ਉਪਲਬਧਤਾ, ਨਿਰਵਿਘਨ ਬਿਜਲੀ ਸਪਲਾਈ ਅਤੇ ਅਨੁਕੂਲ ਨਿਵੇਸ਼ ਮਾਹੌਲ ਦਾ ਨਤੀਜਾ ਦੱਸਿਆ।

# ਭਾਰਤ ਸਰਕਾਰ ਨੇ ਕਿਰਤ ਸੁਧਾਰ ਸੋਧ ਕਾਨੂੰਨ 'ਚ ਕੀ ਸੋਧਿਆ



ਡਾ. ਮਨਸੁਖ ਮਾਂਡਵੀਆ

ਕਈ ਦਹਾਕਿਆਂ ਤੱਕ ਭਾਰਤ ਕਮਜ਼ੋਰ ਆਰਥਿਕ ਵਿਕਾਸ, ਭ੍ਰਿਸ਼ਟਾਚਾਰ ਅਤੇ ਰੁਜ਼ਗਾਰ ਸਿਰਜਣਾ ਅਤੇ ਮਜ਼ਦੂਰਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਦੀ ਘਾਟ ਨਾਲ ਜੂਝਦਾ ਰਿਹਾ ਹੈ। ਰਾਜਨੀਤਕ ਉਦੇਸ਼ਾਂ ਲਈ ਕੀਤੇ ਜਾਣ ਵਾਲੇ ਘਿਰਾਓ ਅਤੇ ਸਨਅਤਾਂ ਨੂੰ ਤਾਲਾਬੰਦੀਆਂ ਨੇ ਉਦਯੋਗਿਕ ਗਤੀਵਿਧੀਆਂ ਨੂੰ ਰੋਕਿਆ, ਨਿਵੇਸ਼ ਨੂੰ ਰੋਕਿਆ ਅਤੇ ਵਿਵਸਥਾ ਵਿਚ ਭਰੋਸਾ ਤੋੜਿਆ। ਇਸ ਹਾਲਾਤ ਨੂੰ ਬਦਲਣ ਲਈ ਦੇਸ਼ ਦੇ ਲੀਡਰਸ਼ਿਪ ਵਿਚ ਵੱਡਾ ਬਦਲਾਅ ਜ਼ਰੂਰੀ ਸੀ। ਫਿਰ, ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਸ਼੍ਰਮੇਵ ਜਯਤੇ' ਦਾ ਸੱਦਾ ਦਿੱਤਾ ਅਤੇ ਕਿਹਾ ਕਿ ਭਾਰਤ ਦੀ ਵਿਕਾਸ ਯਾਤਰਾ ਦੇ ਕੇਂਦਰ ਵਿਚ ਕਿਰਤ ਦੀ ਗਰਿਮਾ ਅਰਥਾਤ ਮਜ਼ਦੂਰਾਂ ਦਾ ਸਤਿਕਾਰ ਹੋਣਾ ਚਾਹੀਦਾ ਹੈ।




ਇਹ ਸਿਰਫ਼ ਇਕ ਨਾਅਰਾ ਨਹੀਂ ਸੀ, ਸਗੋਂ ਇਕ ਨਵੀਂ ਰਾਸ਼ਟਰੀ ਸੋਚ ਦੀ ਸ਼ੁਰੂਆਤ ਸੀ ਜਿਸ ਵਿਚ ਨੀਤੀਆਂ ਬਣਾਉਂਦੇ ਸਮੇਂ ਮਜ਼ਦੂਰਾਂ ਨੂੰ ਕੇਂਦਰ ਵਿਚ ਰੱਖਿਆ ਗਿਆ।

ਭਾਰਤ ਦੇ ਬਹੁਤ ਸਾਰੇ ਕਿਰਤ ਕਾਨੂੰਨ 1920 ਤੋਂ 1950 ਦਰਮਿਆਨ ਬਣੇ ਸਨ ਅਤੇ ਉਨ੍ਹਾਂ ਵਿਚ ਬਸਤੀਵਾਦੀ ਸੋਚ ਦੀ ਛਾਪ ਦਿਖਾਈ ਦਿੰਦੀ ਸੀ। ਜਦਕਿ ਦੁਨੀਆ ਵਿਚ ਕੰਮ ਕਰਨ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਗਿਆ ਹੈ। ਗਿਗ ਅਤੇ ਪਲੇਟਫਾਰਮ ਆਰਥਿਕਤਾ ਦਾ ਵਧਣਾ, ਡਿਜੀਟਲ ਕੰਮਕਾਜ, ਲਚਕੀਲੇ ਕੰਮ ਦੀਆਂ ਬਣਤਰਾਂ ਅਤੇ ਨਵੇਂ ਕਿਸਮ ਦੇ ਉਦਯੋਗ ਤੇਜ਼ੀ ਨਾਲ ਉੱਭਰ ਰਹੇ ਸਨ ਪਰ ਭਾਰਤ ਦੇ ਪੁਰਾਣੇ ਕਿਰਤ ਕਾਨੂੰਨ ਸਮੇਂ ਦੇ ਨਾਲ ਨਹੀਂ ਬਦਲੇ ਅਤੇ ਆਧੁਨਿਕ ਕੰਮਕਾਜੀ ਬਲ ਜਾਂ ਮੁਕਾਬਲੇ ਦੀ ਆਰਥਿਕਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਪਾਏ। ਇਕ ਵਾਰ ਫਿਰ ਪ੍ਰਧਾਨ ਮੰਤਰੀ ਨੇ ਆਪਣੇ ਪੰਜ ਪ੍ਰਣਾਂ ਜ਼ਰੀਏ ਇਹ ਸੁਨੇਹਾ ਦਿੱਤਾ ਕਿ ਸਾਨੂੰ ਬਸਤੀਵਾਦੀ ਮਾਨਸਿਕਤਾ ਛੱਡ ਕੇ ਭਵਿੱਖ ਦੀ ਜ਼ਰੂਰਤਾਂ ਮੁਤਾਬਕ ਅੱਗੇ ਵਧਣਾ ਚਾਹੀਦਾ ਹੈ। ਪੁਰਾਣੇ ਕਾਨੂੰਨ ਇਸ ਲਈ ਨਹੀਂ ਬਣੇ ਰਹੇ ਕਿ ਉਹ ਚੰਗੇ ਸਨ, ਸਗੋਂ ਇਸ ਲਈ ਬਣੇ ਰਹੇ ਕਿਉਂਕਿ ਪਿਛਲੀਆਂ ਸਰਕਾਰਾਂ ਵਿਚ ਉਨ੍ਹਾਂ ਨੂੰ ਬਦਲਣ ਦਾ ਰਾਜਨੀਤਕ ਹੌਸਲਾ, ਇੱਛਾ ਸ਼ਕਤੀ ਅਤੇ ਦੂਰਦਰਸ਼ਤਾ ਦੀ ਘਾਟ ਸੀ।

ਇਸ ਰਾਸ਼ਟਰੀ ਜ਼ਰੂਰਤ ਨੂੰ ਸਮਝਦਿਆਂ ਮੌਜੂਦਾ ਕੇਂਦਰ ਸਰਕਾਰ ਨੇ ਭਾਰਤ ਦੇ ਸਭ ਤੋਂ ਮਹੱਤਵਪੂਰਨ ਸੁਧਾਰਾਂ ਵਿੱਚੋਂ ਇਕ ਨੂੰ ਲਾਗੂ ਕੀਤਾ ਹੈ। ਪਹਿਲਾਂ ਦੇ 29 ਬਿਖਰੇ ਹੋਏ ਕਿਰਤ ਕਾਨੂੰਨਾਂ ਨੂੰ ਮਿਲਾ ਕੇ ਚਾਰ ਸਾਧਾਰਨ ਅਤੇ ਸਪਸ਼ਟ ਸ਼੍ਰਮ ਸੰਹਿਤਾਵਾਂ ਬਣਾਈਆਂ ਗਈਆਂ ਹਨ : ਵੇਤਨ ਸੰਹਿਤਾ, ਉਦਯੋਗਿਕ ਸਬੰਧ ਸੰਹਿਤਾ, ਸਮਾਜਿਕ ਸੁਰੱਖਿਆ ਸੰਹਿਤਾ ਅਤੇ ਵਿਵਸਾਇਕ ਸੁਰੱਖਿਆ, ਸਿਹਤ ਅਤੇ ਕੰਮ ਦੀਆਂ ਸ਼ਰਤਾਂ ਦੀ ਸੰਹਿਤਾ।

ਇੱਕੀ ਨਵੰਬਰ ਤੋਂ ਇਹ ਸੰਹਿਤਾਵਾਂ ਲਾਗੂ ਹੋ ਗਈਆਂ ਹਨ। ਇਹ ਇਕ ਆਧੁਨਿਕ ਸ਼੍ਰਮ ਢਾਂਚਾ ਸਥਾਪਤ ਕਰਦੀਆਂ ਹਨ ਜੋ ਮਜ਼ਦੂਰ-ਹਿਤੈਸ਼ੀ ਅਤੇ ਵਿਕਾਸ-ਸਮਰਥਕ ਹਨ। ਇਹ ਦਰਸਾਉਂਦੀਆਂ ਹਨ ਕਿ ਭਾਰਤ ਹੁਣ ਤੇਜ਼ੀ ਨਾਲ ਬਦਲ ਰਹੀ ਵਿਸ਼ਵ ਆਰਥਿਕਤਾ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਤਿਆਰ ਹੈ। ਸਾਰੇ ਖੇਤਰਾਂ ਦੇ ਸਟੇਕਹੋਲਡਰਾਂ ਨੇ ਇਕ ਪੁਰਾਣੀ ਪੈਦਾਵਾਰ ਪ੍ਰਣਾਲੀ ਤੋਂ ਅੱਗੇ ਵਧਣ ਦੀ ਜ਼ਰੂਰਤ ਨੂੰ ਪਛਾਣਿਆ ਹੈ।

ਕਿਰਤੀਆਂ ਅਤੇ ਉਦਯੋਗ ਜਗਤ ਦੇ ਦਿੱਗਜਾਂ ਨਾਲ ਗੱਲਬਾਤ ਕਰਨ 'ਤੇ ਇਹ ਸਾਹਮਣੇ ਆਇਆ ਕਿ ਕੰਮ ਦੇ ਸਥਾਨ 'ਤੇ ਸਪਸ਼ਟਤਾ, ਨਿਆਂ ਅਤੇ ਸਤਿਕਾਰ ਦੀ ਜ਼ਰੂਰਤ ਕਿਰਤ ਜ਼ਾਬਤਿਆਂ ਦੇ ਮੂਲ ਵਿਚ ਹੋਣੀ ਚਾਹੀਦੀ ਹੈ। ਇਸੇ ਮਾਰਗਦਰਸ਼ਕ ਸਿਧਾਂਤ ਨੇ ਸਾਡੇ ਸੁਧਾਰਾਂ ਨੂੰ ਆਕਾਰ ਦਿੱਤਾ ਹੈ। ਇਸ ਸੁਧਾਰ ਨੇ ਪਹਿਲਾਂ ਦੇ ਜਟਿਲ ਅਤੇ ਬਿਖਰੇ ਹੋਏ ਤੰਤਰ ਨੂੰ ਅਜਿਹੇ ਸਿਸਟਮ ਨਾਲ ਬਦਲ ਦਿੱਤਾ ਹੈ ਜੋ ਸਾਧਾਰਨ, ਪਾਰਦਰਸ਼ੀ ਅਤੇ ਹਰ ਮਜ਼ਦੂਰ ਦੀ ਸੁਰੱਖਿਆ ਕਰਨ ਵਾਲਾ ਹੈ। ਕਿਰਤ ਜ਼ਾਬਤੇ ਆਪਣੇ ਮੂਲ ਸਰੂਪ ਵਿਚ ਰੁਜ਼ਗਾਰਦਾਤਿਆਂ ਦੀਆਂ ਉਮੀਦਾਂ ਨੂੰ ਸੰਤੁਲਿਤ ਕਰਦਿਆਂ ਮਜ਼ਦੂਰਾਂ ਦੇ ਹਿੱਤਾਂ ਨੂੰ ਤਰਜੀਹ ਦਿੰਦੇ ਹਨ। ਇਹ ਨਿਵਾਰਕ ਸਿਹਤ ਦੇਖਭਾਲ ਨੂੰ ਹੁਲਾਰਾ ਦਿੰਦੇ ਹਨ ਅਤੇ ਸਮਾਜਿਕ ਸੁਰੱਖਿਆ ਦਾ ਵਿਸਥਾਰ ਕਰਦੇ ਹਨ। ਇਹ ਸੰਹਿਤਾਵਾਂ ਆਡੀਓ-ਵਿਜ਼ੂਅਲ ਮਜ਼ਦੂਰਾਂ ਅਤੇ ਗਿਗ ਅਤੇ ਪਲੇਟਫਾਰਮ ਮਜ਼ਦੂਰਾਂ ਨੂੰ ਅਧਿਕਾਰਤ ਮਾਨਤਾ ਪ੍ਰਦਾਨ ਕਰਦੀਆਂ ਹਨ। ਇਹ ਅਖਿਲ ਭਾਰਤੀ ਈਐੱਸਆਈਸੀ ਕਵਰੇਜ ਨੂੰ ਯੋਗ ਬਣਾਉਂਦੀਆਂ ਹਨ।

ਚਾਲੀ ਸਾਲ ਤੇ ਉਸ ਤੋਂ ਵੱਧ ਉਮਰ ਦੇ ਸਾਰੇ ਮਜ਼ਦੂਰਾਂ ਲਈ ਸਾਲਾਨਾ ਸਿਹਤ ਜਾਂਚ ਲਾਜ਼ਮੀ ਕਰਦੀਆਂ ਹਨ। ਇਨ੍ਹਾਂ ਵਿਚ ਉਹ ਬਾਗਾਨ ਮਜ਼ਦੂਰ ਵੀ ਸ਼ਾਮਲ ਹਨ ਜੋ ਪਹਿਲਾਂ ਇਸ ਦੇ ਦਾਇਰੇ ਵਿਚ ਨਹੀਂ ਆਉਂਦੇ ਸਨ। ਇਹ ਸੂਬਿਆਂ ਵਿਚ ਅਸਮਾਨਤਾਵਾਂ ਨੂੰ ਘਟਾਉਣ ਲਈ ਸਾਰੇ ਮਜ਼ਦੂਰਾਂ ਲਈ ਕਾਨੂੰਨੀ ਘੱਟੋ-ਘੱਟ ਵੇਤਨ ਦੀ ਗਾਰੰਟੀ ਦਿੰਦੀਆਂ ਹਨ।

ਲਾਜ਼ਮੀ ਨਿਯੁਕਤੀ ਪੱਤਰ, ਪੇਅ ਸਲਿੱਪ ਅਤੇ ਵੇਤਨ ਸਮੇਤ ਸਾਲਾਨਾ ਛੁੱਟੀਆਂ ਵਰਗੀਆਂ ਵਿਵਸਥਾਵਾਂ ਹਰ ਮਜ਼ਦੂਰ ਨੂੰ ਵੱਧ ਸਥਿਰਤਾ, ਸਤਿਕਾਰ ਅਤੇ ਸੁਰੱਖਿਆ ਪ੍ਰਦਾਨ ਕਰਦੀਆਂ ਹਨ।ਕਾਂਟ੍ਰੈਕਟ ਆਧਾਰਤ ਰੁਜ਼ਗਾਰ ਦੇ ਇਕ ਪ੍ਰਗਤੀਸ਼ੀਲ ਬਦਲ ਦੇ ਤੌਰ 'ਤੇ ਇਨ੍ਹਾਂ ਲੇਬਰ ਕੋਡਜ਼ ਵਿਚ ਫਿਕਸਡ ਟਰਮ ਇੰਪਲਾਇਮੈਂਟ (ਐੱਫਟੀਈ) ਦੀ ਸ਼ੁਰੂਆਤ ਕੀਤੀ ਗਈ ਹੈ। ਐੱਫਟੀਈ ਅਧੀਨ ਇਕ ਨਿਸ਼ਚਿਤ ਸਮੇਂ ਲਈ ਨਿਯੁਕਤ ਮਜ਼ਦੂਰਾਂ ਨੂੰ ਸਥਾਈ ਕਰਮਚਾਰੀਆਂ ਦੇ ਸਮਾਨ ਹੀ ਵੇਤਨ, ਲਾਭ ਅਤੇ ਕੰਮ ਕਰਨ ਦੀਆਂ ਸ਼ਰਤਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿਚ ਵੇਤਨ ਸਮੇਤ ਛੁੱਟੀਆਂ, ਕੰਮ ਦੇ ਨਿਯਤ ਘੰਟੇ, ਡਾਕਟਰੀ ਸੁਵਿਧਾਵਾਂ, ਸਮਾਜਿਕ ਸੁਰੱਖਿਆ ਅਤੇ ਹੋਰ ਕਾਨੂੰਨੀ ਸੁਰੱਖਿਆਵਾਂ ਸ਼ਾਮਲ ਹਨ।

ਵਿਸ਼ੇਸ਼ ਤੌਰ 'ਤੇ ਐੱਫਟੀਈ ਮੁਲਾਜ਼ਮ ਸਿਰਫ਼ ਇਕ ਸਾਲ ਦੀ ਨਿਰੰਤਰ ਸੇਵਾ ਤੋਂ ਬਾਅਦ ਹੀ ਗ੍ਰੈਚੁਟੀ ਲਈ ਯੋਗ ਹੋ ਜਾਂਦੇ ਹਨ। ਇਹ ਲੇਬਰ ਕੋਡ ਆਧੁਨਿਕ ਕੰਮਕਾਜੀ ਸਥਾਨਾਂ ਦੀਆਂ ਹਕੀਕਤਾਂ ਨੂੰ ਵੀ ਸਵੀਕਾਰ ਕਰਦੇ ਹਨ।

ਜੇ ਕੋਈ ਮੁਲਾਜ਼ਮ ਆਪਣੀ ਇੱਛਾ ਨਾਲ ਮਿੱਥੇ ਘੰਟਿਆਂ ਤੋਂ ਵੱਧ ਕੰਮ ਕਰਨਾ ਚੁਣਦਾ ਹੈ ਤਾਂ ਉਸ ਨੂੰ ਓਵਰਟਾਈਮ ਲਈ ਨਾਰਮਲ ਸੈਲਰੀ ਰੇਟ ਤੋਂ ਦੁੱਗਣਾ ਪੈਸਾ ਮਿਲਣਾ ਚਾਹੀਦਾ ਹੈ ਜਿਸ ਨਾਲ ਹਰ ਹਾਲਤ ਵਿਚ ਨਿਰਪੱਖਤਾ ਨੂੰ ਯਕੀਨੀ ਬਣਾਇਆ ਜਾ ਸਕੇ। ਨਾਰੀ ਸ਼ਕਤੀ ਇਨ੍ਹਾਂ ਸੁਧਾਰਾਂ ਦਾ ਇਕ ਕੇਂਦਰੀ ਥੰਮ੍ਹ ਹੈ। ਪ੍ਰਧਾਨ ਮੰਤਰੀ ਮੋਦੀ ਦੇ ਮਹਿਲਾਵਾਂ ਦੇ ਅਗਵਾਈ ਵਾਲੇ ਵਿਕਾਸ ਦੇ ਨਜ਼ਰੀਏ ਤੋਂ ਨਿਰਦੇਸ਼ਤ ਇਹ ਕਿਰਤ ਜ਼ਾਬਤੇ ਮਹਿਲਾਵਾਂ ਲਈ ਵੱਖ-ਵੱਖ ਖੇਤਰਾਂ ਵਿਚ ਸ਼ਾਮਲ ਹੋਣ ਦੇ ਨਵੇਂ ਰਾਹ ਖੋਲ੍ਹਦੇ ਹਨ ਜਿਨ੍ਹਾਂ ਵਿਚ ਅੰਡਰ ਗਰਾਊਂਡ ਖਾਣਾਂ, ਭਾਰੀ ਮਸ਼ੀਨਰੀ ਅਤੇ ਨਾਈਟ ਸ਼ਿਫਟ ਵਿਚ ਕੰਮ ਕਰਨਾ ਸ਼ਾਮਲ ਹੈ। ਇਹ ਉਦੋਂ ਹੀ ਸੰਭਵ ਹੈ ਜਦੋਂ ਇਸ 'ਤੇ ਉਨ੍ਹਾਂ ਦੀ ਸਹਿਮਤੀ ਹੋਵੇ ਅਤੇ ਮਜ਼ਬੂਤ ਸੁਰੱਖਿਆ ਪ੍ਰੋਟੋਕਾਲ ਲਾਗੂ ਕੀਤੇ ਜਾਣ। ਨਵੇਂ ਲੇਬਰ ਕੋਡਜ਼ ਸਿੰਗਲ ਰਜਿਸਟ੍ਰੇਸ਼ਨ, ਸਿੰਗਲ ਲਾਇਸੈਂਸ ਅਤੇ ਸਿੰਗਲ ਰਿਟਰਨ ਫਾਈਲਿੰਗ ਦੀ ਸ਼ੁਰੂਆਤ ਕਰ ਕੇ ਨਿਯੋਜਕਾਂ 'ਤੇ ਨਿਯਮਾਂ ਦੀ ਪਾਲਣਾ ਦੇ ਬੋਝ ਨੂੰ ਕਾਫ਼ੀ ਘਟਾਉਂਦੇ ਹਨ।

ਇਹ ਸੁਗਮਤਾ ਉਦਯੋਗਾਂ ਨੂੰ ਭਾਰਤ ਭਰ ਵਿਚ ਆਪਣੀਆਂ ਯੂਨਿਟਾਂ ਦਾ ਵਿਸਥਾਰ ਕਰਨ ਅਤੇ ਸਥਾਪਤ ਕਰਨ ਲਈ ਉਤਸ਼ਾਹਤ ਕਰੇਗੀ ਜਿਸ ਨਾਲ ਸਥਾਨਕ ਰੁਜ਼ਗਾਰਾਂ ਨੂੰ ਹੁਲਾਰਾ ਮਿਲੇਗਾ। ਇਹ ਸ਼੍ਰਮ ਸੰਹਿਤਾਵਾਂ ਭਾਰਤ ਦੇ ਆਤਮ-ਨਿਰਭਰ ਅਤੇ ਵਿਕਸਤ ਭਾਰਤ ਬਣਨ ਦੇ ਰਾਹ ਵਿਚ ਇਕ ਵੱਡਾ ਬਦਲਾਅ ਲਿਆਉਣ ਵਾਲਾ ਪੜਾਅ ਹਨ।

ਇਹ ਮਜ਼ਦੂਰਾਂ ਦੇ ਇੱਜ਼ਤ-ਮਾਣ ਨੂੰ ਬਰਕਰਾਰ ਰੱਖਦੀਆਂ ਹਨ, ਉਦਯੋਗਿਕ ਵਿਕਾਸ ਨੂੰ ਉਤਸ਼ਾਹਤ ਕਰ-ਦੀਆਂ ਹਨ ਅਤੇ ਅਜਿਹਾ ਮਾਡਲ ਬਣਾਉਂਦੀਆਂ ਹਨ ਜਿੱਥੇ ਮਜ਼ਦੂਰਾਂ ਦੇ ਅਧਿਕਾਰਾਂ ਅਤੇ ਸਤਿਕਾਰ ਦੀ ਰੱਖਿਆ ਹੁੰਦੀ ਹੈ। ਪ੍ਰਧਾਨ ਮੰਤਰੀ ਦੇ ਵਿਜ਼ਨ ਅਤੇ 'ਸਭ ਕਾ ਸਾਥ, ਸਭ ਕਾ ਵਿਕਾਸ, ਸਭ ਕਾ ਭਰੋਸਾ, ਸਭ ਕਾ ਯਤਨ' ਪ੍ਰਤੀ ਵਚਨਬੱਧਤਾ ਨਾਲ ਨਿਰਦੇਸ਼ਤ ਇਹ ਕਿਰਤ ਸੁਧਾਰ ਇਕ ਆਧੁਨਿਕ, ਲਚਕੀਲੀ ਅਤੇ ਸਮਾਵੇਸ਼ੀ ਆਰਥਿਕਤਾ ਦੀ ਮਜ਼ਬੂਤ ਨੀਂਹ ਰੱਖਣ ਦੇ ਨਾਲ-ਨਾਲ ਮਜ਼ਦੂਰਾਂ ਅਤੇ ਉਦਯੋਗਾਂ, ਦੋਹਾਂ ਨੂੰ ਭਾਰਤ ਦੇ ਵਿਕਾਸ ਦੇ ਕੇਂਦਰ ਵਿਚ ਰੱਖਦੇ ਹਨ। ਇਨ੍ਹਾਂ ਲੇਬਰ ਕੋਡਜ਼ ਵਿਚ ਹਾਂ-ਪੱਖੀ ਤਬਦੀਲੀਆਂ ਕਰਨ ਤੋਂ ਬਾਅਦ ਕੇਂਦਰ ਸਰਕਾਰ ਦੀ ਪੂਰੀ ਕੋਸ਼ਿਸ਼ ਹੈ ਕਿ ਉਹ ਸੂਬਾ ਸਰਕਾਰਾਂ ਨੂੰ ਇਸ ਗੱਲ ਲਈ ਪ੍ਰੇਰਿਤ ਕਰ ਸਕੇ ਕਿ ਜਲਦ ਤੋਂ ਜਲਦ ਇਨ੍ਹਾਂ ਕੋਡਜ਼ ਨੂੰ ਅਪਣਾ ਕੇ ਲਾਗੂ ਕਰਨ।

ਇੰਜ ਕਰਨ ਨਾਲ ਹੀ ਸਾਰੇ ਦੇਸ਼ ਵਿਚ ਇਕਸਾਰਤਾ ਯਕੀਨੀ ਬਣਾਈ ਜਾ ਸਕੇਗੀ। ਇਨ੍ਹਾਂ ਕਿਰਤ ਕਾਨੂੰਨਾਂ ਨੂੰ ਸਫਲਤਾਪੂਰਵਕ ਲਾਗੂ ਕਰਨ ਤੋਂ ਬਾਅਦ ਵੀ ਕਿਰਤੀਆਂ ਅਤੇ ਰੁਜ਼ਗਾਰਦਾਤਿਆਂ, ਦੋਵਾਂ ਲਈ ਖ਼ਾਹਿਸ਼ੀ ਲਾਭਾਂ ਦਾ ਟੀਚਾ ਹਾਸਲ ਕਰਨਾ ਆਸਾਨ ਨਹੀਂ ਹੋਵੇਗਾ।

# ਅਸਲੀਅਤ ਤੋਂ ਮੂੰਹ ਮੋੜਦੀ ਆਧੁਨਿਕਤਾ

ਡਾ. ਰਿਤੂ ਸਾਰਸਵਤ

ਭਾਰਤੀ ਸੁਪਰੀਮ ਕੋਰਟ ਦੀ ਇਹ ਹਾਲੀਆ ਟਿੱਪਣੀ ਚਰਚਾ ਦਾ ਵਿਸ਼ਾ ਬਣੀ ਕਿ 'ਕਿਸੇ ਸਬੰਧ ਦੇ ਖ਼ਤਮ ਹੋ ਜਾਣ ਜਾਂ ਸਿਰਫ਼ ਨਾਪਸੰਦ ਹੋ ਜਾਣ ਨਾਲ ਉਸ ਨੂੰ ਬਾਅਦ 'ਚ ਜਬਰ ਜਨਾਹ ਦੇ ਰੂਪ 'ਚ ਤਬਦੀਲ ਨਹੀਂ ਕੀਤਾ ਜਾ ਸਕਦਾ। ਵਿਆਹ ਦੇ ਝੂਠੇ ਵਾਅਦੇ 'ਤੇ ਲਗਾਏ ਗਏ ਜਬਰ ਜਨਾਹ ਦੇ ਦੋਸ਼ ਤਦ ਮਨਜ਼ੂਰ ਹੋਣਗੇ, ਜਦ ਉਹ ਸਪੱਸ਼ਟ ਤੇ ਪੁਖ਼ਤਾ ਸਬੂਤ ਸਮੇਤ ਹੋਣਗੇ। ਬਾਲਗਾਂ ਵਿਚਾਲੇ ਸਹਿਮਤੀ ਨਾਲ ਬਣੇ ਸਬੰਧ ਦਾ ਟੁੱਟ ਜਾਣਾ ਮਰਦ ਦੇ ਖ਼ਿਲਾਫ਼ ਜਬਰ ਜਨਾਹ ਦੇ ਅਪਰਾਧਕ ਮਾਮਲੇ ਦਾ ਆਧਾਰ ਨਹੀਂ ਬਣ ਸਕਦਾ।'

ਔਰੰਗਾਬਾਦ ਦੇ ਇਕ ਵਕੀਲ 'ਤੇ ਜਬਰ ਜਨਾਹ ਦੇ ਮਾਮਲੇ ਨੂੰ ਰੱਦ ਕਰਦੇ ਹੋਏ ਜਸਟਿਸ ਬੀਵੀ ਨਾਗਰਤਨਾ ਤੇ ਜਸਟਿਸ ਆਰ। ਮਹਾਦੇਵਨ ਦੇ ਬੈਂਚ ਨੇ ਇਹ ਵੀ ਕਿਹਾ, 'ਹਰ ਵਿਗੜੇ ਹੋਏ ਸਬੰਧ ਨੂੰ ਜਬਰ ਜਨਾਹ ਦੇ ਅਪਰਾਧ 'ਚ ਤਬਦੀਲ ਕਰਨਾ ਨਾ ਸਿਰਫ਼ ਅਪਰਾਧ ਦੀ ਗੰਭੀਰਤਾ ਨੂੰ ਘੱਟ ਕਰਦਾ ਹੈ, ਬਲਕਿ ਮੁਲਜ਼ਮ 'ਤੇ ਅਮਿੱਟ ਕਲੰਕ ਤੇ ਗੰਭੀਰ ਬੇਇਨਸਾਫ਼ੀ ਵੀ ਥੋਪਦਾ ਹੈ। ਅਪਰਾਧਕ ਨਿਆ ਪ੍ਰਣਾਲੀ ਦੀ ਅਜਿਹੀ ਦੁਰਵਰਤੋਂ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ।' ਇਹ ਪਹਿਲਾ ਮੌਕਾ ਨਹੀਂ ਹੈ ਕਿ ਅਦਾਲਤ ਨੇ ਲਿਵ-ਇਨ 'ਚ ਰਹਿ ਰਹੇ ਜੋੜਿਆਂ 'ਤੇ ਅਜਿਹੀ ਤਲਖ਼ ਟਿੱਪਣੀ ਕੀਤੀ ਹੋਵੇ। ਜੂਨ 2025 'ਚ ਸ਼ਾਨੇ ਆਲਮ ਬਨਾਮ ਉੱਤਰ ਪ੍ਰਦੇਸ਼ ਰਾਜ ਮਾਮਲੇ 'ਚ ਇਲਾਹਾਬਾਦ ਹਾਈ ਕੋਰਟ ਨੇ ਕਿਹਾ ਸੀ ਕਿ 'ਲਿਵ-ਇਨ ਸਬੰਧ ਭਾਰਤੀ ਮੱਧ ਵਰਗੀ ਸਮਾਜ ਦੀਆਂ ਕਦਰਾਂ-ਕੀਮਤਾਂ ਦੇ ਉਲਟ ਹੈ ਤੇ ਇਹ ਅਕਸਰ ਕਾਨੂੰਨੀ ਵਿਵਾਦ ਦਾ ਕਾਰਨ ਬਣਦੇ ਹਨ, ਜਿਸ ਦਾ ਔਰਤਾਂ 'ਤੇ ਉਲਟ ਅਸਰ ਪੈਂਦਾ ਹੈ।'



ਅਜੇ ਭਾਰਤੀ ਸਮਾਜਿਕ, ਸੱਭਿਆਚਾਰਕ ਵਿਵਸਥਾ ਅਜਿਹੇ ਇਨਫੈਕਸ਼ਨ ਕਾਲ 'ਚੋਂ ਲੰਘ ਰਹੀ ਹੈ, ਜਿੱਥੇ ਕਥਿਤ ਨਾਰੀਵਾਦੀ ਸਮੂਹ ਇਹ ਸਿੱਧ ਕਰਨ 'ਚ ਲੱਗੇ ਹਨ ਕਿ ਔਰਤ ਦੀ ਅਸਲੀ ਆਜ਼ਾਦੀ ਵਿਆਹ ਤੋਂ ਮੁਕਤੀ 'ਚ ਹੈ। ਇਹੀ ਕਾਰਨ ਹੈ ਕਿ ਦੇਸ਼ 'ਚ ਅਜਿਹੀਆਂ ਲੜਕੀਆਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ, ਜੋ ਵਿਆਹ ਨੂੰ ਬੰਧਨ ਤੇ ਰੂੜੀਵਾਦੀ ਧਾਰਨਾ ਮੰਨ ਕੇ ਉਸ ਨੂੰ ਨਕਾਰ ਰਹੀਆਂ ਹਨ ਤੇ ਉਸ ਦੇ ਬਦਲ 'ਚ ਲਿਵ-ਇਨ ਰਿਲੇਸ਼ਨਸ਼ਿਪ ਨੂੰ ਮਹੱਤਵ ਦੇ ਰਹੀਆਂ ਹਨ।

ਅੱਜ ਦੀ ਭਾਰਤੀ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਆਧੁਨਿਕ ਮੰਨਦੇ ਹੋਏ ਰਵਾਇਤੀ ਨਿਯਮਾਂ ਦੀ ਅਣਦੇਖੀ ਕਰ ਕੇ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਆਜ਼ਾਦ ਸੋਚ ਦਾ ਹਸਤਾਖਰ ਮੰਨ ਕੇ ਆਪਣੇ ਆਪ ਦੀ ਪਿੱਠ ਥਾਪੜਦੀ ਦਿਸਦੀ ਹੈ, ਪਰ ਕੁਝ ਸਮੇਂ ਬਾਅਦ ਉਹ ਆਪਣੇ ਆਪ ਨੂੰ ਅਜਿਹੇ ਚੱਕਰਵਿਊ 'ਚ ਫਸਿਆ ਹੋਇਆ ਦੇਖਦੀ ਹੈ, ਜਿਸ ਤੋਂ ਬਾਹਰ ਨਿਕਲਣਾ ਸੌਖਾ ਨਹੀਂ। ਅਦਨਾਨ ਬਨਾਮ ਉੱਤਰ ਪ੍ਰਦੇਸ਼ ਰਾਜ ਤੇ ਹੋਰ (2023) ਮਾਮਲੇ 'ਚ ਅਦਾਲਤ ਨੇ ਕਿਹਾ ਸੀ, 'ਪਹਿਲੀ ਨਜ਼ਰ 'ਚ ਲਿਵ-ਇਨ-ਰਿਸ਼ਤਾ ਬਹੁਤ ਆਕਰਸ਼ਕ ਲੱਗਦਾ ਹੈ, ਪਰ ਸਮਾਂ ਬੀਤਣ 'ਤੇ ਅਜਿਹੇ ਜੋੜਿਆਂ ਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਉਨ੍ਹਾਂ ਦੇ ਰਿਸ਼ਤੇ ਨੂੰ ਸਮਾਜਿਕ ਮਨਜ਼ੂਰੀ ਨਹੀਂ ਮਿਲੀ ਹੈ ਤੇ ਉਹ ਜੀਵਨ ਭਰ ਨਹੀਂ ਚੱਲ ਸਕਦਾ।'

ਮਾਨਵ ਵਿਗਿਆਨੀ ਜੇਡੀ ਅਨਵਿਨ ਇਕ ਵਿਸਥਾਰਤ ਤੇ ਡੂੰਘੀ ਖੋਜ ਤੋਂ ਬਾਅਦ ਇਸ ਨਤੀਜੇ 'ਤੇ ਪੁੱਜੇ ਸਨ ਕਿ ਕਿਸੇ ਵੀ ਸਮਾਜ ਦੇ ਸੱਭਿਆਚਾਰਕ ਪਤਨ ਦੇ ਪਿੱਛੇ ਮੁੱਖ ਕਾਰਨ ਜਿਨਸੀ ਪਰੰਪਰਾ 'ਚ ਢਿੱਲ ਹੈ। ਅਨਵਿਨ ਮੁਤਾਬਕ ਸੱਭਿਆਚਾਰ ਦਾ ਸਿਖਰ ਸਭ ਤੋਂ ਸ਼ਕਤੀਸ਼ਾਲੀ ਤਾਲਮੇਲ ਵਿਆਹ ਤੋਂ ਪਹਿਲਾਂ ਸ਼ੁੱਧਤਾ ਦੇ ਨਾਲ 'ਪੂਰੀ ਤਰ੍ਹਾਂ ਵਫ਼ਾਦਾਰੀ' ਸੀ। ਉਹ ਸੱਭਿਆਚਾਰ ਜਿਨ੍ਹਾਂ ਨੇ ਘੱਟੋ-ਘੱਟ ਤਿੰਨ ਪੀੜ੍ਹੀਆਂ ਤੱਕ ਇਸ ਤਾਲਮੇਲ ਨੂੰ ਬਣਾਈ ਰੱਖਿਆ, ਉਹ ਸਾਹਿਤ, ਕਲਾ, ਵਿਗਿਆਨ, ਵਾਸਤੂਕਲਾ ਤੇ ਖੇਤੀ ਸਮੇਤ ਹਰ ਖੇਤਰ 'ਚ ਸਾਰੇ ਤਰ੍ਹਾਂ ਦੇ ਸੱਭਿਆਚਾਰਾਂ ਤੋਂ ਅੱਗੇ ਰਹੇ। ਯਕੀਨੀ ਤੌਰ 'ਤੇ ਉਹ ਨੌਜਵਾਨ ਪੀੜ੍ਹੀ ਜੋ ਨਿੱਜੀ ਆਜ਼ਾਦੀ ਨੂੰ ਹੀ ਵਿਕਾਸ ਤੇ ਆਤਮ-ਸੰਤੁਸ਼ਟੀ ਦਾ ਆਖ਼ਰੀ ਮਾਪਦੰਡ ਮੰਨਦੀ ਹੈ, ਉਸ ਲਈ ਸਮਾਜ, ਸੱਭਿਆਚਾਰ ਤੇ ਸਮੂਹਿਕ ਜ਼ਿੰਮੇਵਾਰੀ ਦਾ ਸਵਾਲ ਅਪ੍ਰਸੰਗਕ ਤੇ ਕਦੀ-ਕਦੀ ਦਮਨਕਾਰੀ ਤੱਕ ਪ੍ਰਤੀਤ ਹੁੰਦਾ ਹੈ।

ਜੇ ਲਿਵ-ਇਨ ਸਬੰਧਾਂ ਨੂੰ ਵਿਆਹ ਦੀ ਤੁਲਨਾ 'ਚ ਵੱਧ ਸੁਰੱਖਿਅਤ, ਆਜ਼ਾਦ ਤੇ ਆਧੁਨਿਕ ਬਦਲ ਮੰਨਿਆ ਜਾਵੇ, ਤਾਂ ਇਹ ਵਿਚਾਰਯੋਗ ਹੈ ਕਿ ਅਜਿਹੇ ਸਬੰਧ ਟੁੱਟਣ ਤੋਂ ਬਾਅਦ ਸਾਰੇ ਨੌਜਵਾਨ ਮੁੰਡੇ-ਕੁੜੀਆਂ ਅਪਰਾਧਕ ਦੋਸ਼ਾਂ, ਭਾਵਨਾਤਮਕ ਵਿਵਾਦਾਂ ਤੇ ਕਾਨੂੰਨੀ ਸੰਘਰਸ਼ਾਂ 'ਚ ਕਿਉਂ ਉਲਝ ਜਾਂਦੇ ਹਨ? ਜੇ ਇਹ ਵਿਵਸਥਾ ਅਸਲ 'ਚ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਦੀ, ਤਾਂ ਅਦਾਲਤਾਂ 'ਚ ਅਜਿਹੇ ਮਾਮਲਿਆਂ ਦੀ ਗਿਣਤੀ ਲਗਾਤਾਰ ਨਾ ਵਧਦੀ। ਇਸ ਦਾ ਸਭ ਤੋਂ ਵੱਧ ਵਿਰੋਧ ਤਾਂ ਤਦ ਦਿਸਦਾ ਹੈ, ਜਦ ਲਿਵ-ਇਨ ਨੂੰ 'ਸਸ਼ਕਤੀਕਰਨ' ਤੇ 'ਆਜ਼ਾਦੀ' ਦਾ ਪ੍ਰਤੀਕ ਮੰਨਣ ਵਾਲੀਆਂ ਲੜਕੀਆਂ ਕੁਝ ਸਾਲਾਂ ਦੇ ਸਹਿ-ਜੀਵਨ ਤੋਂ ਬਾਅਦ ਉਸੇ ਸਾਥੀ ਨਾਲ ਵਿਆਹ ਦੀ ਉਮੀਦ ਕਰਨ ਲੱਗਦੀਆਂ ਹਨ। ਆਜ਼ਾਦੀ ਦੇ ਨਾਂ 'ਤੇ ਵਿਆਹ ਜਿਹੀ ਸੰਸਥਾ ਨੂੰ ਪੁਰਾਤਨ ਜਾਂ ਅੜਿੱਕਾ ਦੱਸਣ ਵਾਲੀਆਂ ਔਰਤਾਂ ਆਖ਼ਰ ਇਸੇ ਵਿਆਹ ਸੰਸਥਾ 'ਚ ਸਥਿਰਤਾ, ਸੁਰੱਖਿਆ ਤੇ ਸਮਾਜਿਕ ਮਨਜ਼ੂਰੀ ਲੱਭਣ ਲੱਗਦੀਆਂ ਹਨ। ਇਹ ਦਰਸਾਉਂਦਾ ਹੈ ਕਿ ਲਿਵ-ਇਨ ਦਾ ਆਕਰਸ਼ਣ ਚਾਹੇ ਹੀ ਸ਼ੁਰੂਆਤ 'ਚ ਆਧੁਨਿਕ ਤੇ ਆਸਾਨ ਲੱਗੇ, ਪਰ ਸਮੇਂ ਦੇ ਨਾਲ ਸਮਾਜਿਕ ਹਕੀਕਤਾਂ ਤੇ ਭਾਵਨਾਤਮਕ ਉਮੀਦਾਂ ਉਨ੍ਹਾਂ ਨੂੰ ਮੁੜ ਉਸੇ ਢਾਂਚੇ ਵੱਲ ਮੁੜਨ ਲਈ ਪ੍ਰੇਰਿਤ ਕਰਦੀਆਂ ਹਨ, ਜਿਸ ਨੂੰ ਉਹ ਪਹਿਲਾਂ ਗ਼ੈਰ-ਜ਼ਰੂਰੀ ਬੰਧਨ ਮੰਨ ਕੇ ਨਾਮਨਜ਼ੂਰ ਕਰ ਚੁੱਕੀਆਂ ਹੁੰਦੀਆਂ ਹਨ।

ਅਦਨਾਨ ਬਨਾਮ ਉੱਤਰ ਪ੍ਰਦੇਸ਼ ਰਾਜ ਤੇ ਤਿੰਨ ਹੋਰ ਦੇ ਮਾਮਲੇ 'ਚ ਹੀ ਇਲਾਹਾਬਾਦ ਹਾਈ ਕੋਰਟ ਨੇ ਤਲਖ਼ ਟਿੱਪਣੀ 'ਚ ਕਿਹਾ ਸੀ, 'ਵਿਆਹ ਵਿਅਕਤੀ ਨੂੰ ਜੋ ਸੁਰੱਖਿਆ, ਸਮਾਜਿਕ ਮਨਜ਼ੂਰੀ, ਤਰੱਕੀ ਤੇ ਸਥਿਰਤਾ ਪ੍ਰਦਾਨ ਕਰਦਾ ਹੈ, ਉਹ ਲਿਵ-ਇਨ-ਰਿਲੇਸ਼ਨਸ਼ਿਪ ਕਦੀ ਨਹੀਂ ਦੇ ਸਕਦਾ। ਲਿਵ-ਇਨ ਨੂੰ ਇਸ ਦੇਸ਼ 'ਚ ਵਿਆਹ ਸੰਸਥਾ ਦੇ ਪੁਰਾਣੇ ਹੋ ਜਾਣ ਤੋਂ ਬਾਅਦ ਹੀ ਆਮ ਮੰਨਿਆ ਜਾਵੇਗਾ, ਜਿਵੇਂ ਕਈ ਕਥਿਤ ਤੌਰ 'ਤੇ ਵਿਕਸਿਤ ਦੇਸ਼ਾਂ 'ਚ ਵਿਆਹ ਸੰਸਥਾ ਦੀ ਰਾਖੀ ਕਰਨਾ ਉਨ੍ਹਾਂ ਲਈ ਇਕ ਵੱਡੀ ਮੁਸ਼ਕਲ ਬਣ ਗਈ ਹੈ। ਅਸੀਂ ਭਵਿੱਖ 'ਚ ਆਪਣੇ ਲਈ ਵੱਡੀ ਮੁਸ਼ਕਲ ਪੈਦਾ ਕਰਨ ਜਾ ਰਹੇ ਹਾਂ। ਇਸ ਦੇਸ਼ 'ਚ ਵਿਆਹ ਸੰਸਥਾ ਨੂੰ ਖ਼ਤਮ ਕਰਨ ਤੇ ਸਮਾਜ ਨੂੰ ਅਸਥਿਰ ਕਰਨ ਸਮੇਤ ਦੇਸ਼ ਦੀ ਤਰੱਕੀ 'ਚ ਅੜਿੱਕਾ ਪਾਉਣ ਦੀ ਵਿਵਸਥਿਤ ਯੋਜਨਾ ਹੈ। ਕੁਝ ਫਿਲਮਾਂ ਤੇ ਟੀਵੀ ਸੀਰੀਅਲਾਂ 'ਚ ਵਿਆਹ ਸੰਸਥਾ ਦਾ ਖ਼ਾਤਮਾ ਹੋ ਰਿਹਾ ਹੈ।

ਵਿਆਹੁਤਾ ਰਿਸ਼ਤਿਆਂ 'ਚ ਸਾਥੀ ਦੇ ਨਾਲ ਬੇਵਫ਼ਾਈ ਤੇ ਆਜ਼ਾਦ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਪ੍ਰਗਤੀਸ਼ੀਲ ਸਮਾਜ ਦੀ ਨਿਸ਼ਾਨੀ ਦੱਸਿਆ ਜਾ ਰਿਹਾ ਹੈ। ਨੌਜਵਾਨ ਪੀੜ੍ਹੀ ਅਜਿਹੇ ਦਰਸ਼ਨ ਵੱਲ ਆਕਰਸ਼ਿਤ ਹੋ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਇਸ ਦੇ ਲੰਬੇ ਸਮੇਂ ਦੇ ਨਤੀਜਿਆਂ ਦਾ ਪਤਾ ਨਹੀਂ ਹੈ। ਇਕ ਰਿਸ਼ਤੇ ਤੋਂ ਦੂਜੇ ਰਿਸ਼ਤੇ 'ਚ ਜਾਣਾ ਕਿਸੇ ਵੀ ਤਰ੍ਹਾਂ ਤਸੱਲੀਬਖ਼ਸ਼ ਜੀਵਨ ਨਹੀਂ ਹੈ।

ਹਰ ਮੌਸਮ 'ਚ ਸਾਥੀ ਬਦਲਣ ਦੀ ਧਾਰਨਾ ਨੂੰ ਸਥਿਰ ਤੇ ਸਿਹਤਮੰਦ ਸਮਾਜ ਦੀ ਪਛਾਣ ਨਹੀਂ ਮੰਨਿਆ ਜਾ ਸਕਦਾ। ਵਿਆਹ ਸੰਸਥਾ ਵਿਅਕਤੀ ਦੇ ਜਵੀਨ ਨੂੰ ਜੋ ਸੁਰੱਖਿਆ ਤੇ ਸਥਿਰਤਾ ਪ੍ਰਦਾਨ ਕਰਦੀ ਹੈ, ਉਹ ਲਿਵ-ਇਨ-ਰਿਲੇਸ਼ਨਸ਼ਿਪ ਨਾਲ ਸੰਭਵ ਨਹੀਂ। ਅਜਿਹੇ ਰਿਸ਼ਤਿਆਂ ਨਾਲ ਪੈਦਾ ਹੋਣ ਵਾਲੇ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਦਾਲਤ ਦੀ ਇਹ ਟਿੱਪਣੀ ਚਿਤਾਵਨੀ ਦਿੰਦੀ ਹੈ ਕਿ ਜੇ ਨੌਜਵਾਨ ਪੀੜ੍ਹੀ ਆਧੁਨਿਕਤਾ ਦੇ ਨਾਂ 'ਤੇ ਹਕੀਕਤ ਤੋਂ ਅੱਖਾਂ ਬੰਦ ਕਰਦੀ ਰਹੀ, ਤਾਂ ਭਵਿੱਖ 'ਚ ਇਸ ਭੁਲੇਖੇ ਦੀ ਕੀਮਤ ਉਸ ਨੂੰ ਭਾਰੀ ਸਮਾਜਿਕ ਤੇ ਨਿੱਜੀ ਮੁਸ਼ਕਲਾਂ ਦੇ ਰੂਪ 'ਚ ਸਹਿਣ ਕਰਨੀ ਪਵੇਗੀ। ਤਦ ਵਾਪਸੀ ਦਾ ਕੋਈ ਰਾਹ ਵੀ ਬਾਕੀ ਨਹੀਂ ਰਹੇਗਾ।

# '75 ਲੱਖ ਗਵਾਏ, 2 ਸਾਲ ਜੇਲ੍ਹ ਕੱਟੀ, ਤਸੀਹੇ ਸਹਿ ਕੇ ਘਰ ਆਇਆ'

"75 ਲੱਖ ਰੁਪਏ ਗਵਾਏ, ਦੋ ਸਾਲ ਜੇਲ੍ਹ ਵਿੱਚ ਰਹੇ, ਮਾਈਨਸ ਦੋ ਡਿਗਰੀ ਤਾਪਮਾਨ, ਜੰਗਲ ਦਾ ਰਸਤਾ, ਫਿਰ ਹੋਈ ਵਤਨ ਵਾਪਸੀ।" ਇਹ ਕਹਾਣੀ ਹੈ ਹਰਿਆਣਾ ਦੇ ਜ਼ਿਲ੍ਹਾ ਕੁਰੂਕਸ਼ੇਤਰ ਦੇ ਨੌਜਵਾਨ ਨਯਨ ਆਰਿਆ ਦੀ, ਜੋ ਡਾਲਰ ਕਮਾਉਣ ਅਤੇ ਖੁਸ਼ਹਾਲ ਜ਼ਿੰਦਗੀ ਦੀ ਆਸ ਵਿੱਚ ਅਮਰੀਕਾ ਗਏ ਸਨ। 24 ਸਾਲਾ ਨਯਨ ਆਰਿਆ ਉਰਫ਼ ਸੋਨੂੰ ਨੂੰ ਹਾਲ ਹੀ ਵਿੱਚ ਅਮਰੀਕਾ ਤੋਂ ਭਾਰਤ ਭੇਜਿਆ ਗਿਆ ਹੈ। ਪਿੰਡ ਬਾਰਨਾ ਦੇ ਰਹਿਣ ਵਾਲੇ ਨਯਨ ਸ਼ਨਿੱਚਰਵਾਰ ਦੇਰ ਰਾਤ ਘਰ ਪਹੁੰਚੇ ਸਨ। ਨਯਨ ਸਾਲ 2023 ਵਿੱਚ ਅਮਰੀਕਾ ਲਈ ਘਰੋਂ ਨਿਕਲੇ ਸਨ। ਨਯਨ ਦੱਸਦੇ ਹਨ ਕਿ ਉਨ੍ਹਾਂ ਨੂੰ 18 ਨਵੰਬਰ ਨੂੰ ਜਹਾਜ਼ ਵਿੱਚ ਜੰਜ਼ੀਰਾਂ ਨਾਲ ਬੰਨ੍ਹ ਕਿ ਇੱਕ ਅਮਰੀਕੀ ਜੇਲ੍ਹ ਤੋਂ ਲਿਆਂਦਾ ਗਿਆ ਸੀ ਅਤੇ 20 ਨਵੰਬਰ ਨੂੰ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਾਰ ਦਿੱਤਾ ਗਿਆ ਸੀ।

ਉਨ੍ਹਾਂ ਨੇ ਭਾਰਤ ਵਾਪਸੀ 'ਤੇ ਕਿਹਾ ਕਿ ਕਿਸੇ ਵੀ ਭਾਰਤੀ ਨੂੰ ਡੰਕੀ ਰੂਟ ਰਾਹੀਂ ਵਿਦੇਸ਼ ਨਹੀਂ ਜਾਣਾ ਚਾਹੀਦਾ। ਉਹ ਕਹਿੰਦੇ ਹਨ, "ਦੋ ਸਾਲ ਤੱਕ ਜਿੰਨੀ ਮਿਹਨਤ ਉੱਥੇ ਕੀਤੀ, ਉਸ ਨਾਲ ਭਾਰਤ ਵਿੱਚ ਸਫ਼ਲਤਾ ਦੀ ਪੌੜੀ ਚੜ੍ਹ ਸਕਦਾ ਸੀ।"

**'5 ਦਿਨਾਂ ਵਿੱਚ ਇੱਕ ਵਾਰ ਮਿਲਦਾ ਸੀ ਖਾਣਾ'**

ਨਯਨ ਦੱਸਦੇ ਹਨ, "ਮੈਂ ਇਸ ਆਸ ਨਾਲ ਉੱਥੇ ਗਿਆ ਸੀ ਕਿ ਅਮਰੀਕਾ ਵਿੱਚ ਬਹੁਤ ਸਾਰੇ ਡਾਲਰ ਕਮਾਵਾਂਗਾ ਅਤੇ ਆਪਣੇ ਪਰਿਵਾਰ ਨੂੰ ਹਰ ਤਰ੍ਹਾਂ ਦਾ ਸੁੱਖ-ਸਹੂਲਤ ਦੇਵਾਂਗਾ। ਮੇਰਾ 75 ਲੱਖ ਰੁਪਇਆ ਲੱਗ ਗਿਆ। ਮੈਨੂੰ ਦੋ ਏਜੰਟ ਕਰਨੇ ਪਏ, ਪਹਿਲਾਂ ਏਜੰਟ ਅੱਧ ਵਿੱਚ ਛੱਡ ਗਿਆ ਸੀ ਤੇ ਫਿਰ ਅਮਰੀਕਾ ਵਿੱਚ ਜੇਲ੍ਹ ਵਿੱਚ ਰਹਿੰਦਿਆਂ ਵਕੀਲਾਂ ਦਾ ਖਰਚਾ ਵੀ ਆਇਆ।" ਇਸੇ ਸੋਚ ਨਾਲ, ਉਨ੍ਹਾਂ ਦੇ ਪਿਤਾ ਸਤਿਆਵਾਨ ਨੇ ਆਪਣੀ ਜ਼ਮੀਨ ਵੇਚ ਦਿੱਤੀ ਅਤੇ ਉਨ੍ਹਾਂ ਨੂੰ ਅਮਰੀਕਾ ਭੇਜ ਦਿੱਤਾ, ਪਰ ਉਨ੍ਹਾਂ ਨੂੰ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਹੋਣਾ ਕਿ ਨਯਨ ਨੂੰ ਇਸ ਤਰ੍ਹਾਂ ਵਾਪਸ ਘਰ ਭੇਜ ਦਿੱਤਾ ਜਾਵੇਗਾ। ਨਯਨ ਨੇ ਦੱਸਿਆ ਕਿ ਉਹ 2023 ਵਿੱਚ ਅਮਰੀਕਾ ਜਾਣ ਲਈ ਘਰੋਂ ਨਿਕਲੇ ਸਨ। ਏਜੰਟ ਨੇ ਉਨ੍ਹਾਂ ਨੂੰ ਸਿੱਧੀ ਉਡਾਣ ਦਾ ਵਾਅਦਾ ਕੀਤਾ ਸੀ, ਪਰ ਏਜੰਟ ਨੇ ਉਨ੍ਹਾਂ ਨੂੰ ਧੋਖਾ ਦਿੱਤਾ ਅਤੇ ਸਪੇਨ ਵਿੱਚ ਛੱਡ ਦਿੱਤਾ।

ਉਨ੍ਹਾਂ ਨੇ ਅੱਗੇ ਦੱਸਿਆ, "ਉੱਥੋਂ ਮੈਨੂੰ ਪੈਦਲ ਜੰਗਲ ਪਾਰ ਕਰਨਾ ਪਿਆ। ਸਰਬੀਆਈ ਜੰਗਲ ਵਿੱਚ ਡੰਕਰ ਸਾਨੂੰ ਖੰਡਰਾਂ ਵਿੱਚ ਰੱਖਦੇ ਸਨ। ਮੇਰਾ ਪਾਸਪੋਰਟ, ਫ਼ੋਨ ਅਤੇ ਡਾਲਰ ਪਹਿਲਾਂ ਹੀ ਖੋਹ ਲਏ ਗਏ ਸਨ। ਮੈਨੂੰ ਮਾਈਨਸ 2 ਡਿਗਰੀ ਸੈਲਸੀਅਸ ਵਿੱਚ ਵੀ ਰਹਿਣਾ ਪਿਆ। ਮੇਰੇ ਕੱਪੜੇ ਗਿੱਲੇ ਰਹਿੰਦੇ ਸਨ। ਰਾਤ ਨੂੰ ਠੰਢ ਵਧ ਜਾਂਦੀ ਸੀ।" ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਦੂਜੇ ਨਾਲ ਗੱਲ ਕਰਨ ਲਈ ਕੁੱਟਿਆ ਜਾਂਦਾ ਸੀ। ਬੰਦੂਕਾਂ ਵਾਲੇ ਡੰਕਰ ਉਨ੍ਹਾਂ



'ਤੇ ਨਜ਼ਰ ਰੱਖਦੇ ਸਨ। "ਇਸ ਸਮੇਂ ਦੌਰਾਨ, ਸਾਨੂੰ ਜ਼ਿੰਦਾ ਰੱਖਣ ਲਈ ਥੋੜ੍ਹੀ ਜਿਹੀ ਮਾਤਰਾ ਵਿੱਚ ਭੋਜਨ ਦਿੱਤਾ ਜਾਂਦਾ ਸੀ। ਹਰ ਪੰਜ ਦਿਨਾਂ ਵਿੱਚ ਇੱਕ ਵਾਰ ਭੋਜਨ ਮਿਲਦਾ ਸੀ। ਉਸ ਵਿੱਚ ਵੀ ਸੁੱਕੀ ਬ੍ਰੈਡ ਹੁੰਦੀ ਸੀ।"

ਨਯਨ ਕਹਿੰਦੇ ਹਨ, "ਕੰਧ ਪਾਰ ਕਰਵਾਉਣ ਦੌਰਾਨ ਡੰਕਰ ਅਕਸਰ ਇੱਕ-ਦੂਜੇ ਨਾਲ ਗੋਲੀਆਂ ਚਲਾਉਂਦੇ ਸਨ, ਕਿਉਂਕਿ ਉਹ ਅਮਰੀਕਾ ਜਾਣ ਵਾਲੇ ਲੋਕਾਂ ਨੂੰ ਬੰਧਕ ਬਣਾ ਲੈਂਦੇ ਸਨ ਤਾਂ ਜੋ ਉਨ੍ਹਾਂ ਦੇ ਪਰਿਵਾਰਾਂ ਨੂੰ ਧਮਕੀ ਦੇ ਕੇ ਪੈਸੇ ਵਸੂਲ ਸਕਣ।"

ਉਹ ਦੱਸਦੇ ਹਨ, "ਇਸ ਨਾਲ ਗੋਲੀ ਲੱਗਣ ਦਾ ਖ਼ਤਰਾ ਵੀ ਰਹਿੰਦਾ ਸੀ। ਜੇਕਰ ਕਿਸੇ ਦੂਜੇ ਡੰਕਰ ਨੇ ਬੰਦੀ ਬਣਾ ਲਿਆ ਤਾਂ ਪੈਸੇ ਦੇ ਕੇ ਛੁੱਟਦੇ ਸਨ। ਕਰੀਬ ਮਹੀਨੇ ਵਿੱਚ ਜੰਗਲ ਨੂੰ ਪਾਰ ਕੀਤਾ।" "ਜਿਸ ਦਿਨ ਸਰਬੀਆ ਵਿੱਚ ਜੰਗਲੀ ਸਰਹੱਦ ਪਾਰ ਕੀਤੀ ਤਾਂ ਫੌਜ ਨੇ ਫਾਇਰਿੰਗ ਕਰ ਦਿੱਤੀ। ਇੱਕ ਪਾਸਿਓਂ ਅਸੀਂ ਸਰਹੱਦ ਟੱਪ ਰਹੇ ਸੀ ਤਾਂ ਦੂਜੇ ਪਾਸਿਓਂ ਗੋਲਾਬਾਰੀ ਹੋ ਰਹੀ ਸੀ। ਜੰਗਲ ਪਾਰ ਕਰ ਕੇ ਅਸੀਂ ਅਰਮੇਨੀਆ ਪਹੁੰਚੇ ਤਾਂ ਉੱਥੇ ਪੁਲਿਸ ਨੇ ਫੜ੍ਹ ਲਿਆ।" "ਕਈ ਦਿਨਾਂ ਤੱਕ ਕੁੱਟਿਆ ਗਿਆ। ਇਸ ਤੋਂ ਬਾਅਦ, ਪੁਲਿਸ ਨੇ ਪੈਸੇ ਲੈ ਕੇ ਕਾਰਡ ਜਾਰੀ ਕੀਤੇ ਅਤੇ ਛੱਡ ਦਿੱਤਾ।" "ਉੱਥੋਂ, ਪੈਦਲ ਅਮਰੀਕਾ ਦੀ ਕੰਧ ਪਾਰ ਕੀਤੀ। ਕੰਧ ਟੱਪਦੇ ਹੋਏ ਉਨ੍ਹਾਂ ਦੇ ਹੱਥ-ਪੈਰ ਛਿੱਲੇ ਗਏ ਸਨ।"

ਉਹ ਦੱਸਦੇ ਹਨ, "ਸਾਨੂੰ ਅਮਰੀਕਾ ਦੀ ਜੇਲ੍ਹ ਤੋਂ ਰਿਹਾਅ ਹੋਣ ਲਈ 26 ਦਿਨਾਂ ਦੀ ਭੁੱਖ ਹੜਤਾਲ ਵੀ ਕਰਨੀ ਪਈ, ਜਿਸ ਤੋਂ ਬਾਅਦ ਸਾਡਾ ਕੇਸ ਅਦਾਲਤ ਵਿੱਚ ਦਾਇਰ ਕੀਤਾ ਗਿਆ, ਪਰ ਸਿਰਫ 3-4 ਮਹੀਨਿਆਂ ਬਾਅਦ ਹੀ ਸਾਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਮੈਂ ਦੋ ਸਾਲ ਦੋ ਮਹੀਨੇ ਜੇਲ੍ਹ ਵਿੱਚ ਰਿਹਾ।"

ਨਯਨ ਹੁਣ ਵਿਦੇਸ਼ ਜਾਣ ਬਾਰੇ ਸੁਪਨੇ ਵਿੱਚ ਵੀ ਨਾ ਸੋਚਣ ਦੀ ਗੱਲ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ, "ਜੋ ਵੀ ਮੈਂ ਹੁਣ ਤੱਕ ਝੱਲਿਆ ਹੈ, ਉਹ ਰੂਹ ਕੰਬਾਊ ਹੈ। ਮੈਂ ਨੌਜਵਾਨਾਂ ਨੂੰ ਵੀ ਇਹੀ ਅਪੀਲ ਕਰਦਾ ਹਾਂ ਕਿ ਆਪਣਾ ਕੋਈ ਕਾਰੋਬਾਰ ਜਾਂ ਖੇਤੀ ਜੋ ਵੀ ਹੈ ਇੱਥੇ ਹੀ ਕਰ ਲਓ, ਦਾਲ-ਰੋਟੀ ਖਾ ਲਓ ਪਰ ਵਿਦੇਸ਼ ਜਾਣ ਦੀ ਨਾ ਸੋਚੋ।" ਬੇਟੇ ਨੂੰ ਇਸ ਤਰ੍ਹਾਂ ਭਟਕਦਿਆਂ ਅਤੇ ਪਰੇਸ਼ਾਨ ਦੇਖ ਕੇ ਮਾਪਿਆਂ ਦਾ ਵੀ ਸਾਹ ਸੁੱਕਿਆ ਹੋਇਆ ਸੀ। ਨਯਨ ਦੱਸਦੇ ਹਨ ਕਿ ਉਨ੍ਹਾਂ ਦੇ ਮਾਤਾ-ਪਿਤਾ ਦੋਵੇਂ ਬਿਮਾਰ ਹੋ ਗਏ ਹਨ। ਨਯਨ ਕਹਿੰਦੇ ਹਨ, "ਜੇਲ੍ਹ ਵਿੱਚ ਇੰਨੇ ਤਸੀਹੇ ਦਿੱਤੇ ਗਏ ਸਨ ਕਿ ਡਿਪ੍ਰੈਸ਼ਨ ਦੀਆਂ ਦਵਾਈਆਂ ਲੈਣੀਆਂ ਪੈਂਦੀਆਂ ਸਨ।" ਨਯਨ ਆਰਿਆ ਦੀ ਮਾਂ ਦਰਸ਼ਨਾ ਦੇਵੀ ਭਾਵੁਕ ਸ਼ਬਦਾਂ ਨਾਲ ਦੱਸਦੇ ਹਨ ਕਿ ਉਨ੍ਹਾਂ ਦਾ ਬੇਟਾ ਹੁਣ ਪਹਿਲਾਂ ਵਰਗਾ ਨਹੀਂ ਰਿਹਾ।

"ਪਹਿਲਾਂ ਉਹ ਹੱਸਦਾ-ਖੇਡਦਾ ਰਹਿੰਦਾ ਸੀ, ਉੱਥੇ ਹੀ ਹੁਣ ਉਹ ਗਵਾਚਿਆ ਜਿਹਾ ਰਹਿੰਦਾ ਹੈ ਨਾ ਜ਼ਿਆਦਾ ਗੱਲ ਕਰਦਾ ਹੈ ਨਾ ਚੰਗੀ ਤਰ੍ਹਾਂ ਖਾਂਦਾ-ਪੀਂਦਾ ਹੈ। ਉਸ ਦੇ ਪਿਤਾ ਬੇਟੇ ਦੀ ਚਿੰਤਾ ਵਿੱਚ ਬਿਮਾਰ ਹੋ ਗਏ ਹਨ।" "ਬੇਟੇ ਨੂੰ ਵਿਦੇਸ਼ ਭੇਜਣ ਲਈ ਜ਼ਮੀਨ, ਪਲਾਟ ਵੀ ਵੇਚ ਦਿੱਤਾ ਅਤੇ ਕਰਜ਼ਾ ਵੀ ਚੁੱਕਿਆ ਪਰ ਹੁਣ ਇਸ ਗੱਲ ਨਾਲ ਸਬਰ ਹੈ ਕਿ ਉਨ੍ਹਾਂ ਦਾ ਬੇਟਾ ਸਹੀ-ਸਲਾਮਤ ਘਰ ਵਾਪਸ ਆ ਗਿਆ ਹੈ।" ਇੰਨਾਂ ਹੀ ਨਹੀਂ ਨਯਨ ਦੇ ਗੁਆਂਢੀ ਵੀ ਉਨ੍ਹਾਂ ਦੇ ਘਰ ਉਨ੍ਹਾਂ ਨੂੰ ਮਿਲਣ ਆ ਰਹੇ ਆ ਰਹੇ ਹਨ ਅਤੇ ਉਸ ਦੀ ਹਾਲਤ ਦੇਖ ਕੇ ਹੈਰਾਨ ਹੁੰਦੇ ਹਨ।

ਗੁਆਂਢਣ ਬਾਲਾ ਦੇਵੀ ਕਹਿੰਦੇ ਹਨ, "ਮੈਂ ਨਯਨ ਨੂੰ ਬਚਪਨ ਤੋਂ ਦੇਖਿਆ ਹੈ। ਹਮੇਸ਼ਾ ਖੁਸ਼ ਰਹਿਣ ਵਾਲਾ ਨਯਨ ਅੱਜ ਗੁੰਮਸੁੰਮ ਰਹਿੰਦਾ ਹੈ। ਸਾਡਾ ਨਯਨ ਬਹੁਤ ਬਦਲ ਗਿਆ ਹੈ।" ਅੰਕੜਿਆਂ ਉੱਤੇ ਨਜ਼ਰ ਮਾਰੀਏ ਤਾਂ ਇਸ ਸਾਲ ਅਮਰੀਕਾ ਨੇ ਉਨ੍ਹਾਂ ਸੈਂਕੜੇ ਭਾਰਤੀਆਂ ਨੂੰ ਡਿਪੋਰਟ ਕੀਤਾ ਹੈ ਜੋ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਗਏ ਸਨ। ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਇਸ ਸਾਲ ਜਨਵਰੀ ਤੋਂ 26 ਸਤੰਬਰ 2025 ਤੱਕ 2417 ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ।

ਸਾਲ 2020 ਤੋਂ 2024 ਤੱਕ 5541 ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਸੀ। 20 ਜਨਵਰੀ ਤੋਂ 22 ਜੁਲਾਈ 2025 ਤੱਕ 1703 ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਸੀ। ਇਨ੍ਹਾਂ ਵਿੱਚ 1562 ਮਰਦ ਅਤੇ 141 ਔਰਤਾਂ ਸ਼ਾਮਲ ਸਨ। ਡਿਪੋਰਟ ਕੀਤੇ ਗਏ ਇਨ੍ਹਾਂ ਭਾਰਤੀਆਂ ਵਿੱਚ 620 ਪੰਜਾਬ, 604 ਹਰਿਆਣਾ, 245 ਗੁਜਰਾਤ ਅਤੇ 38 ਉੱਤਰ ਪ੍ਰਦੇਸ਼ ਤੋਂ ਸਨ। ਅਮਰੀਕਾ ਵਿੱਚ ਡੌਨਲਡ ਟਰੰਪ ਦੀ ਸਰਕਾਰ ਬਣਨ ਤੋਂ ਬਾਅਦ ਗੈਰ-ਕਾਨੂੰਨੀ ਭਾਰਤੀਆਂ ਨੂੰ ਡਿਪੋਰਟ ਕੀਤਾ ਜਾਣਾ ਸ਼ੁਰੂ ਹੋ ਗਿਆ ਸੀ।

ਇਸੇ ਤਹਿਤ ਡਿਪੋਰਟ ਕੀਤੇ ਲੋਕਾਂ ਨੂੰ ਲੈ ਕੇ ਪਹਿਲਾ ਜਹਾਜ਼ 5 ਫਰਵਰੀ ਨੂੰ ਅਤੇ ਦੂਸਰਾ, 15 ਫਰਵਰੀ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਿਆ ਸੀ ਅਤੇ ਉਸ ਤੋਂ ਬਾਅਦ ਕਈ ਹੋਰ ਭਾਰਤੀਆਂ ਨੂੰ ਅਮਰੀਕਾ ਨੇ ਡਿਪੋਰਟ ਕੀਤਾ ਜਾ ਚੁੱਕਿਆ ਹੈ।

# ਰੇਅਰ ਅਰਥ ਮੈਗਨੇਟ ਕੀ ਹਨ ਤੇ ਕਿਉਂ ਸਾਰੇ ਮੁਲਕ ਇਸ ਪਿੱਛੇ ਭੱਜ ਰਹੇ ਹਨ

ਭਾਰਤ ਸਰਕਾਰ ਦੇ ਕੇਂਦਰੀ ਮੰਤਰੀ ਮੰਡਲ ਨੇ 7,280 ਕਰੋੜ ਰੁਪਏ ਦੇ ਰੇਅਰ ਅਰਥ ਮੈਨਿਊਫੈਕਚਰ ਪ੍ਰੋਗਰਾਮ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰ ਦਾ ਕਹਿਣਾ ਹੈ ਕਿ 'ਸਿੰਟਰਡ ਰੇਅਰ ਅਰਥ ਪਰਮਾਨੈਂਟ ਮੈਗਨੇਟ ਦੀ ਮੈਨਿਊਫੈਕਚਰਿੰਗ ਨੂੰ ਪ੍ਰਮੋਟ ਕਰਨ ਦੀ ਸਕੀਮ' ਇੱਕ ਵਿਲੱਖਣ ਪਹਿਲ ਹੈ। ਇਸਦਾ ਉਦੇਸ਼ ਭਾਰਤ ਵਿੱਚ ਇੰਟੀਗ੍ਰੇਟੇਡ ਰੇਅਰ ਅਰਥ ਪਰਮਾਨੈਂਟ ਮੈਗਨੇਟ (REPM) ਮੈਨਿਊਫੈਕਚਰਿੰਗ ਨੂੰ ਸਾਲਾਨਾ 6 ਹਜ਼ਾਰ ਮੀਟ੍ਰਿਕ ਟਨ ਪ੍ਰਤੀ ਸਾਲ (ਠਫਓ) ਉਤਪਾਦਨ ਤੱਕ ਪਹੁੰਚਾਉਣਾ ਹੈ।

ਸੂਚਨਾ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਬੁੱਧਵਾਰ ਨੂੰ ਦੱਸਿਆ ਕਿ ਰੇਅਰ ਅਰਥ ਪਰਮਾਨੈਂਟ ਮੈਗਨੇਟ ਸਭ ਤੋਂ ਮਜ਼ਬੂਤ ਪਰਮਾਨੈਂਟ ਮੈਗਨੇਟ ਵਿੱਚੋਂ ਇੱਕ ਹੁੰਦੇ ਹਨ ਅਤੇ ਇਲੈਕਟ੍ਰਿਕ ਵਾਹਨਾਂ, ਰੀਨਿਊਏਬਲ ਐਨਰਜੀ, ਇਲੈਕਟ੍ਰਾਨਿਕਸ, ਏਰੋਸਪੇਸ ਅਤੇ ਡਿਫੈਂਸ ਐਪਲੀਕੇਸ਼ਨਾਂ ਲਈ ਮਹੱਤਵਪੂਰਨ ਹੁੰਦੇ ਹਨ।

ਵੈਸ਼ਨਵ ਦੇ ਅਨੁਸਾਰ, ਇਹ ਯੋਜਨਾ ਇੰਟੀਗ੍ਰੇਟੇਡ ਮੈਨਿਊਫੈਕਚਰਿੰਗ ਫੈਸੀਲਿਟੀ ਬਣਾਉਣ ਵਿੱਚ ਵੀ ਮਦਦਗਾਰ ਹੋਵੇਗੀ। ਇਸ ਵਿੱਚ ਰੇਅਰ ਅਰਥ ਆਕਸਾਈਡ ਨੂੰ ਮੈਟਲ, ਮੈਟਲ ਨੂੰ ਏਲੋਏ ਅਤੇ ਏਲੋਏ ਨੂੰ ਫਿਨਿਸ਼ਡ ਰੇਅਰ ਅਰਥ ਪਰਮਾਨੈਂਟ ਮੈਗਨੇਟ ਵਿੱਚ ਬਦਲਣਾ ਸ਼ਾਮਲ ਹੋਵੇਗਾ। ਪਰ ਰੇਅਰ ਅਰਥ ਮੈਟੇਰੀਅਲ ਅਤੇ ਰੇਅਰ ਅਰਥ ਮੈਗਨੇਟ ਨੂੰ ਲੈ ਕੇ ਹਾਲ ਹੀ ਵਿੱਚ ਇੰਨੀ ਚਰਚਾ ਕਿਉਂ ਹੋਣ ਲੱਗੀ ਹੈ?

ਦਰਅਸਲ, ਇਲੈਕਟ੍ਰਿਕ ਵਾਹਨਾਂ, ਰੀਨਿਊਏਬਲ ਐਨਰਜੀ, ਇੰਡਸਟ੍ਰੀ ਐਪਲੀਕੇਸ਼ਨ ਅਤੇ ਕੰਜ਼ਿਊਮਰ ਇਲੈਕਟ੍ਰਾਨਿਕਸ ਨੂੰ ਲੈ ਕੇ ਮੰਗ ਵਧ ਰਹੀ ਹੈ, ਅਜਿਹੇ ਵਿੱਚ ਭਾਰਤ ਅਜੇ ਰੇਅਰ ਅਰਥ ਪਰਮਾਨੈਂਟ ਮੈਗਨੇਟ ਦੀ ਮੰਗ ਨੂੰ ਦਰਾਮਦਗੀ ਰਾਹੀਂ ਪੂਰਾ ਕਰ ਰਿਹਾ ਹੈ। ਮਾਰਚ 2025 ਨੂੰ ਖ਼ਤਮ ਵਿੱਤੀ ਸਾਲ ਵਿੱਚ ਭਾਰਤ ਨੇ 53,000 ਮੀਟ੍ਰਿਕ ਟਨ ਰੇਅਰ ਅਰਥ ਮੈਗਨੇਟ ਦਰਾਮਦ ਕੀਤੇ ਸਨ। ਫਿਲਹਾਲ ਇਨ੍ਹਾਂ ਕ੍ਰਿਟੀਕਲ ਐਲੀਮੈਂਟ 'ਤੇ ਚੀਨ ਹਾਵੀ ਹੈ ਅਤੇ ਅਮਰੀਕਾ ਵੱਲੋਂ ਟੈਰਿਫਾਂ ਤੋਂ ਲਗਾਏ ਜਾਣ ਤੋਂ ਬਾਅਦ ਅਪ੍ਰੈਲ ਮਹੀਨੇ ਵਿੱਚ ਚੀਨ ਨੇ ਇਨ੍ਹਾਂ ਮੈਗਨੇਟ ਦੇ ਦਰਾਮਦ ਨੂੰ ਲੈ ਕੇ ਨਿਯਮ ਸਖ਼ਤ ਕਰ ਦਿੱਤੇ ਸਨ।

**ਰੇਅਰ ਅਰਥ ਮੈਗਨੇਟ ਕੀ ਹੁੰਦੇ ਹਨ?**

ਰੇਅਰ ਅਰਥ ਮੈਗਨੇਟ ਅਸੀਂ ਉਨ੍ਹਾਂ ਪਰਮਾਨੈਂਟ ਮੈਗਨੇਟ ਦੀ ਕਲਾਸ ਨੂੰ ਕਹਿ ਸਕਦੇ ਹਾਂ, ਜੋ ਰੇਅਰ ਅਰਥ ਐਲੀਮੈਂਟ ਦੇ ਏਲੋਏ ਨਾਲ ਬਣਦੇ ਹਨ। ਇਹ ਪਰਮਾਨੈਂਟ ਮੈਗਨੇਟ ਦੀ ਸ਼ਕਤੀਸ਼ਾਲੀ ਕਿਸਮ ਹੁੰਦੀ ਹੈ ਅਤੇ ਇਹ ਵੱਖ-ਵੱਖ ਉਤਪਾਦਾਂ ਵਿੱਚ ਵਰਤੀ ਜਾਂਦੀ ਹੈ, ਜਿਵੇਂ ਕਿ ਇਲੈਕਟ੍ਰਿਕ ਮੋਟਰਾਂ, ਜਨਰੇਟਰ ਅਤੇ ਹਾਰਡ ਡਿਸਕ ਡਰਾਈਵ। ਏਲੋਏ ਦਾ ਅਰਥ ਹੈ ਦੋ ਜਾਂ ਦੋ ਤੋਂ ਵੱਧ ਕਿਸਮਾਂ ਦੀਆਂ ਧਾਤਾਂ ਨੂੰ ਮਿਲਾ ਕੇ ਬਣਾਈ ਗਈ ਧਾਤ। ਪੰਜਾਬੀ ਵਿੱਚ, ਇਸ ਨੂੰ ਮਿਸ਼ਰਤ ਧਾਤੂ ਵੀ ਕਿਹਾ ਜਾਂਦਾ ਹੈ। ਸਿੱਖਿਆ ਮੰਤਰਾਲੇ ਦੇ ਸਾਥੀ ਪੋਰਟਲ ਦੇ ਅਨੁਸਾਰ, ਰੇਅਰ ਅਰਥ ਮੈਗਨੇਟ ਦੀ ਖ਼ਾਸੀਅਤ ਉਨ੍ਹਾਂ ਹਾਈ ਦੀ ਮੈਗਨੇਟਿਕ ਸਟ੍ਰੈਂਥ ਭਾਵ ਉੱਚ ਚੁੰਬਕੀ ਤਾਕਤ, ਹਾਈ ਕੋਏਸਰਿਟੀ ਅਤੇ ਹਾਈ ਐਨਰਜੀ ਪ੍ਰੋਡਕਟ ਹੁੰਦੀ ਹੈ। ਮੈਗਨੇਟਿਕ ਸਟ੍ਰੈਂਥ ਇੱਕ ਮੈਗਨੇਟ ਦੀ ਦੂਜੇ ਮੈਗਨੇਟ ਨੂੰ ਆਕਰਸ਼ਿਤ ਕਰਨ ਜਾਂ ਦੂਰ ਕਰਨ ਦੀ ਸਮਰੱਥਾ ਹੈ। ਕੋਏਸਰਵਿਟੀ ਇੱਕ ਮੈਗਨੇਟ ਦਾ ਡੀਮੈਗਨੇਟਾਈਜ਼ ਹੋਣ ਦਾ ਰੇਜੀਸਟੈਂਸ ਹੈ। ਐਨਰਜੀ ਪ੍ਰੋਡਕਟ ਇੱਕ ਮੈਗਨੇਟ ਵਿੱਚ ਸਟੋਰ ਮੈਗਨੇਟਿਕ ਐਨਰਜੀ ਦੀ ਮਾਤਰਾ ਨੂੰ ਕਹਿੰਦੇ ਹਨ।

ਰੇਅਰ ਅਰਥ ਮੈਗਨੇਟ ਦੀ ਮੈਗਨੇਟਿਕ ਸਟ੍ਰੈਂਥ ਇਸ ਕਾਰਨ ਹੁੰਦੀ ਹੈ ਕਿ ਉਹ ਰੇਅਰ ਅਰਥ ਐਲੀਮੈਂਟਸ ਦੇ ਏਲੋਏ ਨਾਲ ਬਣੇ ਹੁੰਦੇ ਹਨ, ਜਿਨ੍ਹਾਂ ਵਿੱਚ ਅਨਪੇਅਰਡ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਇਹ ਅਨਪੇਅਰ੍ਹ ਇਲੈਕਟ੍ਰਾਨ ਇੱਕ ਮਜ਼ਬੂਤ ਮੈਗਨੇਟਿਕ ਫੀਲਡ ਬਣਾਉਂਦੇ ਹਨ। ਰੇਅਰ ਅਰਥ ਮੈਗਨੇਟ ਦੀ ਕੋਏਸਰਵਿਟੀ ਇਸ ਕਾਰਨ ਹੁੰਦੀ ਹੈ ਕਿ ਉਨ੍ਹਾਂ ਵਿੱਚ ਹਾਈ ਮੈਗਨੇਟੋਕ੍ਰਿਸਟਲਾਈਨ ਐਨੀਸੋਟ੍ਰੋਪੀ ਹੁੰਦੀ ਹੈ। ਇਸਦਾ ਮਤਲਬ ਹੈ ਕਿ ਰੇਅਰ ਅਰਥ ਮੈਗਨੇਟ ਵਿੱਚ ਮੋਮੈਂਟਸ ਇੱਕ ਦੂਜੇ ਨਾਲ ਮਜ਼ਬੂਤੀ ਨਾਲ ਜੁੜੇ ਹੁੰਦੇ ਹਨ। ਇਸ ਰੇਅਰ ਅਰਥ ਮੈਗਨੇਟਿਕ ਫੀਲਡ ਦਾ ਡੀਮੈਗਨੇਟਾਈਜ਼ ਹੋਣਾ ਮੁਸ਼ਕਲ ਹੋ ਜਾਂਦਾ ਹੈ।

ਰੇਅਰ ਅਰਥ ਮੈਗਨੇਟਿਕ ਦੀ ਸ਼ਕਤੀ ਦਾ ਕਾਰਨ ਇਹ ਹੁੰਦਾ ਹੈ ਕਿ ਉਨ੍ਹਾਂ ਵਿੱਚ ਹਾਈ ਮੈਗਨੇਟਿਕ ਸਟ੍ਰੈਂਥ ਅਤੇ ਹਾਈ ਕੋਏਸਰਵਿਟੀ ਹੁੰਦੀ ਹੈ। ਇਸਦਾ ਮਤਲਬ ਹੈ ਕਿ ਰੇਅਰ ਅਰਥ ਮੈਗਨੇਟਿਕ ਐਨਰਜੀ ਸਟੋਰ ਕਰ ਸਕਦੇ ਹਨ।

ਇਹ ਕਿੱਥੇ-ਕਿੱਥੇ ਵਰਤੇ ਜਾਂਦੇ ਹਨ?

ਇਲੈਕਟ੍ਰਿਕ ਮੋਟਰਾਂ
ਜਨਰੇਟਰ
ਹਾਰਡ ਡਿਸਕ ਡਰਾਈਵ
ਮੈਗਨੈਟਿਕ ਰੈਜ਼ੋਨੈਂਸ ਇਮੇਜਿੰਗ (MRI) ਮਸ਼ੀਨਾਂ
ਹੈਂਡਫੋਨ
ਮਾਈਕ੍ਰੋਫੋਨ
ਮੈਗਨੈਟਿਕ ਸੈਪਰੇਟਰ



**ਮੈਗਨੈਟਿਕ ਬੇਅਰਿੰਗ/ ਮੈਗਨੈਟਿਕ ਗਹਿਣੇ**

**ਇਹ ਕਿਵੇਂ ਬਣਦੇ ਹਨ?**

ਰੇਅਰ ਅਰਥ ਮੈਗਨੇਟ ਅਸਲ ਵਿੱਚ ਰੇਅਰ ਅਰਥ ਐਲੀਮੈਂਟ ਅਤੇ ਦੂਸਰੇ ਮੈਟਲ ਦੇ ਕੌਂਬੀਨੇਸ਼ਨ ਨਾਲ ਬਣੇ ਹੁੰਦੇ ਹਨ। ਮੈਗਨੇਟ ਵਿੱਚ ਇਸਤੇਮਾਲ ਹੋਣ ਵਾਲੇ ਰੇਅਰ ਅਰਥ ਐਲੀਮੈਂਟ ਦੇ ਨਾਮ ਹਨ ਨਿਓਡੀਮੀਅਮ, ਪ੍ਰੇਸੋਡੀਮੀਅਮ ਅਤੇ ਡਿਸਪ੍ਰੋਸੀਅਮ ਹਨ। ਇਹ ਐਲੀਮੈਂਟ ਆਇਰਨ, ਬੋਰਾਨ ਅਤੇ ਦੂਜੇ ਮੈਟਲ ਦੇ ਨਾਲ ਮਿਲਦੇ ਹਨ ਤਾਂ ਮੈਟੇਰੀਅਲ ਬਣਾਉਂਦੇ ਹਨ, ਜੋ ਬਹੁਤ ਮੈਗਨੇਟਿਕ ਹੁੰਦਾ ਹੈ। ਰੇਅਰ ਅਰਥ ਮੈਗਨੇਟ ਬਣਾਉਣ ਦੀ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਹੈ ਅਤੇ ਇਸ ਵਿੱਚ ਕਈ ਗੇੜ ਸ਼ਾਮਲ ਹੁੰਦੇ ਹਨ।

**1. ਮਾਈਨਿੰਗ ਅਤੇ ਰਿਫਾਈਨਿੰਗ**

ਰੇਅਰ ਅਰਥ ਮੈਗਨੇਟ ਬਣਾਉਣ ਦਾ ਪਹਿਲਾ ਕਦਮ ਰੇਅਰ ਅਰਥ ਐਲੀਮੈਂਟ ਦੀ ਮਾਈਨਿੰਗ ਜਾਂ ਖੁਦਾਈ। ਇਹ ਐਲੀਮੈਂਟ ਕਈ ਤਰ੍ਹਾਂ ਨੇ ਮਿਨਰਲ ਵਿੱਚ ਮਿਲਦੇ ਹਨ, ਜਿਸ ਵਿੱਚ ਬੇਸਨਾਸਾਈਟ, ਮੋਨਾਜ਼ਾਈਟ ਅਤੇ ਜ਼ੈਨੋਟਾਈਮ ਸ਼ਾਮਲ ਹਨ। ਇਨ੍ਹਾਂ ਮਿਨਰਲ ਦੀ ਪਹਿਲਾ ਖੁਦਾਈ ਕੀਤੀ ਜਾਂਦੀ ਹੈ ਅਤੇ ਰੇਅਰ ਅਰਥ ਐਲੀਮੈਂਟ ਕੱਢਣ ਲਈ ਪ੍ਰੋਸੈਸਿੰਗ ਕੀਤੀ ਜਾਂਦੀ ਹੈ।

**2. ਏਲਾਂਇੰਗ**

ਅਗਲਾ ਕਦਮ ਰੇਅਰ ਅਰਥ ਮੈਟੇਰੀਅਲ ਨੂੰ ਦੂਜੇ ਮੈਟਲ ਦੇ ਨਾਲ ਏਲੋਏ ਕਰਨਾ ਭਾਵ ਮਿਲਾਉਣਾ। ਰੇਅਰ ਅਰਥ ਮੈਟੇਰੀਅਲ ਵਿੱਚ ਵਰਤੀਆਂ ਜਾਣ ਵਾਲੀਆਂ ਆਮ ਧਾਤਾਂ ਵਿੱਚ ਆਇਰਨ, ਬੋਰਾਨ ਅਤੇ ਕੋਬਾਲਟ ਸ਼ਾਮਲ ਹਨ। ਇਨ੍ਹਾਂ ਮੈਟਲ ਨੂੰ ਪਿਘਲਾ ਕੇ ਇਕੱਠੇ ਮਿਲਾਇਆ ਜਾਂਦਾ ਹੈ ਅਤੇ ਫਿਰ ਮੋਲਡ ਕੀਤਾ ਜਾਂਦਾ ਹੈ।

**3. ਸਿੰਟਰਿੰਗ**

ਇਸ ਤੋਂ ਬਾਅਦ ਕਾਸਟ ਮੈਗਨੇਟ ਦੀ ਸਿੰਟਰਿੰਗ ਕੀਤੀ ਜਾਂਦੀ ਹੈ। ਸਿੰਟਰਿੰਗ ਦਾ ਮਤਲਬ ਹੈ ਕਿ ਉੱਚੇ ਤਾਪਮਾਨ 'ਤੇ ਮੈਗਨੇਟ ਦੀ ਹੀਟਿੰਗ, ਪਰ ਇਸ ਤਰ੍ਹਾਂ ਕਿ ਉਹ ਪਿਘਲੇ ਨਹੀਂ। ਇਸ ਪ੍ਰਕਿਰਿਆ ਨਾਲ ਮੈਗਨੇਟ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਮਦਦ ਮਿਲਦੀ ਹੈ ਅਤੇ ਜੰਗ ਲੱਗਣ ਦਾ ਖ਼ਤਰਾ ਘੱਟ ਹੁੰਦਾ ਹੈ।

**4. ਮੈਗਨੇਟਾਈਜ਼**

ਰੇਅਰ ਅਰਥ ਮੈਗਨੇਟ ਦਾ ਆਖ਼ਰੀ ਗੇੜ ਹੈ ਉਨ੍ਹਾਂ ਨੂੰ ਮੈਗਨੇਟਾਈਜ਼ ਕਰਨਾ। ਅਜਿਹਾ ਤਾਕਤਵਰ ਮੈਗਨੇਟਿਕ ਫੀਲਡ ਵਿੱਚ ਰੱਖ ਕੇ ਕੀਤਾ ਜਾਂਦਾ ਹੈ। ਮੈਗਨੇਟਿਕ ਫੀਲਡ, ਮੈਗਨੇਟ ਵਿੱਚ ਮੈਗਨੇਟਿਕ ਡੋਮੇਮ ਦੇ ਨਾਲ ਅਲਾਈਨ ਹੁੰਦੀ ਹੈ, ਜਿਸ ਨਾਲ ਸਟ੍ਰੌਂਗ ਮੈਗਨੇਟਿਕ ਬਣਾਉਂਦੀ ਹੈ। ਨਿਓਡੀਮੀਅਮ ਮੈਗਨੇਟ, ਰੇਅਰ ਅਰਥ ਦੀ ਸਭ ਤੋਂ ਆਮ ਕਿਸਮ ਕਹੀ ਜਾਂਦੀ ਹੈ। ਇਹ ਨਿਓਡੀਮੀਅਮ, ਆਇਰਨ ਅਤੇ ਬੋਰਾਨ ਦੇ ਏਲੋਏ ਜਾਂ ਮਿਸ਼ਰਣ ਨਾਲ ਬਣਦਾ ਹੈ। ਨਿਓਡੀਮੀਅਮ ਮੈਗਨੇਟ ਬਹੁਤ ਮਜ਼ਬੂਤ ਹੁੰਦੇ ਹਨ, ਪਰ ਜੇਕਰ ਡਿੱਗ ਜਾਣ ਜਾਂ ਚੰਗੀ ਤਰ੍ਹਾਂ ਸੰਭਾਲੇ ਨਾ ਜਾਣ ਤਾਂ ਟੁੱਟ ਵੀ ਜਾਂਦੇ ਹਨ।

ਸੇਮੇਰੀਅਮ-ਕੋਬਾਲਟ ਮੈਗਨੇਟ। ਜਿਵੇਂ ਕਿ ਨਾਮ ਤੋਂ ਹੀ ਪਤਾ ਲੱਗਦਾ ਹੈ, ਇਹ ਸੈਮੇਰੀਅਮ ਅਤੇ ਕੋਬਾਲਟ ਤੋਂ ਬਣਦਾ ਹੈ। ਇਹ ਨਿਓਡੀਮੀਅਮ ਮੈਗਨੇਟ ਜਿੰਨਾ ਮਜ਼ਬੂਤ ਨਹੀਂ ਹੁੰਦਾ, ਪਰ ਇਹ ਡਿਊਰੇਬਲ ਹੁੰਦਾ ਹੈ ਅਤੇ ਉੱਚ ਤਾਪਮਾਨ ਵਿੱਚ ਵੀ ' ਟਿਕਿਆ ਰਹਿੰਦਾ ਹੈ।

# ਏਅਰ ਫੋਰਸ ਦੀ ਪਹਿਲੀ ਪੰਜਾਬਣ ਪਾਇਲਟ ਬਣੀ ਸੀ ਹਰਿਤਾ ਦਿਓਲ



ਕਦੇ ਉਸ ਨੂੰ ਮਲਾਲ ਹੁੰਦਾ ਸੀ ਕਿ ਭਾਰਤੀ ਡਿਫੈਂਸ ਸੇਵਾਵਾਂ ਵਿੱਚ ਔਰਤਾਂ ਨੂੰ ਮੈਡੀਕਲ ਤੋਂ ਇਲਾਵਾ ਹੋਰ ਵਿਭਾਗਾਂ ਵਿੱਚ ਸੇਵਾ ਨਿਭਾਉਣ ਦਾ ਮੌਕਾ ਕਿਉਂ ਨਹੀਂ ਦਿੱਤਾ ਜਾਂਦਾ। ਪਰ ਜਦੋਂ ਸਾਲ 1991 ਤੋਂ ਭਾਰਤੀ ਡਿਫ਼ੈਂਸ ਸੇਵਾਵਾਂ ਨੇ ਔਰਤਾਂ ਲਈ ਹੋਰ ਮੌਕੇ ਖੋਲ੍ਹਣੇ ਸ਼ੁਰੂ ਕੀਤੇ ਅਤੇ ਭਾਰਤੀ ਏਅਰ ਫੋਰਸ ਨੇ ਪਹਿਲੀ ਵਾਰ ਮਹਿਲਾ ਪਾਇਲਟਾਂ ਨੂੰ ਭਰਤੀ ਹੋਣ ਦਾ ਮੌਕਾ ਦਿੱਤਾ, ਤਾਂ ਉਹ ਨਾ ਸਿਰਫ਼ ਉਸ ਪਹਿਲੇ ਬੈਚ ਦਾ ਹਿੱਸਾ ਬਣੀ ਸਗੋਂ ਇਕੱਲੀ ਉਡਾਣ ਭਰਨ ਵਾਲੀ ਭਾਰਤੀ ਏਅਰ ਫੋਰਸ ਦੀ ਪਹਿਲੀ ਮਹਿਲਾ ਪਾਇਲਟ ਬਣ ਕੇ ਇਤਿਹਾਸ ਵੀ ਸਿਰਜਿਆ। ਉਸ ਜਾਬਾਂਜ਼ ਔਰਤ ਦਾ ਨਾਮ ਸੀ ਹਰਿਤਾ ਕੌਰ ਦਿ ਲ।

ਹਰਿਤਾ ਕੌਰ ਦਿ ਲ ਦਾ ਜਨਮ 10 ਨਵੰਬਰ 1971 ਵਿੱਚ ਅੰਬਾਲਾ ਦੇ ਕੈਂਟ ਖੇਤਰ ਵਿੱਚ ਹੋਇਆ ਸੀ। ਉਸ ਦੇ ਪਿਤਾ ਕਰਨਲ ਰਵਿੰਦਰ ਸਿੰਘ ਦਿ ਲ (ਰਿਟਾਇਰਡ) ਉਸ ਵੇਲੇ ਅੰਬਾਲਾ ਛਾਉਣੀ ਵਿੱਚ ਸੇਵਾ ਨਿਭਾ ਰਹੇ ਸੀ। ਹਰਿਤਾ ਦੀ ਮਾਂ ਕਮਲਜੀਤ ਦਿ ਲ ਨੇ ਦੱਸਿਆ ਕਿ ਜਦੋਂ ਹਰਿਤਾ ਦਾ ਜਨਮ ਹੋਇਆ ਤਾਂ ਕੁਝ ਦਿਨਾਂ ਬਾਅਦ ਹੀ ਦਸੰਬਰ ਵਿੱਚ ਭਾਰਤ- ਪਾਕਿਸਤਾਨ ਜੰਗ ਸ਼ੁਰੂ ਹੋ ਗਈ ਸੀ। ਕਮਲਜੀਤ ਦਿ ਲ ਨੇ ਦੱਸਿਆ, "ਮੈਨੂੰ ਯਾਦ ਹੈ ਕਿ ਹਰਿਤਾ ਕੁਝ ਕ ਦਿਨਾਂ ਦੀ ਹੀ ਸੀ ਅਤੇ ਮੈਂ ਉਸ ਨੂੰ ਲੈ ਕੇ ਛੱਤ 'ਤੇ ਖੜ੍ਹੀ ਸੀ। ਹਵਾਈ ਲੜਾਈ ਜਾਰੀ ਸੀ। ਹਰਿਤਾ ਦਾ ਏਅਰ ਫੋਰਸ ਨਾਲ ਉਹ ਪਹਿਲਾ ਤਜਰਬਾ ਸੀ।" ਹਰਿਤਾ ਦੀ ਮਾਂ ਨੇ ਸਾਨੂੰ ਦੱਸਿਆ ਕਿ ਹਰਿਤਾ ਦੇ ਨਾਨਕੇ ਅਤੇ ਦਾਦਕੇ ਪਰਿਵਾਰ ਵਿੱਚੋਂ ਜ਼ਿਆਦਾਤਰ ਜੀਅ ਫ਼ੌਜ ਜਾਂ ਏਅਰ ਫੋਰਸ ਵਿੱਚ ਸਨ ਅਤੇ ਉਹ ਜੰਗ 'ਤੇ ਗਏ ਹੋਏ ਸਨ।



ਕਮਲਜੀਤ ਦਿ ਲ ਨੇ ਦੱਸਿਆ ਕਿ ਹਰਿਤਾ ਦਾ ਦਾਦਕਾ ਪਰਿਵਾਰ ਮੰਡੀ ਗੋਬਿੰਦਗੜ੍ਹ ਨੇੜਲੇ ਇੱਕ ਪਿੰਡ ਨਾਲ ਸਬੰਧ ਰੱਖਦਾ ਹੈ ਅਤੇ ਨਾਨਕੇ ਪਰਿਵਾਰ ਦਾ ਪਿਛੋਕੜ ਬਠਿੰਡਾ ਦੇ ਮਹਿਰਾਜ ਪਿੰਡ ਤੋਂ ਹੈ। ਪਰ ਦੋਵੇਂ ਪਰਿਵਾਰ ਲੰਬੇ ਸਮੇਂ ਤੋਂ ਚੰਡੀਗੜ੍ਹ ਰਹਿ ਰਹੇ ਹਨ। ਹਰਿਤਾ ਦਾ ਪਾਲਣ-ਪੋਸ਼ਣ ਚੰਡੀਗੜ੍ਹ ਵਿੱਚ ਹੀ ਹੋਇਆ ਸੀ। ਪਰ ਪਿਤਾ ਫ਼ੌਜ ਵਿੱਚ ਹੋਣ ਕਾਰਨ ਹਰਿਤਾ ਦਾ ਬਚਪਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਬੀਤਿਆ। ਕਈ ਸਕੂਲ ਵੀ ਬਦਲੇ। ਜਦੋਂ ਪਿਤਾ ਦੀ ਕਿਸੇ ਖ਼ਾਸ ਡਿਊਟੀ ਕਾਰਨ ਪਰਿਵਾਰ ਨਾਲ ਨਹੀਂ ਜਾ ਸਕਦਾ ਸੀ ਤਾਂ ਉਹ ਨਾਨਕੇ ਘਰ ਰਹਿੰਦੇ ਸੀ। ਜਿਸ ਕਾਰਨ ਹਰਿਤਾ ਦੀ ਸ਼ਖਸੀਅਤ 'ਤੇ ਨਾਨਾ-ਨਾਨੀ ਦਾ ਬਹੁਤ ਪ੍ਰਭਾਵ ਸੀ।ਹਰਿਤਾ ਦੇ ਸੁਭਾਅ ਵਿੱਚ ਬਚਪਨ ਤੋਂ ਹੀ ਨਿਡਰਤਾ ਸੀ ਅਤੇ ਉਹ ਮਿਲਾਪੜੇ ਸੁਭਾਅ ਦੀ ਮਾਲਕ ਸੀ। ਕਮਲਜੀਤ ਦਿ ਲ ਦੱਸਦੇ ਹਨ ਕਿ ਜਦੋਂ ਹਰਿਤਾ ਨੇ ਹੋਸ਼ ਸੰਭਾਲਣੀ ਸ਼ੁਰੂ ਕੀਤੀ, ਤਾਂ ਕਈ ਵਾਰ ਮਲਾਲ ਕਰਦੀ ਸੀ ਕਿ ਭਾਰਤੀ ਡਿਫ਼ੈਂਸ ਸੇਵਾਵਾਂ ਵਿੱਚ ਕੁੜੀਆਂ ਲਈ ਡਾਕਟਰੀ ਤੋਂ ਇਲਾਵਾ ਹੋਰ ਮੌਕੇ ਕਿਉਂ ਨਹੀਂ ਹਨ। ਉਨ੍ਹਾਂ ਦੱਸਿਆ, "ਮੈਨੂੰ ਯਾਦ ਹੈ ਇੱਕ ਵਾਰ ਹਰਿਤਾ ਕੋਈ ਵਿਦੇਸ਼ੀ ਫ਼ਿਲਮ ਦੇਖ ਰਹੀ ਸੀ, ਜਿਸ ਵਿੱਚ ਇੱਕ ਔਰਤ ਪਾਇਲਟ ਦਾ ਕਿਰਦਾਰ ਸੀ। ਉਸ ਨੇ ਕਿਹਾ ਕਿ ਬਹੁਤ ਖੁਸ਼ਕਿਸਮਤ ਕੁੜੀਆਂ ਹਨ ਜਿਨ੍ਹਾਂ ਨੂੰ ਇਸ ਦੀ ਇਜਾਜ਼ਤ ਹੈ, ਆਪਣੇ ਦੇਸ਼ ਵਿੱਚ ਵੀ ਇਹ ਹੋਣਾ ਚਾਹੀਦਾ ਹੈ।"

ਫਿਰ ਸਮਾਂ ਬੀਤਣ ਨਾਲ ਹਰਿਤਾ ਡਿਫੈਂਸ ਵਿੱਚ ਡਾਕਟਰ ਆਪਣੀ ਇੱਕ ਮਾਸੀ ਤੋਂ ਪ੍ਰੇਰਿਤ ਹੋ ਕੇ ਡਾਕਟਰ ਬਣਨ ਦੀ ਇੱਛਾ ਰੱਖਣ ਲੱਗੀ। ਪਰ ਪੇਪਰ ਪਾਸ ਨਾ ਹੋ ਸਕਣ ਕਾਰਨ ਉਹ ਡਾਕਟਰ ਨਹੀਂ ਬਣ ਸਕੀ। ਨਵੰਬਰ 1992 ਦੀ ਇੱਕ ਸਵੇਰ ਅਖਬਾਰ ਵਿੱਚ ਇਸ਼ਤਿਹਾਰ ਆਇਆ ਜਿਸ ਵਿੱਚ ਪਹਿਲੀ ਵਾਰ ਭਾਰਤੀ ਹਵਾਈ ਫ਼ੌਜ ਵਿੱਚ ਮਹਿਲਾ ਪਾਇਲਟਾਂ ਦੀ ਭਰਤੀ ਦੇ ਮੌਕੇ ਬਾਰੇ ਦੱਸਿਆ ਗਿਆ। ਹਰਿਤਾ ਦੇ ਨਾਨਾ ਜੀ ਨੇ ਉਸ ਨੂੰ ਅਖ਼ਬਾਰ ਦਿਖਾਇਆ। ਕਮਲਜੀਤ ਦਿ ਲ ਨੇ ਸਾਨੂੰ ਦੱਸਿਆ ਕਿ ਜਿਸ ਸਵੇਰ ਉਹ ਇਸ਼ਤਿਹਾਰ ਅਖਬਾਰ ਵਿੱਚ ਆਇਆ, ਉਸ ਦਿਨ ਹਰਿਤਾ ਦਾ ਇੱਕੀਵਾਂ ਜਨਮ ਦਿਨ ਸੀ।

ਹਰਿਤਾ ਨੇ ਪੂਰਾ ਇੱਕ ਹਫ਼ਤਾ ਇਸ ਬਾਰੇ ਸੋਚਿਆ ਅਤੇ ਆਪਣੀ ਮਾਂ ਨੂੰ ਪੁੱਛਿਆ, "ਜੇ ਮੈਂ ਚੁਣੀ ਗਈ ਤਾਂ ਤੁਹਾਨੂੰ ਬੁਰਾ ਤਾਂ ਨਹੀਂ ਲੱਗੇਗਾ ਨਾ?" ਉਸ ਦੀ ਮਾਂ ਨੇ ਕਿਹਾ, "ਹਾਲੇ ਤਾਂ ਅਪਲਾਈ ਕਰੋ, ਫਿਰ ਪ੍ਰੀਖਿਆ ਹੋਣੀ ਹੈ, ਇੰਨਾ ਸੌਖਾ ਨਹੀਂ ਹੈ।" ਚੰਡੀਗੜ੍ਹ ਵਿੱਚ ਦੋ ਮਹੀਨੇ ਦੀ ਟਰੇਨਿੰਗ ਲੈਣ ਤੋਂ ਬਾਅਦ ਉਹ ਐਸਐਸਬੀ ਲਈ ਦੇਹਰਾਦੂਨ ਚਲੀ ਗਈ।

ਕਮਲਜੀਤ ਦਿ ਲ ਨੇ ਦੱਸਿਆ ਕਿ ਦੇਹਰਾਦੂਨ ਲਈ ਬੱਸ ਚੜ੍ਹਦੇ ਵੇਲੇ ਉਸ ਨੇ ਪੁੱਛਿਆ ਸੀ, "ਜੇ ਮੈਂ ਸਿਲੈਕਟ ਹੋ ਗਈ ਤਾਂ ਮੈਨੂੰ ਜਾਣ ਤਾਂ ਦਿ ਗੇ?" "ਮੈਂ ਕਿਹਾ ਬੇਟਾ ਸਾਡੇ ਵੇਲੇ ਇਹ ਮੌਕੇ ਨਹੀਂ ਸਨ, ਤੁਹਾਡੇ ਲਈ ਜੇ ਇਹ ਮੌਕੇ ਆਏ ਹਨ ਤਾਂ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਪ੍ਰੀਖਿਆ ਕਲੀਅਰ ਕਰੋਗੇ ਤਾਂ ਕੋਈ ਰੋਕੇਗਾ ਨਹੀਂ।" ਆਖਿਰ ਹਰਿਤਾ ਨੇ ਏਅਰ ਫੋਰਸ ਅਕੈਡਮੀ ਜੁਆਇਨ ਕੀਤੀ ਅਤੇ ਦਸੰਬਰ 1994 ਵਿੱਚ ਇੱਥੋਂ ਪਾਸ ਹੋਣ ਬਾਅਦ ਉਹ ਭਾਰਤੀ ਏਅਰ ਫੋਰਸ ਦੀਆਂ ਪਹਿਲੀਆਂ ਸੱਤ ਮਹਿਲਾਂ ਪਾਇਲਟਾਂ ਵਿੱਚ ਸ਼ਾਮਲ ਹੋ ਗਈ। ਜਨਵਰੀ 1995 ਵਿੱਚ ਹਰਿਤਾ ਨੇ ਭਾਰਤੀ ਏਅਰ ਫੋਰਸ ਵਿੱਚ ਫ਼ਲਾਇੰਗ ਅਫ਼ਸਰ ਵਜੋਂ ਜੁਆਇਨ ਕੀਤਾ।

ਅਕੈਡਮੀ ਟਰੇਨਿੰਗ ਦੌਰਾਨ ਹਰਿਤਾ ਨੇ ਇੱਕ ਹੋਰ ਇਤਿਹਾਸ ਰਚਿਆ ਸੀ। ਉਹ 23 ਸਤੰਬਰ, 1994 ਨੂੰ ਇਕੱਲੀ ਉਡਾਣ ਭਰਨ ਵਾਲੀ ਭਾਰਤੀ ਏਅਰ ਫੋਰਸ ਦੀ ਪਹਿਲੀ ਪਾਇਲਟ ਬਣੀ। ਕਮਲਜੀਤ ਮਾਣ ਨਾਲ ਕਹਿੰਦੇ ਹਨ,"ਉਸ ਵੇਲੇ ਹਰਿਤਾ ਦਾ ਨਾਮ ਸੁਰਖੀਆਂ ਵਿੱਚ ਆਇਆ ਸੀ ਅਤੇ ਟੀਵੀ, ਅਖਬਾਰਾਂ ਅਤੇ ਰੇਡੀ ਵਿੱਚ ਇਸ ਬਾਰੇ ਕਈ ਖ਼ਬਰਾਂ ਪ੍ਰਕਾਸ਼ਿਤ ਹੋਈਆਂ।" ਕਮਲਜੀਤ ਦਿ ਲ ਨੇ ਦੱਸਿਆ ਕਿ ਉਸ ਨੂੰ ਫਿਰ ਵੀ ਇਹ ਨਹੀਂ ਸੀ ਮਹਿਸੂਸ ਹੁੰਦਾ ਕਿ ਉਸ ਨੇ ਕੋਈ ਬਹੁਤ ਵੱਡੀ ਮੱਲ ਮਾਰੀ ਹੈ।

ਹਾਲਾਂਕਿ ਇੱਕ ਘਟਨਾ ਦਾ ਜ਼ਿਕਰ ਕਰਦਿਆਂ ਹਰਿਤਾ ਨੇ ਆਪਣੀ ਮਾਂ ਨੂੰ ਕਿਹਾ ਸੀ, "ਮੈਂ ਜਾ ਰਹੀ ਸੀ ਅਤੇ ਏਅਰ ਫੋਰਸ ਤੋਂ ਇੱਕ ਸ਼ਖਸ ਮੈਨੂੰ ਸਲੂਟ ਮਾਰ ਕੇ ਨਿਕਲ ਗਿਆ ਅਤੇ ਫਿਰ ਵਾਪਸ ਮੁੜ ਕੇ ਆਇਆ। ਉਸ ਨੇ ਕਿਹਾ ਕਿ ਮੈਂ ਆਪਣੇ ਬੱਚਿਆਂ ਨੂੰ ਦੱਸਾਂਗਾ ਕਿ ਅੱਜ ਮੈਂ ਤੁਹਾਨੂੰ ਮਿਲਿਆ ਸੀ।"

ਹਰਿਤਾ ਦੇ ਮਾਂ ਨੇ ਉਸ ਦੇ ਬੋਲਾਂ ਨੂੰ ਯਾਦ ਕੀਤਾ, "ਕਹਿੰਦੀ , ਮੰਮੀ ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਮੈਂ ਕੁਝ ਖ਼ਾਸ ਕੀਤਾ ਹੈ, ਪਹਿਲਾਂ ਮੈਨੂੰ ਲੱਗਦਾ ਸੀ ਕਿ ਰੂਟੀਨ ਵਿੱਚ ਸੋਲੋ ਫਲਾਈ ਕਰਨ ਲਈ ਮੇਰਾ ਨਾਮ ਪਹਿਲਾਂ ਆ ਗਿਆ ਤਾਂ ਮੈਂ ਬਣ ਗਈ, ਕਿਸੇ ਹੋਰ ਦਾ ਆਉਂਦਾ ਤਾਂ ਇਹ ਇਤਿਹਾਸ ਕਿਸੇ ਹੋਰ ਨੇ ਹੀ ਰਚਿਆ ਹੁੰਦਾ। ਹਰਿਤਾ ਨੂੰ ਉਸ ਦਿਨ ਪਹਿਲੀ ਵਾਰ ਲੱਗਿਆ ਕਿ ਹਾਂ, ਉਸ ਨੇ ਕੁਝ ਹਾਸਲ ਕੀਤਾ ਹੈ।"

ਅਕਤੂਬਰ 1995 ਵਿੱਚ ਹਰਿਤਾ ਦੀ ਉਸ ਦੇ ਹੀ ਇੱਕ ਸੀਨੀਅਰ ਰਾਹੁਲ ਡਾਂਗਰ ਨਾਲ ਮੰਗਣੀ ਹੋ ਗਈ ਸੀ। ਦੋਵੇਂ ਇੱਕ ਦੂਜੇ ਨੂੰ ਪਸੰਦ ਕਰਦੇ ਸੀ ਅਤੇ ਆਪਸ ਵਿੱਚ ਵਿਆਹ ਕਰਾਉਣ ਦਾ ਫ਼ੈਸਲਾ ਲਿਆ ਪਰ ਇਹ ਸੁਫ਼ਨਾ ਅਧੂਰਾ ਰਹਿ ਗਿਆ।

ਕਮਲਜੀਤ ਦਿ ਲ ਨੇ ਦੱਸਿਆ, "ਅਸੀਂ ਅਕਸਰ ਆਪਣੇ ਬੱਚਿਆਂ ਦੇ ਵਿਆਹ, ਉਨ੍ਹਾਂ ਦੇ ਨਿਆਣਿਆਂ ਬਾਰੇ ਸੁਫ਼ਨੇ ਲੈਂਦੇ ਹਾਂ ਪਰ ਜਦੋਂ ਹਰਿਤਾ ਏਅਰ ਫੋਰਸ ਵਿੱਚ ਸਿਲੈਕਟ ਹੋ ਗਈ ਇਸ ਤੋਂ ਬਾਅਦ ਮੈਨੂੰ ਉਸ ਦੇ ਵਿਆਹ ਜਾਂ ਅੱਗੇ ਦੀ ਜ਼ਿੰਦਗੀ ਬਾਰੇ ਕੋਈ ਖ਼ਿਆਲ ਆਉਣਾ ਬੰਦ ਹੋ ਗਿਆ ਸੀ।"

ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਹਰਿਤਾ ਹਾਦਸੇ ਤੋਂ ਛੇ ਮਹੀਨੇ ਪਹਿਲਾਂ ਘਰ ਆਈ ਤਾਂ ਉਨ੍ਹਾਂ ਨੇ ਉਸ ਦੇ ਵਿਆਹ ਲਈ ਲਿਆਂਦੀ ਫੁਲਕਾਰੀ ਉਸ ਨੂੰ ਦਿਖਾਈ।

"ਉਸ ਨੇ ਫੁਲਕਾਰੀ ਨੂੰ ਸਿਰਫ਼ ਚੁੱਕਿਆ ਦੇਖਿਆ ਅਤੇ ਰੱਖ ਦਿੱਤਾ। ਮੈਨੂੰ ਯਾਦ ਹੈ ਉਹ ਪਹਿਲੀ ਵਾਰ ਸੀ ਕਿ ਹਰਿਤਾ ਨੇ ਕੱਪੜਾ ਪਾ ਕੇ ਨਾ ਦੇਖਿਆ ਹੋਵੇ। ਮੈਨੂੰ ਅਜੀਬ ਲੱਗਿਆ ਪਰ ਮੈਂ ਚੁੱਪ ਰਹੀ।" 1997 ਦੇ ਸ਼ੁਰੂ ਵਿੱਚ ਹੀ ਹਰਿਤਾ ਅਤੇ ਰਾਹੁਲ ਦਾ ਵਿਆਹ ਹੋਣਾ ਸੀ ਅਤੇ ਦਸੰਬਰ ਵਿੱਚ ਹਰਿਤਾ ਨੇ ਘਰ ਵਾਪਸ ਆਉਣਾ ਸੀ। ਪਰ ਉਸ ਦਾ ਆਉਣਾ ਕਿਸੇ ਨਾ ਕਿਸੇ ਕਾਰਨ ਟਲਦਾ ਗਿਆ। ਕਮਲਜੀਤ ਦਿ ਲ ਨੇ ਦੱਸਿਆ ਕਿ 24 ਦਸੰਬਰ, 1996 ਦਾ ਦਿਨ ਸਵੇਰ ਤੋਂ ਹੀ ਕੁਝ ਸਹੀ ਨਹੀਂ ਸੀ ਲੱਗ ਰਿਹਾ। ਉਨ੍ਹਾਂ ਦੱਸਿਆ, "ਦਸੰਬਰ ਵਿੱਚ ਬੱਦਲ ਨਹੀਂ ਹੁੰਦੇ। ਸੂਰਜ ਚਮਕ ਰਿਹਾ ਸੀ। ਪਰ ਉਸ ਦਿਨ ਘਰ ਅੰਦਰ ਅਜੀਬ ਗ਼ਮਗੀਨ ਹਨੇਰਾ ਸੀ। ਮੇਰੀ ਮਾਂ ਨੇ ਮੈਨੂੰ ਕਿਹਾ, ਅਜੀਭ ਜਿਹਾ ਮੌਸਮ ਹੈ, ਬਾਹਰ ਧੁੱਪ ਹੈ, ਅੰਦਰ ਹਨੇਰਾ ਕਿਉਂ ਹੈ, ਪਰਦੇ ਤਾਂ ਸਭ ਖੁੱਲ੍ਹੇ ਹਨ।"

ਕਮਲਜੀਤ ਕੌਰ ਨੇ ਦੱਸਿਆ ਕਿ ਜਦੋਂ ਉਹ ਦੁਪਹਿਰ ਦਾ ਖਾਣਾ ਖਾ ਰਹੇ ਸੀ ਤਾਂ ਮੈਂ ਉਸ ਦੇ ਭਰਾ ਗੁਰਤੇਜ ਨੂੰ ਵੀ ਖਾਣਾ ਖਾਣ ਲਈ ਅਵਾਜ਼ ਮਾਰੀ। ਉਹ ਹੁੰਗਾਰਾ ਦੇ ਕੇ ਪਾਸਾ ਵੱਟ ਕੇ ਸੌਂ ਗਿਆ। ਉਸ ਨੂੰ ਹਰਿਤਾ ਦਾ ਪਲੇਨ ਕਰੈਸ਼ ਹੋਣ ਦਾ ਸੁਫ਼ਨਾ ਆਇਆ ਸੀ। "ਫਿਰ ਸ਼ਾਮ ਨੂੰ ਖ਼ਬਰਾਂ ਵਿੱਚ ਏਅਰ ਫ਼ੋਰਸ ਦਾ ਜਹਾਜ਼ ਕਰੈਸ਼ ਹੋਣ ਦੀ ਖ਼ਬਰ ਆਈ।

ਉਸ ਵਿੱਚ ਪਾਇਲਟਾਂ ਦੇ ਨਾਮ ਨਹੀਂ ਦੱਸੇ ਸਨ, ਪਰ ਸਾਨੂੰ ਅਹਿਸਾਸ ਹੋ ਗਿਆ ਸੀ ਕਿ ਇਹ ਹਰਿਤਾ ਹੀ ਸੀ।" "ਇਸੇ ਦੌਰਾਨ ਏਅਰ ਫੋਰਸ ਵਿੱਚ ਸੇਵਾ ਨਿਭਾ ਰਹੇ ਹਰਿਤਾ ਦੇ ਅੰਕਲ ਦਾ ਫ਼ੋਨ ਆਇਆ ਅਤੇ ਉਨ੍ਹਾਂ ਨੇ ਇਸ ਮੰਦਭਾਗੀ ਖ਼ਬਰ ਬਾਰੇ ਪਰਿਵਾਰ ਨੂੰ ਦੱਸਿਆ।"

ਉਨ੍ਹਾਂ ਕਿਹਾ,"ਹਰਿਤਾ ਦੇ ਭਰਾ ਗੁਰਤੇਜ ਨੇ ਬਾਅਦ ਵਿੱਚ ਪਰਿਵਾਰ ਨੂੰ ਦੱਸਿਆ ਕਿ ਦੁਪਹਿਰ ਵੇਲੇ ਸੁਫ਼ਨੇ ਵਿੱਚ ਉਸ ਨੇ ਹਰਿਤਾ ਦਾ ਜਹਾਜ਼ ਕਰੈਸ਼ ਹੁੰਦਾ ਦੇਖਿਆ। ਇਹ ਤਕਰੀਬਨ ਉਹੀ ਸਮਾਂ ਸੀ ਜਦੋਂ ਹਰਿਤਾ ਦਾ ਅਸਲ ਵਿੱਚ ਪਲੇਨ ਕਰੈਸ਼ ਹੋਇਆ ਸੀ।" ਮਹਿਜ਼ 25 ਸਾਲ ਦੀ ਉਮਰ ਅਤੇ ਤਕਰੀਬਨ ਦੋ ਸਾਲ ਦੀ ਸਰਵਿਸ ਬਾਅਦ ਹਰਿਤਾ ਦੀ ਇਸ ਪਲੇਨ ਕਰੈਸ਼ ਵਿੱਚ ਜਾਨ ਚਲੀ ਗਈ। ਆਂਧਰਾ ਪ੍ਰਦੇਸ਼ ਦੇ ਨਿਲੌਰ ਵਿੱਚ ਹਾਦਸਾਗ੍ਰਸਤ ਹੋਏ ਉਸ ਏਅਰ ਕਰਾਫਟ ਵਿੱਚ 22 ਜਣੇ ਸਨ ਅਤੇ ਕੋਈ ਵੀ ਬਚ ਨਹੀਂ ਸੀ ਸਕਿਆ। ਹਰਿਤਾ ਇਸ ਟਰਾਂਸਪੋਰਟ ਜਹਾਜ਼ ਦੀ ਕੋ-ਪਾਇਲਟ ਸੀ। ਇਹ ਉਡਾਨ ਹੈਦਰਾਬਾਦ ਤੋਂ ਚੇਨਈ ਤੱਕ ਦੀ ਸੀ, ਉਹ ਉੱਥੋਂ ਏਅਰ ਫੋਰਸ ਦਾ ਬੈਂਡ ਵਾਪਸ ਲੈ ਕੇ ਆ ਰਹੇ ਸੀ।

# ਭਟਕਣ ਦੀ ਥਾਂ ਮਨੁੱਖ ਲਈ ਆਪਣੇ ਵਾਸਤੇ ਹੱਦਬੰਦੀਆਂ ਤੈਅ ਕਰਨਾ ਹੀ ਸਮਝਦਾਰੀ

ਜਟਿਲਤਾਵਾਂ ਨਾਲ ਭਰੇ ਜੀਵਨ ਵਿਚ ਇਕ ਮਹੱਤਵਪੂਰਨ ਪਹਿਲੂ ਹੈ ਆਪਣੀਆਂ ਹੱਦਾਂ ਨੂੰ ਨਿਰਧਾਰਤ ਕਰਨਾ। ਇਹ ਉਹ ਸਮਝਦਾਰੀ ਹੈ ਜੋ ਵਿਅਕਤੀ ਨੂੰ ਆਪਣੀ ਊਰਜਾ, ਸਮੇਂ ਅਤੇ ਭਾਵਨਾਵਾਂ ਦੀ ਰੱਖਿਆ ਕਰਨਾ ਸਿਖਾਉਂਦੀ ਹੈ। ਮਨੁੱਖ ਦੀ ਸਭ ਤੋਂ ਵੱਡੀ ਥਕਾਵਟ ਹਾਲਾਤ ਤੋਂ ਨਹੀਂ ਸਗੋਂ ਉਨ੍ਹਾਂ ਬੇਕਾਬੂ ਉਮੀਦਾਂ ਤੋਂ ਉਪਜਦੀ ਹੈ ਜਿਨ੍ਹਾਂ ਨੂੰ ਉਹ ਨਾਂਹ ਕਹਿਣ ਦੇ ਹੌਸਲੇ ਦੀ ਕਮੀ ਕਾਰਨ ਲਗਾਤਾਰ ਢੋਅ ਰਿਹਾ

**ਅਮਨ ਸਿੰਘ ਗੌੜ**

ਹੁੰਦਾ ਹੈ। ਹੱਦਾਂ ਸਿਰਫ਼ ਦੂਰੀ ਨਹੀਂ ਬਣਾਉਂਦੀਆਂ ਸਗੋਂ ਵਿਅਕਤੀ ਨੂੰ ਆਪਣੇ ਅੰਦਰ ਸਥਿਰ ਤੇ ਸੰਤੁਲਿਤ ਰਹਿਣ ਦਾ ਰਾਹ ਉਪਲਬਧ ਕਰਦੀਆਂ ਹਨ।

ਵਿਵਹਾਰਕ ਜੀਵਨ 'ਚ ਜਦੋਂ ਕੋਈ ਵਿਅਕਤੀ ਹਰ ਬੇਨਤੀ, ਹਰ ਉਮੀਦ ਅਤੇ ਹਰ ਦਬਾਅ ਨੂੰ ਸਵੀਕਾਰ ਕਰਦਾ ਜਾਂਦਾ ਹੈ ਤਾਂ ਉਸ ਦੀਆਂ ਤਰਜੀਹਾਂ ਹੌਲੀ-ਹੌਲੀ ਧੁੰਦਲੀਆਂ ਹੋਣ ਲੱਗਦੀਆਂ ਹਨ। ਹੱਦਾਂ ਨਿਰਧਾਰਤ ਕਰਨਾ ਅਸਲ ਵਿਚ ਆਪਣੀਆਂ ਕਦਰਾਂ-ਕੀਮਤਾਂ, ਆਪਣੀ ਸਮਰੱਥਾ ਤੇ ਆਪਣੀਆਂ ਹੱਦਾਂ ਦੀ ਨਿਸ਼ਾਨਦੇਹੀ ਕਰਨ ਦੀ ਪ੍ਰਕਿਰਿਆ ਹੀ ਹੈ।



ਇਹ ਕੋਈ ਬੇਨਤੀ ਨਹੀਂ ਬਲਕਿ ਆਪਣੀ ਸਮਝ ਦਾ ਪਰਪੱਕ ਅਤੇ ਸੁਧਰਿਆ ਹੋਇਆ ਰੂਪ ਹੈ। ਹਾਲਾਤ ਕਦੋਂ, ਕਿੰਨਾ ਅਤੇ ਕਿਵੇਂ ਪ੍ਰਭਾਵਿਤ ਕਰਨਗੇ, ਇਹ ਫ਼ੈਸਲਾ ਤਦ ਹੀ ਸੰਭਵ ਹੈ ਜਦੋਂ ਵਿਅਕਤੀ ਖ਼ੁਦ ਲਈ ਇਹ ਰੇਖਾ ਸਪਸ਼ਟ ਕਰਦਾ ਹੈ ਕਿ ਉਹ ਕਿਹੜੀਆਂ ਗੱਲਾਂ ਨੂੰ ਸਵੀਕਾਰ ਕਰੇਗਾ ਤੇ ਕਿਹੜੀਆਂ ਤੋਂ ਦੂਰ ਰਹੇਗਾ। ਅਕਸਰ ਕਿਹਾ ਜਾਂਦਾ ਹੈ ਕਿ ਰਿਸ਼ਤੇ ਤਿਆਗ 'ਤੇ ਟਿਕੇ ਹੁੰਦੇ ਹਨ ਪਰ ਸੱਚ ਇਹ ਹੈ ਕਿ ਸਿਹਤਮੰਦ ਰਿਸ਼ਤੇ ਆਪਸੀ ਆਦਰ-ਸਤਿਕਾਰ 'ਤੇ ਆਧਾਰਤ ਹੁੰਦੇ ਹਨ। ਆਦਰ ਥੇ ਹੀ ਜਨਮ ਲੈਂਦਾ ਹੈ ਜਿੱਥੇ ਆਪਣੀਆਂ ਭਾਵਨਾਵਾਂ ਦੀ ਸੁਰੱਖਿਆ ਦਾ ਅਧਿਕਾਰ ਸਪਸ਼ਟ ਹੋਵੇ।

ਜੋ ਵਿਅਕਤੀ ਸੀਮਾਵਾਂ ਨਿਰਧਾਰਤ ਕਰਦਾ ਹੈ, ਉਹ ਸਿਰਫ਼ ਆਪਣੇ ਅੰਦਰ ਦੀ ਸਪਸ਼ਟਤਾ ਨੂੰ ਮਜ਼ਬੂਤ ਕਰਦਾ ਹੈ। ਇਹ ਸਪਸ਼ਟਤਾ ਅੱਗੇ ਚੱਲ ਕੇ ਉਸ ਦੇ ਫ਼ੈਸਲਿਆਂ ਨੂੰ ਸਥਿਰ ਅਤੇ ਉਸ ਦੇ ਜੀਵਨ ਨੂੰ ਸੁਚਾਰੂ ਬਣਾਉਂਦੀ ਹੈ।

ਜੀਵਨ ਵਿਚ ਸੰਤੁਲਨ, ਸ਼ਾਂਤੀ ਅਤੇ ਮਾਨਸਿਕ ਸਵੱਛਤਾ ਤਦ ਹੀ ਸੰਭਵ ਹੈ ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਹਰ ਉਮੀਦ ਪੂਰੀ ਕਰਨਾ ਉਸ ਦਾ ਫ਼ਰਜ਼ ਨਹੀਂ ਅਤੇ ਹਰ ਬੇਨਤੀ ਸਵੀਕਾਰ ਕਰਨਾ ਉਦਾਰਤਾ ਨਹੀਂ। ਹੱਦਾਂ ਨਿਰਧਾਰਤ ਕਰਨਾ ਸਵੈ-ਰੱਖਿਆ ਦਾ ਇਕ ਸਾਧਨ ਹੈ। ਜੋ ਵਿਅਕਤੀ ਇਸ ਦਾ ਅਭਿਆਸ ਕਰ ਲੈਂਦਾ ਹੈ, ਉਹੀ ਆਪਣੇ ਸਮੇਂ, ਮਨ ਅਤੇ ਰਿਸ਼ਤਿਆਂ ਦਾ ਅਸਲ ਰਾਖਾ ਬਣ ਪਾਉਂਦਾ ਹੈ।

# ਉੱਚੀਆਂ ਇਮਾਰਤਾਂ ਵਿੱਚ ਅੱਗ ਲੱਗ ਜਾਵੇ ਤਾਂ ਕਿਵੇਂ ਜਾਨ ਬਚਾਈਏ

ਦੁਨੀਆ ਦੀ ਆਬਾਦੀ ਦੇ ਨਾਲ-ਨਾਲ ਉੱਚੀਆਂ ਇਮਾਰਤਾਂ ਦੀ ਗਿਣਤੀ ਵੀ ਵਧ ਰਹੀ ਹੈ, ਖਾਸ ਕਰਕੇ ਸ਼ਹਿਰਾਂ ਵਿੱਚ। ਪਰ ਹਾਂਗ ਕਾਂਗ ਵਿੱਚ ਇਸ ਹਫ਼ਤੇ ਇੱਕ ਰਿਹਾਇਸ਼ੀ ਉੱਚੀ ਇਮਾਰਤ 'ਚ ਲੱਗੀ ਭਿਆਨਕ ਅੱਗ ਤੋਂ ਬਾਅਦ ਦੁਨੀਆ ਭਰ ਵਿੱਚ ਉੱਚੀਆਂ ਇਮਾਰਤਾਂ ਵਿੱਚ ਰਹਿਣ ਵਾਲੇ ਅਤੇ ਕੰਮ ਕਰਨ ਵਾਲੇ ਲੱਖਾਂ ਲੋਕ ਚਿੰਤਾ ਵਿੱਚ ਹਨ। ਅਤੇ ਕਹਿਣ ਦੀ ਲੋੜ ਨਹੀਂ ਕਿ ਬਹੁਤ ਸਾਰੇ ਲੋਕਾਂ ਦੇ ਮਨ 'ਚ ਇਹ ਵਿਚਾਰ ਵੀ ਆਇਆ ਹੋਣਾ ਕਿ "ਜੇ ਮੇਰੇ ਬਲਾਕ ਵਿੱਚ ਅੱਗ ਲੱਗ ਜਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?" ਯੂਕੇ ਦੀ ਨੈਸ਼ਨਲ ਫਾਇਰ ਚੀਫ਼ਸ ਕੌਂਸਲ ਫਾਇਰਜ਼ ਇਨ ਟਾਲ ਬਿਲਡਿੰਗਜ਼ ਗਰੁੱਪ ਦੇ ਚੇਅਰਮੈਨ ਬੇਨ ਲੇਵੀ ਨੇ ਬੀਬੀਸੀ ਨਿਊਜ਼ ਵਰਲਡ ਸਰਵਿਸ ਨਾਲ ਗੱਲ ਕਰਦਿਆਂ ਕਿਹਾ, "ਇੱਕ ਇਮਾਰਤ ਜਿੰਨੀ ਉੱਚੀ ਹੋਵੇਗੀ, ਅੱਗ ਲੱਗਣ ਦੀ ਸਥਿਤੀ ਵਿੱਚ ਇਸ 'ਚ ਰਹਿਣ ਵਾਲੇ (ਲੋਕ) ਪੂਰੀ ਸੁਰੱਖਿਆ ਤੋਂ ਉਨੇ ਹੀ ਦੂਰ ਹੋਣਗੇ।" ਪਰ ਉਹ ਕੁਝ ਬੁਨਿਆਦੀ ਗੱਲਾਂ 'ਤੇ ਜ਼ੋਰ ਦਿੰਦੇ ਹਾਂ ਜੋ ਲੋਕ ਅੱਗ ਲੱਗਣ ਦੀ ਸਥਿਤੀ ਵਿੱਚ ਅਪਣਾ ਸਕਦੇ ਹਨ ਅਤੇ ਜ਼ਿੰਦਾ ਬਚਣ ਦੀਆਂ ਸੰਭਾਵਨਾਵਾਂ ਨੂੰ ਵਧਾ ਸਕਦੇ ਹਨ।

### ਕਿਵੇਂ ਬਚਿਆ ਜਾਵੇ

ਬੇਨ ਲੇਵੀ ਕਹਿੰਦੇ ਹਨ, "ਜਦੋਂ ਹੀ ਤੁਹਾਨੂੰ ਕਿਸੇ ਇਮਾਰਤ 'ਚ ਅੱਗ ਦਾ ਪਤਾ ਲੱਗੇ ਤਾਂ ਸਬੰਧਿਤ ਹੈਲਪਲਾਈਨ ਨੰਬਰ 'ਤੇ ਤੁਰੰਤ ਕਾਲ ਕਰੋ।" ਲੇਵੀ



ਮੁਤਾਬਕ, "ਜੇਕਰ ਤੁਹਾਨੂੰ ਤੁਹਾਡੇ ਆਪਣੇ ਨੇੜੇ-ਤੇੜੇ ਅੱਗ ਲੱਗਦੀ ਨਜ਼ਰ ਆਵੇ, ਤਾਂ ਪਹਿਲਾਂ ਯਕੀਨੀ ਬਣਾ ਕਿ ਤੁਸੀਂ ਆਪਣੇ ਆਪ ਨੂੰ ਸੁਰੱਖਿਅਤ ਰੱਖੋ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਸੁਚੇਤ ਕਰੋ, ਫਿਰ ਐਮਰਜੈਂਸੀ ਸੇਵਾਵਾਂ ਨੂੰ ਕਾਲ ਕਰੋ। ਇਹ ਨਾ ਸੋਚੋ ਕਿ ਕਿਸੇ ਨੇ ਪਹਿਲਾਂ ਹੀ ਕਾਲ ਕਰ ਦਿੱਤੀ ਹੋਣੀ। ਅੱਗ ਲੱਗਣ ਵਰਗੀ ਸਥਿਤੀ ਵਿੱਚ ਹਰੇਕ ਸਕਿੰਟ ਮਾਅਨੇ ਰੱਖਦਾ ਹੈ। ਜਿੰਨੀ ਜਲਦੀ ਸਾਨੂੰ (ਐਮਰਜੈਂਸੀ ਸੇਵਾ ਨੂੰ) ਇਸ ਬਾਰੇ ਪਤਾ ਲੱਗੇਗਾ, ਨੀ ਜਲਦੀ ਅਸੀਂ ਮਦਦ ਭੇਜ ਸਕਦੇ ਹਾਂ, ਵੱਧ ਤੋਂ ਵੱਧ ਜਾਨਾਂ ਬਚਾ ਸਕਦੇ ਹਾਂ।"

"ਦੂਜੀ ਗੱਲ - ਸ਼ਾਂਤ ਰਹੋ। ਭੱਜੋ ਨਾ। ਨਜ਼ਦੀਕੀ ਨਿਕਾਸ ਰਸਤੇ ਤੱਕ ਆਰਾਮ ਨਾਲ ਪਹੁੰਚਣ ਦੀ ਕੋਸ਼ਿਸ਼ ਕਰੋ। ਇਸ ਨਾਲ ਸੁਰੱਖਿਅਤ ਢੰਗ ਨਾਲ ਬਾਹਰ ਨਿਕਲਣਾ ਆਸਾਨ ਹੋ ਜਾਵੇਗਾ, ਬਾਹਰ ਨਿਕਲਣ ਅਤੇ ਬਚਣ ਦੇ ਰਸਤੇ ਵਿੱਚ ਭੀੜ-ਭੜੱਕਾ ਨਹੀਂ ਹੋਵੇਗਾ ਅਤੇ ਫਾਇਰਫਾਈਟਰਾਂ ਦੇ ਬਚਾਅ ਯਤਨਾਂ ਵਿੱਚ ਵੀ ਰੁਕਾਵਟ ਆਉਣ ਤੋਂ ਬਚਿਆ ਜਾ ਸਕੇਗਾ।" ਅਤੇ ਜੇ ਤੁਸੀਂ ਕਰ ਸਕਦੇ ਹੋ - ਪਹਿਲਾਂ ਇਹ ਯਕੀਨੀ ਬਣਾ ਕਿ ਤੁਸੀਂ ਸੁਰੱਖਿਅਤ ਹੋ - 'ਤੇ ਫਿਰ ਉਨ੍ਹਾਂ ਲੋਕਾਂ ਦੀ ਮਦਦ ਕਰੋ ਜਿਨ੍ਹਾਂ ਨੂੰ ਬਾਹਰ ਨਿਕਲਣ ਵਿੱਚ ਮੁਸ਼ਕਲਾਂ ਆ ਸਕਦੀਆਂ ਹਨ (ਜਿਵੇਂ ਬਜ਼ੁਰਗ, ਬੱਚੇ ਜਾਂ ਬਿਮਾਰ ਵਿਅਕਤੀ)।"

### ਪੌੜੀਆਂ ਰਾਹੀਂ ਹੇਠਾਂ ਆਉਣਾ ਸਭ ਤੋਂ ਸੁਰੱਖਿਅਤ

ਹਾਲਾਂਕਿ, ਉੱਚੀਆਂ ਇਮਾਰਤਾਂ ਵਿੱਚ ਚੁਣੌਤੀ ਇਹ ਹੈ ਕਿ ਅਜਿਹੀ ਸਥਿਤੀ ਵਿੱਚ ਬਾਹਰ ਨਿਕਲਣ ਦਾ ਇੱਕੋ-ਇੱਕ ਭਰੋਸੇਯੋਗ ਰਸਤਾ ਆਮ ਤੌਰ 'ਤੇ ਪੌੜੀਆਂ ਰਾਹੀਂ ਹੇਠਾਂ ਆਉਣਾ ਹੁੰਦਾ ਹੈ, ਅਤੇ ਹਰੇਕ ਫਲੋਰ ਤੋਂ ਲੋਕਾਂ ਦੇ ਆਉਣ ਕਾਰਨ ਇਨ੍ਹਾਂ ਪੌੜੀਆਂ 'ਚ ਭੀੜ ਹੋ ਜਾਂਦੀ ਹੈ ਅਤੇ ਲੋਕਾਂ ਦੀ ਨਿਕਾਸੀ ਹੌਲੀ ਹੋ ਜਾਂਦੀ ਹੈ। ਦਰਅਸਲ, ਅਜਿਹੀ ਸਥਿਤੀ 'ਚ ਪੌੜੀਆਂ ਤੋਂ ਨਿਕਾਸੀ ਦੌਰਾਨ ਲੱਗਣਾ ਵਾਲਾ ਸਮਾਂ ਜ਼ਿਆਦਾਤਰ ਲੋਕਾਂ ਦੀ ਉਮੀਦ ਨਾਲੋਂ ਬਹੁਤ ਹੌਲੀ ਹੁੰਦਾ ਹੈ। ਨਿਯੰਤਰਿਤ ਜਾਂ ਡ੍ਰਿਲ ਸਥਿਤੀਆਂ ਵਿੱਚ, ਲੋਕ ਲਗਭਗ 0।4-0।7 ਮੀਟਰ ਪ੍ਰਤੀ ਸਕਿੰਟ ਦੀ ਰਫ਼ਤਾਰ ਨਾਲ ਹੇਠਾਂ ਉਤਰਦੇ ਹਨ। ਪਰ ਇੱਕ ਅਸਲ ਐਮਰਜੈਂਸੀ ਵਿੱਚ, ਖਾਸ ਕਰਕੇ ਉੱਚੀਆਂ ਇਮਾਰਤਾਂ ਵਿੱਚ ਅੱਗ ਲੱਗਣ ਦੌਰਾਨ ਇਹ ਗਤੀ ਤੇਜ਼ੀ ਨਾਲ ਘਟ ਸਕਦੀ ਹੈ। ਇਸ ਦਾ ਇੱਕ ਪ੍ਰਮੁੱਖ ਕਾਰਨ ਹੈ - ਥਕਾਵਟ। ਜ਼ਿਆਦਾ ਦੇਰ ਲਈ ਤੁਰਨਾ ਉਤਰਨ ਦੀ ਗਤੀ ਨੂੰ ਕਾਫ਼ੀ ਹੌਲੀ ਕਰ ਦਿੰਦਾ ਹੈ। ਅਤੇ ਉੱਚੀਆਂ ਇਮਾਰਤਾਂ 'ਚੋਂ ਬਚ ਕੇ ਨਿਕਲਣ ਵਾਲੇ ਜ਼ਿਆਦਾਤਰ ਲੋਕ ਘੱਟੋ-ਘੱਟ ਇੱਕ ਵਾਰ ਤਾਂ ਰੁਕਦੇ ਹਨ।



ਸਾਲ 2010 ਵਿੱਚ ਚੀਨ ਦੇ ਸ਼ੰਘਾਈ ਵਿੱਚ ਇੱਕ ਉੱਚੀ ਇਮਾਰਤ ਵਿੱਚ ਅੱਗ ਲੱਗਣ ਦੌਰਾਨ ਜ਼ਿੰਦਾ ਬਚੇ ਲਗਭਗ ਅੱਧੇ ਬਜ਼ੁਰਗਾਂ ਨੇ ਕਿਹਾ ਕਿ ਉਨ੍ਹਾਂ ਦੀ ਗਤੀ ਕਾਫ਼ੀ ਹੌਲੀ ਹੋ ਗਈ ਸੀ।

ਘਰ ਦੇ ਬਜ਼ੁਰਗ ਜਾਂ ਛੋਟੇ ਮੈਂਬਰਾਂ ਦੀ ਤੁਰਨ ਦੀ ਗਤੀ ਹੌਲੀ ਹੋ ਸਕਦੀ ਹੈ। ਘਰ ਦੇ ਮੈਂਬਰ ਅਕਸਰ ਇਸ ਸਥਿਤੀ ਨੂੰ ਨਹੀਂ ਸਮਝਦੇ ਅਤੇ ਸੋਚਦੇ ਹਨ ਇਕੱਠੇ ਬਾਹਰ ਨਿਕਲਾਂਗੇ ਆਦਿ। ਅਤੇ ਇਸ ਨਾਲ ਨਿਕਾਸੀ ਦੀ ਪ੍ਰਕਿਰਿਆ ਹੋਰ ਹੌਲੀ ਹੋ ਸਕਦੀ ਹੈ, ਬਾਹਰ ਨਿਕਲਣ ਦੀ ਗਤੀ ਨੂੰ ਹੋਰ ਵੀ ਹੌਲੀ ਕਰ ਸਕਦੀ ਹੈ।

ਆਸਟ੍ਰੇਲੀਆ ਦੀ ਮੈਲਬੌਰਨ ਯੂਨੀਵਰਸਿਟੀ ਦੇ ਪ੍ਰੋਫੈਸਰ ਮਿਲਾਦ ਹਘਾਨੀ, ਜੋ ਸ਼ਹਿਰੀ ਜੋਖਮ, ਰੇਜ਼ੀਲਿਏਂਸ ਅਤੇ ਮੋਬਿਲਿਟੀ ਸਬੰਧੀ ਅਧਿਐਨ ਕਰਦੇ ਹਨ। ਉਨ੍ਹਾਂ ਨੇ ਦੱਸਿਆ, "ਮੇਰੀ ਖੋਜ ਦਰਸਾਉਂਦੀ ਹੈ ਕਿ ਜਦੋਂ ਲੋਕ ਪਰਿਵਾਰਾਂ ਨਾਲ ਆਉਂਦੇ ਹਨ, ਤਾਂ ਉਹ ਪੌੜੀਆਂ 'ਤੇ ਵੀ ਇਹ ਬਹੁਭੁਜ ਆਕਾਰ ਬਣਾ ਲੈਂਦੇ ਹਨ।" ਇਸਦਾ ਮਤਲਬ ਹੈ ਕਿ ਉਨ੍ਹਾਂ ਦੇ ਵਿਚਕਾਰ ਬਹੁਤ ਸਾਰੀ ਜਗ੍ਹਾ ਬੇਕਾਰ ਹੋ ਜਾਂਦੀ ਹੈ। ਇਹ ਭੀੜ ਦਾ ਕਾਰਨ ਬਣ ਸਕਦਾ ਹੈ ਅਤੇ ਭੀੜ ਦੀ ਗਤੀ ਨੂੰ ਹੌਲੀ ਕਰ ਸਕਦਾ ਹੈ। ਉਨ੍ਹਾਂ ਕਿਹਾ, "ਜਦਕਿ ਜੇਕਰ ਪਰਿਵਾਰ ਜਾਂ ਲੋਕਾਂ ਦਾ ਸਮੂਹ ਜੋ ਇਕੱਠੇ ਹੁੰਦੇ ਹਨ, ਸੱਪ ਵਾਂਗ ਇੱਕ ਕਤਾਰ ਬਣਾ ਕੇ ਇੱਕ-ਦੂਜੇ ਦੇ ਪਿੱਛੇ ਚੱਲਦੇ ਹਨ - ਮੈਂ ਇਸਦਾ ਪ੍ਰਯੋਗ ਕੀਤਾ ਹੈ ਅਤੇ ਦਿਖਾਇਆ ਹੈ ਕਿ ਇਸ ਨਾਲ ਲੋਕ ਤੇਜ਼ੀ ਨਾਲ ਅੱਗੇ ਵਧ ਪਾਉਂਦੇ ਹਨ।" ਲੇਵੀ ਕਹਿੰਦੇ ਹਨ, "ਇਹ (ਕਤਾਰ 'ਚ ਚੱਲਣਾ) ਮਦਦ ਕਰ ਸਕਦਾ ਹੈ ਜੇਕਰ ਸਮੂਹ ਇੱਕ, ਦੋ, ਤਿੰਨ, ਚਾਰ... ਗਿਣਤੀ ਕਰਦੇ ਹੋਏ ਇੱਕਸਾਰ ਰਫ਼ਤਾਰ ਬਣਾਈ ਰੱਖੇ" ਜਦਕਿ ਜੋ ਆਪ ਉਤਰਨ ਦੇ ਸਮਰੱਥ ਹਨ ਉਹ ਰੇਲਿੰਗ ਨੂੰ ਫੜ੍ਹ ਕੇ ਉਤਰ ਸਕਦੇ ਹਨ।" ਪਰ ਉਹ ਅੱਗੇ ਇਹ ਵੀ ਕਹਿੰਦੇ ਹਨ ਕਿ "ਯਾਦ ਰੱਖੋ ਕਿ ਜਦੋਂ ਤੁਸੀਂ ਹੇਠਾਂ ਆ ਰਹੇ ਹੋ, ਤਾਂ ਫਾਇਰਫਾਈਟਰ ਪੌੜੀਆਂ ਤੋਂ ਉੱਪਰ ਆ ਰਹੇ ਹੋ ਸਕਦੇ ਹਨ।"

### ਜ਼ਿੰਦਾ ਬਚਣ ਦੀ ਕੁੰਜੀ ਹੈ- ਤਿਆਰੀ

ਮਾਹਰ ਇਸ ਗੱਲ ਨਾਲ ਸਹਿਮਤ ਹਨ ਕਿ ਇੱਕ ਉੱਚੀ ਇਮਾਰਤ ਵਿੱਚ ਅੱਗ ਲੱਗਣ ਦੀ ਸਥਿਤੀ ਵਿੱਚ ਜ਼ਿੰਦਾ ਬਚਣ ਦੀ ਕੁੰਜੀ ਹੈ - ਤਿਆਰੀ। ਇਮਾਰਤ 'ਚ ਲੱਗੀ ਅੱਗ ਤੋਂ ਬਚਣ ਦੇ ਤਰੀਕਿਆਂ (ਨਿਕਾਸੀ ਮਾਰਗ ਆਦਿ) ਅਤੇ ਆਮ ਲੇਆਉਟ ਸਬੰਧੀ ਜਾਣਕਾਰੀ ਮਹੱਤਵਪੂਰਨ ਹੋ ਸਕਦੀ ਹੈ, ਖਾਸ ਕਰਕੇ ਉਨ੍ਹਾਂ ਨਿਵਾਸੀਆਂ ਲਈ ਜਿਨ੍ਹਾਂ ਨੂੰ ਅੱਧੀ ਰਾਤ ਨੂੰ ਭੱਜਣਾ ਪੈ ਸਕਦਾ ਹੈ। ਲੇਵੀ ਸਲਾਹ ਦਿੰਦੇ ਹਨ ਕਿ ਇਮਾਰਤ ਦੀ ਸਭ ਤੋਂ ਹੇਠਲੀ ਮੰਜ਼ਿਲ 'ਤੇ ਜਾਣ ਲਈ ਹਮੇਸ਼ਾ ਲਿਫਟ ਦੀ ਵਰਤੋਂ ਕਰਨ ਦੀ ਬਜਾਏ ਸਮੇਂ-ਸਮੇਂ 'ਤੇ ਪੌੜੀਆਂ ਤੋਂ ਵੀ ਹੇਠਾਂ ਉਤਰਨਾ ਚਾਹੀਦਾ ਹੈ।

ਉਹ ਕਹਿੰਦੇ ਹਨ, "ਐਮਰਜੈਂਸੀ ਵਿੱਚ ਲੋੜ ਪਵੇ, ਇਸ ਤੋਂ ਪਹਿਲਾਂ ਹੀ ਇਹ ਤਜ਼ਰਬਾ ਰੱਖੋ ਕਿ ਪੌੜੀਆਂ ਤੋਂ ਹੇਠਾਂ ਉਤਰਨਾ ਕਿਹੋ ਜਿਹਾ ਹੁੰਦਾ ਹੈ। ਪਹਿਲਾਂ ਤੋਂ ਅਤੇ ਕਿਸੇ ਵੀ ਘਟਨਾ ਲਈ ਤਿਆਰ ਰਹੋ।" ਹਘਾਨੀ ਦੱਸਦੇ ਹਨ ਕਿ ਐਮਰਜੈਂਸੀ ਦੌਰਾਨ ਲੋਕ ਡਰ ਜਾਂਦੇ ਹਨ। "ਸਪਸ਼ਟ ਤੌਰ 'ਤੇ, ਬਹੁਤ ਸਾਰੇ ਲੋਕ ਅੱਗ ਦਾ ਅਲਾਰਮ ਅਤੇ ਜਾਣਕਾਰੀ ਸੁਣ ਕੇ ਝਿਜਕ ਜਾਂਦੇ ਹਨ (ਭਾਵ ਨਿਕਲਣ ਦਾ ਫੈਸਲਾ ਲੈਣ 'ਚ ਦੇਰੀ ਕਰਦੇ ਹਨ)।"

ਉਨ੍ਹਾਂ ਕਿਹਾ, "ਆਮ ਤੌਰ 'ਤੇ, ਜੋ ਬਚ ਜਾਂਦੇ ਹਨ ਉਹ ਅਜਿਹੇ ਲੋਕ ਹੁੰਦੇ ਹਨ ਜੋ ਬਹੁਤ ਜਲਦੀ ਪ੍ਰਤੀਕਿਰਿਆ ਕਰਦੇ ਹਨ। ਅਤੇ ਇਹ ਇਸ ਨਾਲ ਜੁੜਿਆ ਹੋਇਆ ਹੈ ਕਿ ਉਨ੍ਹਾਂ ਨੂੰ ਅੱਗ ਤੋਂ ਬਚਣ ਦੇ ਤਰੀਕਿਆਂ ਬਾਰੇ ਕਿੰਨੀ ਜਾਣਕਾਰੀ ਅਤੇ ਗਿਆਨ ਹੈ ਅਤੇ ਉਨ੍ਹਾਂ ਨੇ ਕਿੰਨੀ ਵਾਰ ਅੱਗ ਤੋਂ ਬਚਣ ਦੇ ਅਭਿਆਸ ਕੀਤੇ ਹਨ।"

ਲੇਵੀ ਇਹ ਵੀ ਕਹਿੰਦੇ ਹਨ ਕਿ ਜਿੰਨਾ ਸੰਭਵ ਹੋ ਸਕੇ ਇਮਾਰਤਾਂ ਨੂੰ ਸੁਰੱਖਿਅਤ ਰੱਖਣਾ ਮਹੱਤਵਪੂਰਨ ਹੈ। ਉਹ ਕਹਿੰਦੇ ਹਨ, "ਅਸੀਂ ਸਾਰੇ ਇਹ ਮੰਨਦੇ ਹਾਂ ਕਿ ਸਾਡੀਆਂ ਇਮਾਰਤਾਂ ਸੁਰੱਖਿਅਤ ਹਨ ਅਤੇ ਤੈਅ ਮਿਆਰਾਂ ਅਨੁਸਾਰ ਬਣਾਈਆਂ ਗਈਆਂ ਹਨ, ਜੋ ਅੱਗ ਲੱਗਣ ਦੀ ਸਥਿਤੀ ਵਿੱਚ ਵੀ ਨਿਯਮਾਂ ਮੁਤਾਬਕ ਹੁੰਦੀਆਂ ਹਨ।"

"ਫਿਰ, ਫਾਇਰ ਡੋਰਜ਼, ਕੰਪਾਰਟਮੈਂਟੇਸ਼ਨ ਅਤੇ ਸਟ੍ਰਕਚਰਲ ਇੰਟੈਗ੍ਰਿਟੀ ਸੰਬੰਧੀ ਅੱਗ ਸੁਰੱਖਿਆ ਸਿਧਾਂਤ ਮਜ਼ਬੂਤ ਅਤੇ ਸਹੀ ਹੋਣੇ ਚਾਹੀਦੇ ਹਨ ਅਤੇ ਰਹਿਣ ਵਾਲਿਆਂ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ, ਇੰਨਾ ਸੁਰੱਖਿਅਤ ਕਿ ਜੇਕਰ ਉਹ ਚਾਹੁਣ ਤਾਂ ਇਮਾਰਤ ਨੂੰ ਆਰਾਮ ਨਾਲ ਖਾਲੀ ਕਰ ਸਕਣ। "ਪਰ ਅਫ਼ਸੋਸ ਦੀ ਗੱਲ ਹੈ ਕਿ ਅਸੀਂ ਦੁਨੀਆ ਭਰ ਵਿੱਚ ਉੱਚੀਆਂ ਇਮਾਰਤਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਵੇਖੀਆਂ ਹਨ, ਜਿੱਥੇ ਇਹ ਧਾਰਨਾਵਾਂ ਗਲਤ ਸਾਬਤ ਹੋਈਆਂ ਹਨ।"

# ਖ਼ੌਫ਼ਨਾਕ ਅਪਰਾਧਕ ਘਟਨਾਵਾਂ ਕਾਰਨ ਪੰਜਾਬ ਵਿਚ ਵਧਣ ਲੱਗੀ ਦਹਿਸ਼ਤ

ਪੰਜਾਬ ਦਾ ਕਾਨੂੰਨ ਪ੍ਰਬੰਧ ਪਿਛਲੇ ਲੰਬੇ ਸਮੇਂ ਤੋਂ ਖ਼ੌਫ਼ਨਾਕ ਅਪਰਾਧਕ ਘਟਨਾਵਾਂ ਕਾਰਨ ਸਵਾਲਾਂ ਦੇ ਘੇਰੇ ’ਚ ਹੈ। ਤਾਜ਼ਾ ਘਟਨਾਵਾਂ ਲੋਕਾਂ ’ਚ ਦਹਿਸ਼ਤ ਭਰਨ ਦਾ ਕੰਮ ਕਰ ਰਹੀਆਂ ਹਨ। ਪਿਛਲੇ ਚਾਰ ਕੁ ਦਿਨਾਂ ਤੋਂ ਸੂਬੇ ਦੇ ਵੱਖ-ਵੱਖ ਹਿੱਸਿਆਂ ’ਚ ਗੋਲ਼ੀਬਾਰੀ ਦੀਆਂ ਵੱਡੀਆਂ ਘਟਨਾਵਾਂ ਹੋਈਆਂ ਹਨ। ਅੰਮ੍ਰਿਤਸਰ ਦੇ ਬੱਸ ਅੱਡੇ ’ਤੇ ਚੱਲੀ ਗੋਲ਼ੀ ਕਾਰਨ ਨਿੱਜੀ ਬੱਸ ਦੇ ਕਰਮਚਾਰੀ ਦੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਬਟਾਲਾ 'ਚ ਸਾਬਕਾ ਵਿਧਾਇਕ ਦੇ ਪੋਤਰੇ ਨੂੰ ਗੋਲ਼ੀਆਂ ਨਾਲ ਛਲਣੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼ਹਿਰ ’ਚ ਬੱਚੇ ਨੂੰ ਸਕੂਲ ਛੱਡ ਕੇ ਮੁੜ ਰਹੇ ਵਿਅਕਤੀ ਨੂੰ ਨਕਾਬਪੋਸ਼ਾਂ ਨੇ ਗੋਲ਼ੀ ਮਾਰ ਕੇ ਮੁਕਾ ਦਿੱਤਾ ਸੀ। ਜ਼ੀਰਕਪੁਰ ’ਚ ਨੌਂ ਹਮਲਾਵਰਾਂ ਨੇ ਇਕ ਪ੍ਰਾਪਰਟੀ ਡੀਲਰ ਨੂੰ ਰਾਡਾਂ ਤੇ ਤਲਵਾਰਾਂ ਨਾਲ ਲਹੂ-ਲੁਹਾਣ ਕਰ ਦਿੱਤਾ। ਬੀਤੇ ਕੱਲ੍ਹ ਵੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਬੰਗਾ ’ਚ ਕਾਰ ਸਵਾਰ ਨੌਜਵਾਨਾਂ ਨੇ ਬੱਸ ਅੱਡੇ ਲਾਗੇ ਇਕ ਸਕਾਰਪੀ ਗੱਡੀ ’ਤੇ ਅੰਨ੍ਹੇਵਾਹ ਫਾਇਰਿੰਗ ਕੀਤੀ ਜਿਸ ਕਾਰਨ ਪੰਜ ਨੌਜਵਾਨ ਗੰਭੀਰ ਜ਼ਖ਼ਮੀ ਹੋਏ। ਇਨ੍ਹਾਂ ਤਾਜ਼ਾ ਘਟਨਾਵਾਂ ’ਚ ਇਕ ਗੱਲ ਸਾਂਝੀ ਹੈ ਕਿ ਜ਼ਿਆਦਾਤਰ ਵਾਰਦਾਤਾਂ ਦਿਨ-ਦਿਹਾੜੇ ਵਾਪਰੀਆਂ ਹਨ। ਇਸ ਨਾਲ ਸਥਾਨਕ ਪੁਲਿਸ ਪ੍ਰਸ਼ਾਸਨ ਦੇ ਸੁਰੱਖਿਆ ਪ੍ਰਬੰਧਾਂ ’ਤੇ ਸਵਾਲ ਉੱਠਣੇ ਲਾਜ਼ਮੀ ਹਨ।

ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਤੇ ਪੰਜਾਬੀ ਗਾਇਕ ਮਨਕੀਰਤ ਔਲਖ ਨੂੰ ਵੀ ਵਿਦੇਸ਼ਾਂ ਤੋਂ ਫੋਨ ਕਾਲਾਂ ਰਾਹੀਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਇਸੇ ਸਾਲ ਜੁਲਾਈ ’ਚ ਅਬੋਹਰ ਦੇ ਕੱਪੜਾ ਵਪਾਰੀ ਨੂੰ ਦਿਨ-ਦਿਹਾੜੇ ਗੋਲ਼ੀਆਂ ਮਾਰ ਦਿੱਤੀਆਂ ਗਈਆਂ ਸਨ।

ਇਸ ਕਤਲ ਦੀ ਜ਼ਿੰਮੇਵਾਰੀ ਬਾਅਦ ’ਚ ਲਾਰੈਂਸ ਬਿਸ਼ਨੋਈ ਗੈਂਗ ਨੇ ਲਈ ਸੀ। ਗਾਇਕ ਮੂਸੇਵਾਲਾ ਦੇ ਕਤਲ



ਦੀ ਜ਼ਿੰਮੇਵਾਰੀ ਗੈਂਗਸਟਰ ਗੋਲਡੀ ਬਰਾੜ ਨੇ ਲਈ ਸੀ। ਪੰਜਾਬ ’ਚ ਲਗਾਤਾਰ ਵਾਪਰ ਰਹੀਆਂ ਇਨ੍ਹਾਂ ਹਿੰਸਕ ਘਟਨਾਵਾਂ ਪਿੱਛੇ ਵੀ ਇਨ੍ਹਾਂ ਗੈਂਗਸਟਰਾਂ ਦਾ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਬਹੁਤੀਆਂ ਘਟਨਾਵਾਂ ਆਪਸੀ ਰੰਜਿਸ਼ ਦਾ ਨਤੀਜਾ ਵੀ ਦੱਸੀਆਂ ਜਾ ਰਹੀਆਂ ਹਨ। ਸਾਲ 2025 ’ਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ’ਚ ਗੋਲ਼ੀਬਾਰੀ ਦੀਆਂ ਕਈ ਗੰਭੀਰ ਘਟਨਾਵਾਂ ਵਾਪਰੀਆਂ। ਸਤੰਬਰ 2025 ’ਚ ਗੁਰਦਾਸਪੁਰ ’ਚ ਇਕ ਮੈਡੀਕਲ ਸਟੋਰ ਦੇ ਮਾਲਕ ’ਤੇ ਦੋ ਬਾਈਕ ਸਵਾਰ ਨਕਾਬਪੋਸ਼ਾਂ ਨੇ ਗੋਲ਼ੀਆਂ ਚਲਾ ਦਿੱਤੀਆਂ ਸਨ।

ਅਕਤੂਬਰ ਮਹੀਨੇ ਮਾਨਸਾ ’ਚ ਕੀਟਨਾਸ਼ਕ ਦਵਾਈਆਂ ਵੇਚਣ ਵਾਲੇ ਇਕ ਦੁਕਾਨਦਾਰ ’ਤੇ ਗੋਲ਼ੀਆਂ ਚਲਾਈਆਂ ਗਈਆਂ। ਜੁਲਾਈ 2025 ’ਚ ਜ਼ੀਰਕਪੁਰ ’ਚ ਇਕ ਜਨਮ ਦਿਨ ਪਾਰਟੀ ਦੌਰਾਨ ਨੌਜਵਾਨ ਨੇ ਬੇਖ਼ੌਫ਼ ਤਰੀਕੇ ਨਾਲ ਹਵਾਈ ਫਾਇਰ ਕੀਤੇ। ਤਰਨਤਾਰਨ ’ਚ ਅਗਸਤ ਮਹੀਨੇ ਇਕ ਸੈਲੂਨ ਦੇ ਮਾਲਕ ਨੂੰ ਤਿੰਨ ਬਾਈਕ ਸਵਾਰਾਂ ਨੇ ਗੋਲ਼ੀਆਂ ਮਾਰ ਦਿੱਤੀਆਂ। ਸਰਹੱਦੀ ਇਲਾਕਿਆਂ ’ਚ ਗੋਲ਼ੀਬਾਰੀ ਦੀਆਂ ਇਹ ਘਟਨਾਵਾਂ ਪੁਲਿਸ ਤੰਤਰ ਲਈ ਲੰਬੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਪੰਜਾਬ ਸਰਕਾਰ ਦੀ ਇਕ ਰਿਪੋਰਟ ਮੁਤਾਬਕ 2021 ’ਚ 723 ਹੱਤਿਆ ਦੇ ਮਾਮਲੇ ਦਰਜ ਹੋਏ।

ਜਦਕਿ 2022 ’ਚ ਇਹ ਘਟ ਕੇ 654 ਹੋ ਗਏ। ਇਸ ਤੋਂ ਇਲਾਵਾ 2021 ’ਚ 1787 ਕਿਡਨੈਪਿੰਗ ਦੇ ਮਾਮਲੇ ਸਾਹਮਣੇ ਆਏ ਸਨ ਤੇ ਪੰਜਾਬ ਸਰਕਾਰ ਦੇ ਦਾਅਵੇ ਮੁਤਾਬਕ ਹੁਣ ਤੱਕ 428 ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ 100 ਤੋਂ ਵੱਧ ਗੈਂਗ ਮੋਡਿਊਲਾਂ ਦਾ ਪਰਦਾਫਾਸ਼ ਕੀਤਾ ਗਿਆ ਹੈ।

ਕਿਸ ਪਾਰਟੀ ਦੀ ਸਰਕਾਰ ਵੇਲੇ ਸੂਬੇ ’ਚ ਅਪਰਾਧ ਦਾ ਗ੍ਰਾਫ਼ ਕੀ ਸੀ, ਇਸ ’ਤੇ ਸਿਆਸਤ ਨਹੀਂ ਹੋਣੀ ਚਾਹੀਦੀ। ਲੋਕਾਂ ਦੀ ਸੁਰੱਖਿਆ ਕਰਨੀ ਸਰਕਾਰ ਦਾ ਮੁੱਢਲਾ ਫ਼ਰਜ਼ ਹੈ। ਕਾਨੂੰਨ ਪ੍ਰਬੰਧਾਂ ਨੂੰ ਖੋਰਾ ਲਗਾਉਣ ਲਈ ਜਿਹੜੀਆਂ ਵੀ‘ਅੰਦਰੂਨੀ’ ਤੇ ‘ਬਾਹਰਲੀਆਂ’ ਤਾਕਤਾਂ ਸਿਰ ਚੁੱਕ ਰਹੀਆਂ ਹਨ, ਉਨ੍ਹਾਂ ਦੀ ਬਿਨਾਂ ਦੇਰੀ ਸਿਰੀ ਨੱਪਣ ਲਈ ਪੁਲਿਸ ਪ੍ਰਸ਼ਾਸਨ ਨੂੰ ਸਖ਼ਤ ਤੋਂ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।

# ਧਰਮਿੰਦਰ ਦਾ ਪੰਜਾਬ ਤੋਂ ਮੁੰਬਈ ਦਾ ਸਫ਼ਰ



ਹਿੰਦੀ ਸਿਨੇਮਾ ਦੇ 'ਹੀ ਮੈਨ' ਕਹੇ ਜਾਣ ਵਾਲੇ ਅਦਾਕਾਰ ਧਰਮਿੰਦਰ ਦਾ 89 ਸਾਲ ਦੀ ਉਮਰ 'ਚ ਐਤਵਾਰ ਨੂੰ ਦੇਹਾਂਤ ਹੋ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ ਹੈਂਡਲ 'ਤੇ ਪੋਸਟ ਕਰਦੇ ਹੋਏ ਕਿਹਾ, "ਧਰਮਿੰਦਰ ਜੀ ਦੇ ਜਾਣ ਨਾਲ ਇੰਡੀਅਨ ਸਿਨੇਮਾ ਦੇ ਇੱਕ ਯੁੱਗ ਦਾ ਅੰਤ ਹੋ ਗਿਆ ਹੈ।" ਧਰਮਿੰਦਰ ਨੂੰ ਕੁਝ ਦਿਨ ਪਹਿਲਾਂ ਸਾਹ ਦੀ ਸਮੱਸਿਆ ਕਾਰਨ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਹਾਲਾਂਕਿ, ਕੁਝ ਦਿਨਾਂ ਦੇ ਇਲਾਜ ਤੋਂ ਬਾਅਦ ਉਹ ਘਰ ਵਾਪਸ ਆ ਗਏ।

ਫਿਲਮੀ ਪਰਦੇ 'ਤੇ ਐਕਸ਼ਨ ਇਮੇਜ ਵਾਲੇ ਧਰਮਿੰਦਰ ਸ਼ਾਇਰੀ ਮਿਜਾਜ਼ ਦੇ ਮਾਲਕ ਸਨ। ਪਰ ਜੇਕਰ ਐਕਸ਼ਨ ਹੀਰੋ ਅਤੇ ਹੀ-ਮੈਨ ਵਰਗੇ ਨਾਵਾਂ 'ਚ ਕੈਦ ਧਰਮਿੰਦਰ ਨੂੰ ਇਨ੍ਹਾਂ ਬੰਧਨਾਂ ਤੋਂ ਪਰਾਂ ਪਰਖਿਆ ਜਾਵੇ ਤਾਂ ਉਹ ਇਸ ਤੋਂ ਕਿਤੇ ਉੱਪਰ ਸਨ। ਫਿਲਮ ਅਨੁਪਮਾ 'ਚ ਇੱਕ ਸੰਵੇਦਨਸ਼ੀਲ ਲੇਖਕ, ਸਮਾਜਿਕ ਚਿੰਤਨ ਕਰਨ ਵਾਲਾ ਸਤਿਆਕਾਮ ਦਾ ਆਦਰਸ਼ ਜ਼ਿੱਦੀ ਨੌਜਵਾਨ, ਕਾਮੇਡੀ ਨਾਲ ਪਾਗ਼ਲ ਕਰਨ ਵਾਲਾ ਚੁਪਕੇ-ਚੁਪਕੇ ਦਾ ਪ੍ਰੋਫੈਸਰ ਪਰਿਮਲ... ਅਤੇ ਅਸਲ ਜ਼ਿੰਦਗੀ 'ਚ ਇੱਕ ਸ਼ਾਇਰ, ਇੱਕ ਪ੍ਰੇਮੀ, ਇੱਕ ਪਿਤਾ, ਦੁਨੀਆ ਦੇ ਸਭ ਤੋਂ ਸੋਹਣੇ ਮਰਦਾਂ 'ਚੋਂ ਇੱਕ, ਸ਼ਰਾਬ ਦੀ ਬੁਰੀ ਆਦਤ ਤੋਂ ਛੁਟਕਾਰਾ ਪਾਉਣ ਵਾਲਾ ਇੱਕ ਇਨਸਾਨ ਅਤੇ ਰਾਜਨੀਤੀ ਦੇ ਵਨ-ਟਾਈਮ ਸਿਆਸਤਦਾਨ। ਸਾਲ 1935 'ਚ ਪੰਜਾਬ 'ਚ ਜਨਮੇ ਧਰਮ ਸਿੰਘ ਦਿ ਲ ਨੇ ਆਪਣੇ ਜੱਦੀ ਪਿੰਡ ਨਸਰਾਲੀ ਤੋਂ ਬੰਬਈ ਤੱਕ ਦਾ ਅਨੋਖਾ ਸਫ਼ਰ ਤੈਅ ਕੀਤਾ ਜੋ ਕਿ ਇੱਕ ਸੁਪਨਾ ਹੀ ਕਿਹਾ ਜਾ ਸਕਦਾ ਹੈ।

ਭਾਰਤ 'ਚ ਹੀ ਨਹੀਂ ਸਗੋਂ ਪਾਕਿਸਤਾਨ 'ਚ ਵੀ ਧਰਮਿੰਦਰ ਦੇ ਬਹੁਤ ਸਾਰੇ ਪ੍ਰਸ਼ੰਸਕ ਮੌਜੂਦ ਹਨ, ਜਿਨ੍ਹਾਂ 'ਚ ਪਾਕਿਸਤਾਨ ਦੇ ਸਾਬਕਾ ਵਜ਼ੀਰ-ਏ-ਆਜ਼ਮ ਨਵਾਜ਼ ਸ਼ਰੀਫ਼ ਵੀ ਸ਼ਾਮਲ ਹਨ। ਧਰਮਿੰਦਰ ਨੇ ਇੱਕ ਵਾਰ ਇਹ ਕਿੱਸਾ ਸੁਣਾਇਆ ਸੀ, "ਜਦੋਂ ਨਵਾਜ਼ ਸ਼ਰੀਫ਼ ਭਾਰਤ ਆਏ ਸਨ ਤਾਂ ਉਨ੍ਹਾਂ ਨਾਲ ਮੁਲਾਕਾਤ ਹੋਈ ਸੀ। ਨਵਾਜ਼ ਸ਼ਰੀਫ਼ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਕਾਰ ਰਾਹੀਂ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਘਰ ਸਾਹਮਣੇ ਕਾਰ ਰੁਕਵਾਈ ਗਈ। ਉਨ੍ਹਾਂ ਨੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਕਿਹਾ ਸੀ, ਵੇਖੋ, ਇਹ ਹੈ ਧਰਮਿੰਦਰ ਦਾ ਘਰ।"

ਜਿੱਥੇ ਧਰਮਿੰਦਰ ਆਪਣੀ ਅਦਾਕਾਰੀ ਨਾਲ ਲੋਕਾਂ ਦੇ ਮਨਾਂ 'ਤੇ ਛਾ ਗਏ ਉੱਥੇ ਹੀ ਉਨ੍ਹਾਂ ਦੀ ਉਦਾਰਤਾ ਨੇ ਵੀ ਲੋਕਾਂ ਦਾ ਮਨ ਮੋਹ ਲਿਆ। ਲੇਖਕ ਰਾਜੀਵ ਵਿਜੇਕਾਰ ਦੀ ਕਿਤਾਬ 'ਧਰਮਿੰਦਰ-ਨਾਟ ਜਸਟ ਏ ਹੀ-ਮੈਨ' ਅਜਿਹੇ ਕਿੱਸੇ ਕਹਾਣੀਆਂ ਨਾਲ ਭਰੀ ਪਈ ਹੈ।

ਕਿਤਾਬ 'ਚ ਮਹੇਸ਼ ਭੱਟ ਦੱਸਦੇ ਹਨ, "ਫਿਲਮ 'ਦੋ ਚੋਰ' ਦੇ ਸੈੱਟ 'ਤੇ ਮੈਂ ਬਤੌਰ ਸਹਾਇਕ ਕੰਮ ਕਰ ਰਿਹਾ



ਸੀ। ਮੇਰੇ ਵੱਲੋਂ ਢੰਗ ਨਾਲ ਨਿਰਦੇਸ਼ ਨਾ ਦੇਣ ਕਰਕੇ ਟਰੱਕ ਡਰਾਈਵਰ ਦੀ ਧਰਮਿੰਦਰ ਦੀ ਡਰੈੱਸ ਲੋਕੇਸ਼ਨ ਤੋਂ ਦੂਰ ਹੋਟਲ 'ਚ ਹੀ ਰਹਿ ਗਈ ਸੀ। ਇਹ ਸੀਨ ਹਰ ਹਾਲਤ 'ਚ ਸਵੇਰੇ-ਸਵੇਰੇ ਸ਼ੂਟ ਹੋਣਾ ਸੀ, ਨਹੀਂ ਤਾਂ ਨਿਰਮਾਤਾ ਦਾ ਬਹੁਤ ਨੁਕਸਾਨ ਹੋ ਜਾਣਾ ਸੀ। ਮੈਂ ਧਰਮਿੰਦਰ ਨੂੰ ਆਪਣੀ ਇਸ ਮੁਸ਼ਕਲ ਬਾਰੇ ਦੱਸਿਆ।" "ਧਰਮਿੰਦਰ ਨੇ ਬਹੁਤ ਹੀ ਧਿਆਨ ਨਾਲ ਅਤੇ ਪੂਰੀ ਹਮਦਰਦੀ ਨਾਲ ਮੇਰੀ ਗੱਲ ਸੁਣੀ। ਫਿਰ ਉਹ ਉੱਠੇ ਅਤੇ ਨਜ਼ਦੀਕ ਹੀ ਇੱਕ ਟਰੱਕ ਡਰਾਈਵਰ ਕੋਲ ਚਲੇ ਗਏ। ਧਰਮ ਜੀ ਨੇ ਉਸ ਡਰਾਈਵਰ ਦੇ ਪਾਏ ਹੋਏ ਗੰਦੇ ਕੱਪੜੇ ਉਧਾਰ ਲਏ। ਉਨ੍ਹਾਂ ਨੇ ਇੱਕ ਡਰੈੱਸਮੈਨ ਦੀ ਗ਼ਲਤੀ ਨੂੰ ਆਪਣੀ ਉਦਾਰਤਾ ਅਤੇ ਕਲਪਨਾ ਨਾਲ ਢੱਕ ਲਿਆ।"

ਜੇਕਰ ਗੱਲ ਬਚਪਨ ਤੋਂ ਸ਼ੁਰੂਆਤ ਕੀਤੀ ਜਾਵੇ ਤਾਂ ਉਨ੍ਹਾਂ ਦੇ ਪਿਤਾ ਲੁਧਿਆਣਾ ਦੇ ਨੇੜੇ ਪੈਂਦੇ ਸਾਨ੍ਹੇਵਾਲ ਪਿੰਡ 'ਚ ਗਣਿਤ ਦੇ ਅਧਿਆਪਕ ਵੱਜੋਂ ਸੇਵਾਵਾਂ ਨਿਭਾ ਰਹੇ ਸਨ ਅਤੇ ਉੱਥੇ ਸਿਨੇਮਾ ਆਦਿ ਵੇਖਣਾ ਤਾਂ ਬਹੁਤ ਹੀ ਦੂਰ ਦੀ ਗੱਲ ਸੀ। ਬਚਪਨ 'ਚ ਹੀ ਇੱਕ ਦਿਨ ਚੋਰੀ ਛਿਪੇ ਦਿਲੀਪ ਕੁਮਾਰ ਦੀ ਫਿਲਮ 'ਸ਼ਹੀਦ' ਵੇਖੀ ਜੋ ਕਿ ਸਾਲ 1948 'ਚ ਰਿਲੀਜ਼ ਹੋਈ ਸੀ। ਧਰਮਿੰਦਰ ਨੇ ਦੱਸਿਆ ਸੀ ਕਿ ਉਸ ਫਿਲਮ ਅਤੇ ਦਿਲੀਪ ਕੁਮਾਰ ਦੀ ਅਦਾਕਾਰੀ ਨੇ ਉਨ੍ਹਾਂ ਦੇ ਦਿਲ 'ਤੇ ਜਾਦੂ ਕਰ ਦਿੱਤਾ ਸੀ ਅਤੇ ਉਨ੍ਹਾਂ ਦੀ ਕਿਸਮਤ ਜਿਵੇਂ ਉਸੇ ਦਿਨ ਹੀ ਤੈਅ ਹੋ ਗਈ ਸੀ। ਕਿਸਮਤ ਵੀ ਸ਼ਾਇਦ ਧਰਮਿੰਦਰ ਦੇ ਪੱਖ 'ਚ ਸੀ। 1958 'ਚ ਫਿਲਮਫੇਅਰ ਮੈਗਜ਼ੀਨ ਨੇ ਇੱਕ ਟੈਲੇਂਟ ਹੰਟ ਦਾ ਐਲਾਨ ਕੀਤਾ, ਜਿਸ 'ਚ ਬਿਮਲ ਰਾਏ ਅਤੇ ਗੁਰੂ ਦੱਤ ਵਰਗੇ ਦਿੱਗਜ਼ ਸ਼ਾਮਲ ਸਨ। ਧਰਮਿੰਦਰ ਜੋ ਕਿ ਉਸ ਸਮੇਂ ਮਲੇਰਕੋਟਲਾ 'ਚ ਨੌਕਰੀ ਕਰ ਰਹੇ ਸਨ, ਉਹ ਉੱਥੇ ਜਾਨ ਮੁਹੰਮਦ ਫੋਟੋ ਸਟੂਡੀ   ਗਏ ਅਤੇ ਕਿਹਾ ਕਿ ਬਸ ਕੁਝ ਅਜਿਹਾ ਕਰੋ ਕਿ ਦਿਲੀਪ ਕੁਮਾਰ ਬਣਾ ਦਿ   ਅਤੇ ਸਿਲੈਕਸ਼ਨ ਹੋ ਜਾਵੇ ਅਤੇ ਹੋਇਆ ਵੀ ਕੁਝ ਅਜਿਹਾ ਹੀ ਅਤੇ ਪਿੰਡ ਦਾ ਮੁੰਡਾ ਬੰਬੇ ਜਾ ਪਹੁੰਚਿਆ। ਤੇ ਇੱਥੋਂ ਹੀ ਸ਼ੁਰੂ ਹੋਈ ਅਜਿਹੀ ਫਿਲਮ ਕਹਾਣੀ ਜਿਸ 'ਚ ਇਮੋਸ਼ਨ ਵੀ ਸੀ ਅਤੇ ਡਰਾਮਾ ਤੇ ਟਰੈਜਡੀ ਵੀ। ਬਿਮਲ ਰਾਏ ਨੇ ਖ਼ੁਦ ਧਰਮਿੰਦਰ, ਜਿਨ੍ਹਾਂ ਨੂੰ ਉਹ ਧਰਮਿੰਦਰੂ ਕਹਿ ਕੇ ਬੁਲਾਉਂਦੇ ਸਨ, ਨੂੰ ਫਿਲਮ ਬੰਦਿਨੀ 'ਚ ਪਹਿਲਾ ਰੋਲ ਦਿੱਤਾ ਸੀ। ਹਾਲਾਂਕਿ ਫਿਲਮ ਬੰਦਿਨੀ ਬਣਨ 'ਚ ਕੁਝ ਅਰਸਾ ਲੱਗ ਗਿਆ ਅਤੇ ਇਸ ਦੌਰਾਨ ਸੰਘਰਸ਼ ਦੇ ਦਿਨਾਂ 'ਚ ਅਰਜੁਨ ਹਿੰਗੋਰਾਨੀ ਨੇ ਧਰਮਿੰਦਰ ਨੂੰ ਆਪਣੀ ਫਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਦੇ ਲਈ ਸਾਈਨ ਕੀਤਾ। 1966 'ਚ ਆਈ ਫਿਲਮ 'ਫੂਲ ਔਰ ਪੱਥਰ' ਨੇ ਧਰਮਿੰਦਰ ਦੀ ਇੱਕ ਸੋਲੋ ਹੀਰੋ ਵੱਜੋਂ ਪਛਾਣ ਕਾਇਮ ਕੀਤੀ। ਫਿਲਮ ਦਾ ਇੱਕ ਸੀਨ ਹੈ ਜਦੋਂ ਗੁੰਡਾ, ਮਵਾਲੀ ਤੇ ਸ਼ਰਾਬੀ ਦੀ ਭੂਮਿਕਾ ਨਿਭਾ ਰਹੇ ਧਰਮਿੰਦਰ ਇੱਕ ਭਿਖਾਰੀ ਅਤੇ ਵਿਧਵਾ ਔਰਤ ਨੂੰ ਆਪਣੀ ਕਮੀਜ਼ ਲਾਹ ਕੇ ਪਹਿਨਾ ਦਿੰਦੇ ਹਨ। ਉਸ ਸਮੇਂ ਕਿਸੇ ਵੀ ਹੀਰੋ ਦੀ ਅਜਿਹੀ ਬਾਡੀ ਨਹੀਂ ਸੀ। ਇਸ ਫਿਲਮ 'ਚ ਹੀ-ਮੈਨ ਦੀ ਪਹਿਲੀ ਝਲਕ ਵੇਖਣ ਨੂੰ ਮਿਲੀ ਅਤੇ ਧਰਮਿੰਦਰ ਨੂੰ ਫਿਲਮਫੇਅਰ 'ਚ ਪਹਿਲੀ ਨਾਮਜ਼ਦਗੀ। 60 ਦੇ ਦਹਾਕੇ ਦੇ ਅੰਤ ਤੱਕ ਆਉਂਦੇ-ਆਉਂਦੇ ਧਰਮਿੰਦਰ ਸਫ਼ਲਤਾ ਦੀਆਂ ਪੌੜੀਆਂ ਚੜ੍ਹਨ ਲੱਗੇ ਸਨ ਪਰ ਉਨ੍ਹਾਂ ਦੇ ਅੱਗੇ ਸਖ਼ਤ ਮੁਕਾਬਲਾ ਸੀ।

ਜਦੋਂ 60 ਦੇ ਦਹਾਕੇ 'ਚ ਉਹ ਆਪਣੇ ਅਦਾਕਾਰੀ ਦੇ ਕਰੀਅਰ ਦੀ ਸ਼ੁਰੂਆਤ ਕਰ ਰਹੇ ਸਨ, ਤਾਂ ਉਸ ਸਮੇਂ ਸ਼ੰਮੀ ਕਪੂਰ ਦਾ ਪੂਰਾ ਜਲਵਾ ਸੀ। 1970 ਦੇ ਦਹਾਕੇ 'ਚ ਰਾਜੇਸ਼ ਖੰਨਾ ਨਾਮ ਦਾ ਤੂਫਾਨ ਆਇਆ ਅਤੇ ਜਦੋਂ ਉਹ ਬੁਲੰਦੀਆਂ ਨੂੰ ਛੂਹ ਰਹੇ ਸਨ ਤਾਂ ਅਮਿਤਾਭ ਬੱਚਨ ਨਾਮ ਦੀ ਹਨੇਰੀ ਆਈ। ਪਰ ਇਸ ਸਭ ਦੇ ਵਿਚਾਲੇ ਧਰਮਿੰਦਰ ਸ਼ਾਇਦ ਇਕਲੌਤੇ ਅਦਾਕਾਰ ਹੋਣਗੇ ਜੋ ਕਿ 60 ਦੇ ਦਹਾਕੇ ਤੋਂ 80 ਦੇ ਦਹਾਕੇ ਤੱਕ ਇੱਕ ਹਿੱਟ ਮਸ਼ੀਨ ਦੀ ਤਰ੍ਹਾਂ ਟਿਕੇ ਰਹੇ। ਜੇਕਰ ਧਰਮਿੰਦਰ ਦੇ ਕਰੀਅਰ ਦੀ ਗੱਲ ਕੀਤੀ ਜਾਵੇ ਤਾਂ ਮੇਰੀਆ ਮਨਪਸੰਦ ਫਿਲਮਾਂ 'ਚ ਅਨੁਪਮਾ ਅਤੇ ਸਤਿਆਕਾਮ ਸਨ, ਜਿਨ੍ਹਾਂ ਨੂੰ ਰਿਸ਼ੀਕੇਸ਼ ਮੁਖਰਜੀ ਨੇ ਬਣਾਇਆ ਸੀ। 1969 'ਚ ਰਿਲੀਜ਼ ਹੋਈ 'ਸਤਿਆਕਾਮ' 'ਚ ਸਤਿਆਪ੍ਰਿਆ (ਧਰਮਿੰਦਰ) ਹਾਲ ਹੀ 'ਚ ਆਜ਼ਾਦ ਹੋਏ ਭਾਰਤ 'ਚ ਸੱਚ ਨੂੰ ਸਭ ਤੋਂ ਉੱਚਾ ਮੰਨਣ ਵਾਲਾ ਆਦਰਸ਼ਵਾਦੀ ਹੈ, ਜੋ ਕਿ ਆਪਣਾ ਸਭ ਕੁਝ ਜੋਖ਼ਮ 'ਚ ਪਾਉਣ ਦੀ ਹੱਦ ਤੱਕ ਜਾ ਸਕਦਾ ਹੈ।

ਇਹ ਸੋਚ ਕੇ ਵੀ ਹੈਰਾਨੀ ਹੁੰਦੀ ਹੈ ਕਿ ਇੱਕ ਕਿਰਦਾਰ ਇਕੋ ਸਮੇਂ ਆਪਣੇ ਮਨ 'ਚ ਇੰਨੀਆਂ ਭਾਵਨਾਵਾਂ ਕਿਵੇਂ ਪੈਦਾ ਕਰ ਸਕਦਾ ਹੈ-ਇੰਨੀ ਨਿਰਾਸ਼ਾ, ਤਣਾਅ, ਚਿੜਚਿੜਾਪਨ, ਪਿਆਰ, ਡਰ, ਹਮਦਰਦੀ ਅਤੇ ਮਾਣ ਵੀ। ਰਿਸ਼ੀਕੇਸ਼ ਮੁਖਰਜੀ ਵੀ ਇਸ ਫਿਲਮ ਨੂੰ ਆਪਣੀ ਅਤੇ ਧਰਮਿੰਦਰ ਦੀ ਸਭ ਤੋਂ ਬਿਹਤਰੀਨ ਫਿਲਮ ਮੰਨਦੇ ਸਨ। ਉੱਥੇ ਹੀ ਫਿਲਮ ਅਨੁਪਮਾ 'ਚ ਧਰਮਿੰਦਰ ਦਿਲ ਨੂੰ ਛੂਹ ਲੈਣ ਵਾਲੇ ਇੱਕ ਅਜਿਹੇ ਲੇਖਕ ਦੀ ਭੂਮਿਕਾ ਅਦਾ ਕਰਦੇ ਹਨ, ਜੋ ਇੱਕ ਅਜਿਹੀ ਕੁੜੀ ਦੇ ਦਿਲ ਤੱਕ ਪਹੁੰਚ ਨੂੰ ਸੰਭਵ ਕਰ ਲੈਂਦਾ ਹੈ, ਜਿਸ ਨੇ ਸਾਰਿਆਂ ਲਈ ਆਪਣੇ ਦਿਲ ਦਾ ਰਾਹ ਬੰਦ ਕਰ ਰੱਖਿਆ ਹੈ। ਜਦੋਂ ਉਹ ਲੇਖਕ ਗਾਉਂਦਾ ਹੈ, "ਜਾ ਦਿਲ ਕੀ ਸੁਣੋ ਦੁਨੀਆਵਾਲੋ ਜਾਂ ਮੁਝੇ ਅਭੀ ਚੁੱਪ ਰਹਿਣੇ ਦੋ...' ਤਾਂ ਉਹ ਸੱਚਮੁੱਚ ਤੁਹਾਨੂੰ ਦਿਲ ਦੀਆਂ ਡੂੰਘਾਈਆਂ 'ਚ ਲੈ ਜਾਂਦਾ ਹੈ। ਜਾਂ ਫਿਰ ਉਹ 'ਖੁਮਾਰੀ ਮੇਂ ਛਲਕਾਏ ਜਾਮ ਆਈਏ ਆਪਕੀ ਆਂਖੋਂ ਨੇ ਨਾਮ' ਗਾਉਂਦਾ ਹੈ।

## ਧਰਮਿੰਦਰ ਅਤੇ ਹੀਮੈਨ

ਧਰਮਿੰਦਰ ਲਈ ਇਹ 'ਹਕੀਕਤ', 'ਦਿਲ ਨੇ ਫਿਰ ਯਾਦ ਕੀਆ', 'ਮਮਤਾ', 'ਮੇਰੇ ਹਮਦਮ ਮੇਰੇ ਦੋਸਤ' ਵਰਗੀਆਂ ਫਿਲਮਾਂ ਦਾ ਦੌਰ ਸੀ, ਜਿਸ 'ਚ ਉਨ੍ਹਾਂ ਨੂੰ ਬਿਮਲ ਰਾਏ, ਰਿਸ਼ੀਕੇਸ਼ ਮੁਖਰਜੀ ਅਤੇ ਚੇਤਨ ਆਨੰਦ ਵਰਗੇ ਨਿਰਦੇਸ਼ਕਾਂ ਨੇ ਤਰਾਛਿਆ ਸੀ। ਫਿਰ ਆਇਆ 70 ਦਾ ਦਹਾਕਾ, ਜਿਸ 'ਚ ਧਰਮਿੰਦਰ ਦਾ ਪਹਿਲਾਂ ਨਾਲੋਂ ਵੱਖਰਾ ਅੰਦਾਜ਼ ਵੇਖਣ ਨੂੰ ਮਿਲਿਆ। ਇਸ 'ਚ ਐਕਸ਼ਨ, ਰੋਮਾਂਸ, ਕਾਮੇਡੀ ਅਤੇ ਕਮਰਸ਼ੀਅਲ ਸਿਨੇਮਾ ਸਭ ਕੁਝ ਹੀ ਸੀ। ਜੀਵਨ ਮ੍ਰਿਤੂਊ, ਸੀਤਾ ਔਰ ਗੀਤਾ, ਚਰਸ, ਬਲੈਕਮੇਲ, ਚੁਪਕੇ ਚੁਪਕੇ ਭਾਵ ਲਗਾਤਾਰ ਹਿੱਟ ਤੋਂ ਬਾਅਦ ਹਿੱਟ। 1975 'ਚ ਜਦੋਂ 'ਸ਼ੋਲੇ' ਰਿਲੀਜ਼ ਹੋਈ ਉਦੋਂ ਤੱਕ ਵੀਰੂ ਦੀ ਪ੍ਰਸਿੱਧੀ ਤਾਂ ਆਪਣੇ ਸਿਖ਼ਰਾਂ 'ਤੇ ਸੀ।

ਭਾਵੇਂ ਟੰਕੀ 'ਤੇ ਚੜ੍ਹਨ ਵਾਲਾ ਸੀਨ ਹੋਵੇ- "ਵੈਨ ਆਈ ਡੈੱਡ, ਪੁਲਿਸ ਕਮਿੰਗ, ਪੁਲਿਸ ਕਮਿੰਗ, ਬੁੜੀਆ ਗੋਇੰਗ ਜੇਲ੍ਹ, ਇਨ ਜੇਲ੍ਹ ਬੁੜੀਆ ਚੱਕੀ ਪੀਸਿੰਗ ਐਂਡ ਪੀਸਿੰਗ ਐਂਡ ਪੀਸਿੰਗ' ਜਾਂ ਫਿਰ ਟਾਂਗੇਵਾਲੀ ਬਸੰਤੀ ਨਾਲ ਟਾਂਗੇ 'ਚ ਰੋਮਾਂਸ ਕਰਦਾ ਵੀਰੂ ਹੋਵੇ-ਇਸ ਫਿਲਮ ਨੇ ਧਰਮਿੰਦਰ ਦੇ ਸਟਾਰਡਮ ਨੂੰ ਜਿਵੇਂ ਚਾਰ ਚੰਨ ਹੀ ਲਗਾ ਦਿੱਤੇ। ਆਪਣੇ ਸਮੇਂ 'ਚ ਧਰਮਿੰਦਰ ਨੂੰ ਦੁਨੀਆ ਦੇ ਸਭ ਤੋਂ ਸੋਹਣੇ ਮਰਦਾਂ ਦੀ ਸੂਚੀ 'ਚ ਸ਼ਾਮਲ ਕੀਤਾ ਗਿਆ ਸੀ। ਧਰਮਿੰਦਰ ਦੇ ਆਦਰਸ਼ ਰਹੇ ਦਿਲੀਪ ਕੁਮਾਰ ਨੇ ਇੱਕ ਸਮਾਗਮ 'ਚ ਕਿਹਾ ਸੀ ਕਿ ਜਦੋਂ ਉਹ ਖ਼ੁਦਾ ਨੂੰ ਮਿਲਣਗੇ ਤਾਂ ਉਹ ਜ਼ਰੂਰ ਪੁੱਛਣਗੇ ਕਿ ਉਨ੍ਹਾਂ ਨੂੰ ਧਰਮਿੰਦਰ ਜਿੰਨਾ ਸੋਹਣਾ ਕਿਉਂ ਨਹੀਂ ਬਣਾਇਆ। ਇਸ ਬਾਰੇ ਧਰਮਿੰਦਰ ਨੇ ਦੱਸਿਆ ਸੀ, "ਸੋਚਦਾ ਹਾਂ ਕਿ ਜੇਕਰ ਲੋਕ ਕਹਿੰਦੇ ਹਨ ਤਾਂ ਸ਼ਾਇਦ ਸੱਚ ਹੀ ਹੋਵੇਗਾ। ਹੀਮੈਨ ਕਹਿੰਦੇ ਹਨ, ਗ੍ਰੀਕ ਗੌਡ ਤੱਕ ਕਹਿੰਦੇ ਹਨ। ਮੈਂ ਤਾਂ ਆਪਣੀਆਂ ਖ਼ੂਬੀਆਂ 'ਚੋਂ ਵੀ ਕਮੀਆਂ ਲੱਭਦਾ ਰਹਿੰਦਾ ਹਾਂ। ਸੋਚਦਾ ਹਾਂ ਕਿ ਕਿਤੇ ਆਪਣੇ ਪ੍ਰਸ਼ੰਸਕਾਂ ਵੱਲੋਂ ਦਿੱਤੇ ਪਿਆਰ, ਮਾਣ-ਸਤਿਕਾਰ ਨੂੰ ਗਵਾ ਨਾ ਬੈਠਾਂ।" ਹਾਂ, ਡਾਂਸ ਦੇ ਮਾਮਲੇ 'ਚ ਧਰਮਿੰਦਰ ਦਾ ਹੱਥ ਬਹੁਤ ਤੰਗ ਮੰਨਿਆ ਜਾਂਦਾ ਸੀ, ਹਾਲਾਂਕਿ ਉਨ੍ਹਾਂ ਦੇ 'ਜੱਟ ਪਗਲਾ ਯਮਲਾ ਦੀਵਾਨਾ' ਵਰਗੇ ਗਾਣੇ ਬਹੁਤ ਮਸ਼ਹੂਰ ਹੋਏ। ਇਸ ਗਾਣੇ ਬਾਰੇ ਧਰਮਿੰਦਰ ਨੇ ਦੱਸਿਆ ਸੀ, "ਫਿਲਮ 'ਚ ਮੈਂ ਪਬਲਿਕ ਵਿੱਚ ਨੱਚਣ ਤੋਂ ਮਨਾ ਕਰ ਦਿੱਤਾ ਸੀ। ਇਸ ਲਈ ਮੇਰੇ ਅਤੇ ਰੇਖਾ ਲਈ ਕਰੇਨ ਲਗਾਈ ਗਈ। ਫਿਰ ਮੈਂ ਇੰਨਾ ਖੁੱਲ੍ਹਿਆ ਕਿ ਮੇਰੀ ਸਾਰੀ ਸ਼ਰਮ ਖ਼ਤਮ ਹੋ ਗਈ। ਤੁਹਾਡਾ ਧਰਮ ਬੇਸ਼ਰਮ ਹੋ ਗਿਆ।"

## ਹੇਮਾ ਅਤੇ ਧਰਮਿੰਦਰ ਦੀ ਪ੍ਰੇਮ ਕਹਾਣੀ

ਇਸ ਸਮੇਂ ਦੌਰਾਨ ਹੀ ਹੇਮਾ ਮਾਲਿਨੀ ਨਾਲ ਉਨ੍ਹਾਂ ਦੇ ਇਸ਼ਕ-ਮੁਸ਼ਕ ਦਾ ਆਗਾਜ਼ ਹੋਇਆ। ਉਸ ਸਮੇਂ ਧਰਮਿੰਦਰ ਦਾ ਪ੍ਰਕਾਸ਼ ਕੌਰ ਨਾਲ ਵਿਆਹ ਹੋ ਗਿਆ ਸੀ। ਜਦੋਂ ਧਰਮਿੰਦਰ ਨੇ 1980 'ਚ ਡ੍ਰੀਮ ਗਰਲ ਹੇਮਾ ਨਾਲ ਵਿਆਹ ਕੀਤਾ ਤਾਂ ਇਸ 'ਤੇ ਬਹੁਤ ਵਿਵਾਦ ਹੋਏ। ਹੇਮਾ ਮਾਲਿਨੀ ਦੀ ਜੀਵਨੀ 'ਹੇਮਾ ਮਾਲਿਨੀ: ਬਿ  ਂਡ ਦਿ ਡ੍ਰੀਮ ਗਰਲ' 'ਚ ਲੇਖਕ ਰਾਮ ਕਮਲ ਮੁਖਰਜੀ ਲਿਖਦੇ ਹਨ, "1974 'ਚ ਜਿਤੇਂਦਰ ਅਤੇ ਹੇਮਾ ਮਾਲਿਨੀ ਦੇ ਮਾਪਿਆਂ ਨੇ ਦੋਵਾਂ ਦੇ ਵਿਆਹ ਦਾ ਫ਼ੈਸਲਾ ਲਿਆ ਸੀ... ਹਾਲਾਂਕਿ ਉਦੋਂ ਤੱਕ ਧਰਮਿੰਦਰ ਹੇਮਾ ਮਾਲਿਨੀ ਦੀ ਜ਼ਿੰਦਗੀ 'ਚ ਆ ਚੁੱਕੇ ਸਨ।" "ਧਰਮਿੰਦਰ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਸਿੱਧੇ ਮਦਰਾਸ ਪਹੁੰਚ ਗਏ, ਜਿੱਥੇ ਵਿਆਹ ਹੋਣਾ ਤੈਅ ਹੋਇਆ ਸੀ। ਧਰਮਿੰਦਰ ਨੇ ਹੇਮਾ ਨਾਲ ਇੱਕਲੇ 'ਚ ਗੱਲਬਾਤ ਕੀਤੀ ਅਤੇ ਵਿਆਹ ਨਹੀਂ ਹੋਇਆ।" ਬਾਅਦ 'ਚ ਧਰਮਿੰਦਰ ਨਿਰਮਾਤਾ ਵੀ ਬਣੇ ਅਤੇ ਉਨ੍ਹਾਂ ਨੇ ਆਪਣੇ ਪੁੱਤਰ ਸੰਨੀ ਦਿ ਲ ਅਤੇ ਬੌਬੀ ਦਿ ਲ ਨੂੰ 'ਵਿਜੇਤਾ' ਫਿਲਮਜ਼ ਦੇ ਬੈਨਰ ਹੇਠ ਲਾਂਚ ਕੀਤਾ। ਹਾਲਾਂਕਿ ਉਹ ਆਪਣੀਆਂ ਧੀਆਂ ਈਸ਼ਾ ਅਤੇ ਅਹਾਨਾ ਦੇ ਫਿਲਮਾਂ 'ਚ ਆਉਣ ਦੇ ਬਹੁਤੇ ਹੱਕ 'ਚ ਨਹੀਂ ਸਨ।

ਇੱਕ ਸਮਾਂ ਸੀ ਜਦੋਂ ਧਰਮਿੰਦਰ ਦਾ ਆਪਣੇ ਕਰੀਅਰ 'ਚ ਬੋਲਬਾਲਾ ਸੀ, ਪਰ ਸ਼ਰਾਬ ਦੀ ਭੈੜੀ ਆਦਤ ਨੇ ਉਨ੍ਹਾਂ ਨੂੰ ਸਿਖ਼ਰਾਂ ਤੋਂ ਹੇਠਾਂ ਸੁੱਟ ਦਿੱਤਾ। ਖ਼ੁਦ ਧਰਮਿੰਦਰ ਵੀ ਇਸ ਗੱਲ ਨੂੰ ਮੰਨਦੇ ਹਨ। ਸਤਿਆਕਾਮ ਅਤੇ ਚੁਪਕੇ ਚੁਪਕੇ ਵਰਗੀਆਂ ਫਿਲਮਾਂ ਦੇਣ ਵਾਲੇ ਧਰਮਿੰਦਰ ਨੇ 1990 ਦੇ ਦਹਾਕੇ ਤੋਂ ਬਾਅਦ ਪਾਪੀ ਦੇਵਤਾ, ਵੀਰੂ ਦਾਦਾ, ਡਾਕੂ ਭੈਰਵ ਸਿੰਘ, ਮਹਾ ਸ਼ਕਤੀਸ਼ਾਲੀ ਵਰਗੀਆਂ ਫਿਲਮਾਂ 'ਚ ਜਿਸ ਤਰ੍ਹਾਂ ਦੀ ਭੂਮਿਕਾ ਨਿਭਾਈ ਜਾਂ ਨਿਭਾਉਣੀ ਪਈ, ਇਹ ਸਭ ਦੇਖ ਕੇ ਉਨ੍ਹਾਂ ਦੇ ਪ੍ਰਸ਼ੰਸਕ ਬਹੁਤ ਦੁਖੀ ਹੋਏ। ਲੇਖਕ ਰਾਜੀਵ ਵਿਜੇਕਰ ਆਪਣੀ ਕਿਤਾਬ ਧਰਮਿੰਦਰ- ਨਾਟ ਜਸਟ ਏ ਹੀ ਮੈਨ 'ਚ ਲਿਖਦੇ ਹਨ, "1990 ਤੋਂ 2003 ਤੱਕ ਦੇ ਸਮੇਂ ਨੂੰ ਧਰਮਿੰਦਰ ਦੇ ਕਰੀਅਰ 'ਚ ਰੇਟ੍ਰੋਗ੍ਰੇਡ ਦੌਰ ਕਹਿ ਸਕਦੇ ਹਾਂ। 1999 'ਚ ਕਾਂਤੀ ਸ਼ਾਹ ਦੀ ਰਿਲੀਜ਼ ਹੋਈ ਫਿਲਮ ਮੁੰਨੀਬਾਈ ਨਾਲ ਉਹ ਪੂਰੀ ਤਰ੍ਹਾਂ ਨਾਲ ਬੀ-ਗ੍ਰੇਡ ਫਿਲਮਾਂ 'ਚ ਸ਼ਾਮਲ ਹੋ ਗਏ ਸਨ।"

ਇਸ ਕਿਤਾਬ 'ਚ ਰਾਜਕੁਮਾਰ ਸੰਤੋਸ਼ੀ ਦੱਸਦੇ ਹਨ, "ਧਰਮ ਜੀ ਦੇ ਇੱਕ ਪ੍ਰਸ਼ੰਸਕ ਵਜੋਂ ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਦੀਆਂ ਜੋ ਵੀ ਮਜਬੂਰੀਆਂ ਰਹੀਆਂ ਹੋਣ, ਪਰ ਉਨ੍ਹਾਂ ਨੇ ਆਪਣੇ ਕਰਿਸ਼ਮੇ ਨੂੰ ਫਿੱਕਾ ਕੀਤਾ, ਸੀ-ਗ੍ਰੇਡ ਫਿਲਮਾਂ ਕਰਕੇ ਆਪਣੇ ਪ੍ਰਸ਼ੰਸਕਾ ਦਾ ਦਿਲ ਤੋੜਿਆ। 25 ਸਾਲਾਂ 'ਚ ਉਨ੍ਹਾਂ ਨੇ ਜੋ ਵੀ ਸ਼ੋਹਰਤ ਕਮਾਈ ਸੀ, ਉਸ ਨੂੰ ਕੁਝ ਹੀ ਪਲਾਂ 'ਚ ਤਬਾਹ ਕਰ ਦਿੱਤਾ। ਇਹ ਨਿਰਾਸ਼ ਕਰਨ ਵਾਲੀ ਗੱਲ ਹੈ।" ਉਮਰ ਦੇ ਨਾਲ-ਨਾਲ ਜਿਸ ਤਰ੍ਹਾਂ ਧਰਮਿੰਦਰ ਫਿਲਮਾਂ 'ਚ ਹੋਰ ਨਿਖਰ ਕੇ ਆ ਸਕਦੇ ਸੀ, ਪਰ ਉਨ੍ਹਾਂ ਦੀ ਵਾਪਸੀ ਨਾ ਹੋ ਪਾਈ। ਇੱਕ ਵਾਰ ਲੰਡਨ 'ਚ ਦਿੱਤੀ ਇੱਕ ਇੰਟਰਵਿਊ 'ਚ ਧਰਮਿੰਦਰ ਨੇ ਮੈਨੂੰ ਕਿਹਾ ਸੀ, "ਐਕਟਿੰਗ ਮੇਰੇ ਲਈ ਮਹਿਬੂਬਾ ਹੈ, ਮੈਨੂੰ ਇਸ ਨਾਲ ਮੁਹੱਬਤ ਹੈ। ਜਿਵੇਂ ਆਸ਼ਿਕ ਅਤੇ ਮਾਸ਼ੂਕ 'ਚ ਲੜਾਈ ਹੋ ਜਾਂਦੀ ਹੈ...। ਕਦੇ ਇਹ ਰੁੱਸ ਜਾਂਦੀ ਹੈ ਅਤੇ ਮੈਂ ਮਨਾ ਲੈਂਦਾ ਹਾਂ, ਕਦੇ ਮੈਂ ਰੁੱਸ ਜਾਂਦਾ ਹਾਂ ਤਾਂ ਇਹ ਮੈਨੂੰ ਮਨਾ ਲੈਂਦੀ ਹੈ। ਪਰ ਮੈਂ ਇਸ ਨੂੰ ਕਿਸੇ ਵੀ ਸੂਰਤ 'ਚ ਛੱਡਿਆ ਨਹੀਂ ਹੈ।"

ਇਹ ਸੱਚ ਹੈ ਕਿ ਧਰਮਿੰਦਰ ਨੇ ਕਿਸੇ ਵੀ ਹਾਲਾਤ 'ਚ ਅਦਾਕਾਰੀ ਨਹੀਂ ਛੱਡੀ, ਕਦੇ-ਕਦੇ ਉਹ ਆਪਣੀ ਪ੍ਰੇਮਿਕਾ ਨੂੰ ਮਿਲਣ ਲਈ ਆ ਜਾਂਦੇ ਹਨ ਅਤੇ ਜੇਕਰ ਭੂਮਿਕਾ ਚੰਗੀ ਹੋਵੇ ਤਾਂ ਉਨ੍ਹਾਂ ਦਾ ਉਹੀ ਪੁਰਾਣਾ ਰੂਪ ਵੀ ਵੇਖਣ ਨੂੰ ਮਿਲ ਜਾਂਦਾ ਹੈ। ਫਿਲਮ ਜੌਨੀ ਗ਼ੱਦਾਰ 'ਚ ਜਦੋਂ ਉਨ੍ਹਾਂ ਦੇ ਗੈਂਗ ਦੇ ਮੈਂਬਰ ਬਜ਼ੁਰਗ ਧਰਮਿੰਦਰ ਦੀ ਯੋਗਤਾ 'ਤੇ ਸ਼ੱਕ ਕਰਦੇ ਹਨ ਤਾਂ ਉਹ ਕਹਿੰਦੇ ਹਨ, "ਇੱਟਸ ਨਾਟ ਦਿ ਐਜ, ਇੱਟਸ ਦ ਮਾਈਲੇਜ" ਭਾਵ ਕਿ ਉਮਰ 'ਤੇ ਨਾ ਜਾ   ਸਗੋਂ ਯੋਗਤਾ 'ਤੇ ਧਿਆਨ ਦਿ  ।" "ਜਾਂ 'ਲਾਈਫ ਇਨ ਅ ਮੈਟਰੋ' 'ਚ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਆਪਣੀ ਪ੍ਰੇਮਿਕਾ ਨਫ਼ਿਸਾ ਅਲੀ ਨਾਲ ਕੁਝ ਪਲ ਬਤੀਤ ਕਰਦਾ ਮਿਸਟਰ ਅਮੋਲ, ਜਾਂ ਫਿਰ ਰਾਣੀ ਅਤੇ ਰੌਕੀ ਦੀ ਪ੍ਰੇਮ ਕਹਾਣੀ ਦਾ ਉਹ ਪ੍ਰੇਮੀ ਜੋ ਆਪਣੀ ਯਾਦਾਸ਼ਤ ਗੁਆ ਬੈਠਾ ਹੈ।" ਭਾਵੇਂ ਕੁਝ ਸਮੇਂ ਲਈ ਹੀ ਸਹੀ ਪਰ ਉਹ ਪੁਰਾਣੀ ਨਫ਼ਾਸਤ (ਸ਼ਾਨ) ਮੁੜ ਵੇਖਣ ਨੂੰ ਮਿਲੀ। ਜਿੱਥੇ ਧਰਮਿੰਦਰ ਨੇ ਫਿਲਮਾਂ 'ਚ ਆਪਣਾ ਦਬਦਬਾ ਕਾਇਮ ਕੀਤਾ ਉੱਥੇ ਹੀ ਉਨ੍ਹਾਂ ਨੇ ਸਿਆਸਤ 'ਚ ਵੀ ਆਪਣੀ ਕਿਸਮਤ ਅਜ਼ਮਾਈ। ਅਟਲ ਬਿਹਾਰੀ ਵਾਜਪਾਈ ਦੇ ਕਹਿਣ 'ਤੇ ਉਨ੍ਹਾਂ ਨੇ ਬੀਕਾਨੇਰ ਤੋਂ ਲੋਕ ਸਭਾ ਚੋਣਾਂ 'ਚ ਹਿੱਸਾ ਲਿਆ ਅਤੇ ਜਿੱਤ ਵੀ ਦਰਜ ਕੀਤੀ, ਪਰ ਸਿਆਸਤ 'ਚ ਸ਼ਮੂਲੀਅਤ ਨੂੰ ਉਹ ਆਪਣੀ ਸਭ ਤੋਂ ਵੱਡੀ ਭੁੱਲ ਮੰਨਦੇ ਸਨ। ਅਦਾਕਾਰੀ ਤੋਂ ਇਲਾਵਾ ਧਰਮਿੰਦਰ ਨੂੰ ਉਰਦੂ ਅਤੇ ਸ਼ਾਇਰੀ ਨਾਲ ਬਹੁਤ ਲਗਾਵ ਰਿਹਾ।

ਜਦੋਂ ਮੈਂ ਇੱਕ ਵਾਰ ਉਨ੍ਹਾਂ ਨੂੰ ਉਰਦੂ ਭਾਸ਼ਾ ਪ੍ਰਤੀ ਉਨ੍ਹਾਂ ਦੇ ਪਿਆਰ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕੁਝ ਇਸ ਤਰ੍ਹਾਂ ਜਵਾਬ ਦਿੱਤਾ, "ਅਹਿਸਾਨਮੰਦ ਹੂੰ ਜ਼ਬਾਨੇ ਉਰਦੂ ਤੇਰਾ ਤੇਰੀ ਜ਼ਬਾਂ ਮੇਂ ਬਿਆਨ-ਏ-ਅਹਿਸਾਸ-ਏ-ਦਿਲ ਆ ਗਿਆ।" ਧਰਮਿੰਦਰ ਕੁਝ ਅਜਿਹੀ ਸਖਸ਼ੀਅਤ ਦੇ ਮਾਲਕ ਸਨ ਜੋ ਜਜ਼ਬਾਤੀ, ਰੋਮਾਂਟਿਕ ਅਤੇ ਇੱਕ ਸ਼ਾਇਰ ਦਾ ਦਿਲ ਰੱਖਣ ਵਾਲੇ ਇੱਕ ਐਕਸ਼ਨ ਸਟਾਰ ਸਨ। ਸ਼ੋਹਰਤ ਅਤੇ ਸਟਾਰਡਮ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਸੀ, "ਹੋਤੀ ਹੈ ਤਾਰੀਫ਼ ਅਹਿਮੀਅਤ ਕੀ, ਇੰਸਾਨੀਅਤ ਕੀ ਮਗਰ ਕਦਰ ਹੋਤੀ ਹੈ, ਤਰਜੀਹ ਨਾ ਦੇ ਅਹੁਦੇ ਕੋ ਇੰਸਾਨੀਅਤ ਪੇ, ਬੰਦੇ ਪਰ ਖੁਦਾ ਕੀ ਤਬ ਨਜ਼ਰ ਹੋਤੀ ਹੈ...।"

ਉਨ੍ਹਾਂ ਦੀ ਅਦਾਕਾਰੀ ਸਾਦਗੀ ਅਤੇ ਕੋਮਲਤਾ ਭਰਭੂਰ ਸੀ, ਜੋ ਕਿ ਕਈ ਵਾਰ ਪਰਦੇ 'ਤੇ ਸਾਫ਼ ਵਿਖਾਈ ਦਿੱਤੀ ਅਤੇ ਕਈ ਵਾਰ ਹੀ-ਮੈਨ ਦੇ ਪਰਛਾਵੇਂ ਹੇਠ ਛੁਪੀ ਹੀ ਰਹਿ ਗਈ, ਪਰ ਧਰਮਿੰਦਰ ਦੀ ਭਾਲ ਕਦੇ ਵੀ ਖ਼ਤਮ ਨਹੀਂ ਹੋਈ।

ਉਨ੍ਹਾਂ ਦੀ ਹੀ ਫਿਲਮ ਦਾ ਡਾਇਲੌਗ ਹੈ- "ਕੁਛ ਪਾਨੇ ਕੀ ਚਾਹ, ਕੁਛ ਔਰ ਬਹਿਤਰ ਕੀ ਤਲਾਸ਼... ਇਸੀ ਚੱਕਰ ਮੇਂ ਇਨਸਾਨ ਸਭ ਕੁਛ ਖੋ ਬੈਠਤਾ ਹੈ ਜੋ ਉਸਕੇ ਪਾਸ ਹੋਤਾ ਹੈ। ਤਲਾਸ਼ ਕਭੀ ਖ਼ਤਮ ਨਹੀਂ ਹੋਤੀ। ਵਕਤ ਖ਼ਤਮ ਹੋ ਜਾਤਾ ਹੈ...।" ਇਹ ਵੀ ਇੱਕ ਸੰਯੋਗ ਹੀ ਹੈ ਕਿ ਧਰਮਿੰਦਰ ਦੇ ਪ੍ਰਸ਼ੰਸਕ ਉਨ੍ਹਾਂ ਨੂੰ ਆਖ਼ਰੀ ਵਾਰ ਸਕ੍ਰੀਨ 'ਤੇ ਵੇਖ ਪਾਉਣਗੇ, ਜਦੋਂ ਇਸੇ ਮਹੀਨੇ ਉਨ੍ਹਾਂ ਦੀ ਫਿਲਮ 'ਇਕੀਸ' ਰਿਲੀਜ਼ ਹੋਵੇਗੀ।

# ਯੂਨੀਵਰਸਿਟੀ ਆਫ ਐਡਿਨਬਰਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 18ਵੀਂ ਸਦੀ ਦਾ ਸਰੂਪ ਮਿਲਿਆ

ਯੂਨੀਵਰਸਿਟੀ ਆਫ ਐਡਿਨਬਰਾ ਦੇ ਪੁਰਾਲੇਖਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ ਮਿਲੇ ਹਨ। ਇਸ ਤੋਂ ਬਾਅਦ, ਸਕਾਟਲੈਂਡ ਵਿੱਚ ਸਿੱਖ ਭਾਈਚਾਰੇ ਦੀ ਭੀੜ ਇਸ ਨੂੰ ਨਤਮਸਤਕ ਹੋਣ ਲਈ ਉਮੜ ਗਈ। 2020 ਵਿੱਚ ਜਦੋਂ ਉਹ ਐਡਿਨਬਰਾ ਯੂਨੀਵਰਸਿਟੀ ਦੀਆਂ ਡਿਜੀਟਲ ਫਾਈਲਾਂ ਦੀ ਜਾਂਚ ਕਰ ਰਹੇ ਸਨ ਤਾਂ ਵਿਦਵਾਨਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮਿਲਿਆ ਜਿਸ ਬਾਰੇ ਮੰਨਿਆ ਜਾ ਰਿਹਾ ਹੈ ਕਿ ਇਹ ਸਰੂਪ 18ਵੀਂ ਸਦੀ ਵਿੱਚ ਤਿਆਰ ਕੀਤਾ ਗਿਆ ਸੀ। ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਨੂੰ 175 ਸਾਲਾਂ ਵਿੱਚ ਪਹਿਲੀ ਵਾਰ ਯੂਨੀਵਰਸਿਟੀ ਤੋਂ ਬਾਹਰ ਲੈ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ ਤਾਂ ਜੋ ਸਿੱਖ ਭਾਈਚਾਰਾ ਐਤਵਾਰ ਨੂੰ ਲੀਥ ਵਿੱਚ ਸਥਿਤ ਗੁਰਦੁਆਰੇ ਵਿੱਚ ਇੱਕ ਖ਼ਾਸ ਸਮਾਰੋਹ ਦੌਰਾਨ ਇਸ ਦੇ ਦਰਸ਼ਨ ਕਰ ਸਕੇ। ਗ੍ਰੰਥ ਸਾਹਿਬ ਦਾ ਇਹ ਸਰੂਪ ਯੂਕੇ ਵਿੱਚ ਆਪਣੀ ਕਿਸਮ ਦਾ ਸਭ ਤੋਂ ਪੁਰਾਣਾ ਹੈ ਅਤੇ ਇੰਨਾ ਨਾਜ਼ੁਕ ਹਾਲਤ ਵਿੱਚ ਹੈ ਕਿ ਇਸ ਨੂੰ ਕਿਊਰੇਟਰਾਂ ਵੱਲੋਂ ਇੱਕ ਵਿਸ਼ੇਸ਼ ਕਾਫਲੇ ਵਿੱਚ ਐ-ਡਿਨਬਰਾ ਗੁਰਦੁਆਰੇ ਲਿਜਾਇਆ ਗਿਆ ਸੀ, ਇਸ ਦੌਰਾਨ ਫ਼ਲੈਸ਼ ਫੋਟੋਗ੍ਰਾਫ਼ੀ ਦੀ ਮਨਾਹੀ ਸੀ।

### ਯੂਕੇ ਕਿਵੇਂ ਪਹੁੰਚਿਆ ਇਹ ਸਰੂਪ

ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ ਪਹਿਲਾਂ ਪੰਜਾਬ ਦੇ ਸ਼ਾਸਕ ਮਹਾਰਾਜਾ ਖੜਕ ਸਿੰਘ ਕੋਲ ਸੀ ਅਤੇ 1848 ਵਿੱਚ ਭਾਰਤ ਦੇ ਦੁੱਲੇਵਾਲਾ ਦੇ ਕਿਲ੍ਹੇ ਤੋਂ ਇਸ ਸਰੂਪ ਨੂੰ ਲੈ ਲਿਆ ਗਿਆ ਸੀ। ਸਰ ਜੌਨ ਸਪੈਂਸਰ ਲੌਗਿਨ ਨੇ ਇਸ ਸਰੂਪ ਨੂੰ ਯੂਨੀਵਰਸਿਟੀ ਨੂੰ ਸੌਂਪਿਆ ਸੀ। ਸਰ ਜੌਨ ਸਪੈਂਸਰ ਲੌਗਿਨ ਉਹ ਹੀ ਸ਼ਖ਼ਸ ਸਨ ਜੋ ਕਲਕੱਤਾ ਦੇ ਰੈਵ ਡਬਲਯੂ ਐਚ ਮਾਈਕਲਜੋਹਨ ਰਾਹੀਂ ਮਹਾਰਾਣੀ ਵਿਕਟੋਰੀਆ ਲਈ ਕੋਹ-ਏ-ਨੂਰ ਵੀ ਲਿਆਏ ਸਨ। ਐਡਿਨਬਰਾ ਯੂਨੀਵਰਸਿਟੀ ਨੇ ਕਿਹਾ ਕਿ ਹੋਰ ਖੋਜ ਕੀਤੀ ਜਾ ਰਹੀ ਹੈ ਪਰ ਗੁਰੂ ਗ੍ਰੰਥ ਸਾਹਿਬ ਦੇ ਨਾਲ ਮਿਲੇ ਰਾਇਲ ਏਸ਼ੀਆਟਿਕ ਸੋਸਾਇਟੀ ਦੇ 1851 ਦੇ ਪੱਤਰਾਂ ਨੇ ਇਸ ਬਾਰੇ ਕੁਝ ਸਪੱਸ਼ਟ ਜਾਣਕਾਰੀ ਪ੍ਰਦਾਨ ਕੀਤੀ ਹੈ। ਐਤਵਾਰ ਦੇ ਵਿਸ਼ੇਸ਼ ਸਮਾਰੋਹ ਵਿੱਚ ਪੁਰਾਲੇਖ ਵਿੱਚ ਲੱਭੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਤਿੰਨ ਭਾਗਾਂ ਵਿੱਚੋਂ ਸਭ ਤੋਂ ਵੱਡਾ ਅਤੇ ਸੰਭਵ ਤੌਰ 'ਤੇ ਸਭ ਤੋਂ ਪੁਰਾਣਾ ਮੰਨਿਆ ਜਾ ਰਿਹਾ ਹੈ।



### ਸੋਨੇ ਦੀ ਸਿਆਹੀ ਨਾਲ ਲਿਖਿਆ ਸਰੂਪ

ਗੁਰੂ ਗ੍ਰੰਥ ਸਾਹਿਬ ਦੇ ਪਿਛਲੇ ਪਾਸੇ ਲਿਖਿਆ ਹੈ ਕਿ ਜਿਸ ਸਿਆਹੀ ਨਾਲ ਇਹ ਗ੍ਰੰਥ ਸਾਹਿਬ ਦਾ ਸਰੂਪ ਲਿਖਿਆ ਗਿਆ ਹੈ, ਉਸ ਵਿੱਚ ਸੋਨੇ ਦੀ ਵਰਤੋਂ ਕੀਤੀ ਗਈ ਹੈ। ਇਹ ਪਵਿੱਤਰ ਗ੍ਰੰਥ ਸ਼ੈਰਿਫ਼ ਬ੍ਰੇ ਗੁਰਦੁਆਰੇ ਵਿੱਚ ਗੁਲਾਬ ਦੀਆਂ ਪੱਤੀਆਂ ਨਾਲ ਸਜੇ ਹੋਏ ਰੁਮਾਲਾ ਸਾਹਿਬ ਵਿੱਚ ਪੂਰੇ ਸਤਿਕਾਰ ਨਾਲ ਪਹੁੰਚਾਇਆ ਗਿਆ। ਇਨ੍ਹਾਂ ਨੂੰ ਸਿੱਖ ਸ਼ਰਧਾਲੂਆਂ ਦੀ ਭੀੜ ਵਿੱਚੋਂ ਲੰਘਾਇਆ ਗਿਆ, ਜੋ ਸਿੱਖ ਅਤੇ ਸਕਾਟਿਸ਼ ਝੰਡੇ ਲਹਿਰਾ ਰਹੇ ਸਨ, ਜਦੋਂ ਕਿ ਇੱਕ ਬੈਗਪਾਈਪਰ ਬਾਹਰ ਸੜਕ 'ਤੇ ਇਸ ਦੇ ਸਵਾਗਤ ਵਿੱਚ ਵਜਾਇਆ ਜਾ ਰਿਹਾ ਸੀ। ਰਵਾਇਤ ਮੁਤਾਬਕ ਨਗਾੜੇ ਬਜਾਏ ਗਏ ਅਤੇ ਗੁਰਦੁਆਰੇ ਦੇ ਅੰਦਰ ਲੈ ਜਾਇਆ ਗਿਆ। ਇੱਕ ਵਲੰਟੀਅਰ ਵੱਲੋਂ ਸ਼ਰਧਾ ਅਤੇ ਸਤਿਕਾਰ ਦੇ ਪ੍ਰਤੀਕ ਵਜੋਂ ਗੁਰੂ ਗ੍ਰੰਥ ਸਾਹਿਬ ਉੱਤੇ ਲਗਾਤਾਰ ਚੌਰ ਸਾਹਿਬ ਕੀਤਾ ਜਾ ਰਿਹਾ ਸੀ। ਗਿਆਨੀ ਹਿੰਮਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਸੰਗਤਾਂ ਨੂੰ ਪੜ੍ਹ ਕੇ ਸੁਣਾਇਆ।

### ਸਿੱਖ ਜਗਤ ਲਈ ਇਤਿਹਾਸਿਕ ਪਲ

ਇਸ ਵਿਸ਼ੇਸ਼ ਸਮਾਗਮ ਦਾ ਪ੍ਰਬੰਧ ਕਰਨ ਵਾਲੇ ਐਡਿਨਬਰਾ ਗੁਰਦੁਆਰੇ ਦੇ ਮੈਂਬਰਾਂ ਵਿੱਚੋਂ ਇੱਕ ਗਾਲਬ ਸਿੰਘ ਗੋਲਡ ਨੇ ਦੱਸਿਆ ਕਿ ਇਹ ਪਲ ਕਾਫੀ 'ਅਹਿਮ' ਸੀ। 48 ਸਾਲਾ ਗਾਲਬ ਸਿੰਘ ਨੇ ਕਿਹਾ, "ਇਹ ਜ਼ਿੰਦਗੀ ਵਿੱਚ ਇੱਕ ਵਾਰ ਮਿਲਣ ਵਾਲਾ ਮੌਕਾ ਰਿਹਾ ਹੈ ਜਦੋਂ ਸਾਨੂੰ ਇਤਿਹਾਸ ਵਿੱਚ ਗੁਆਚ ਗਏ ਅਤੇ ਮੁੜ ਸੁਰਜੀਤ ਹੋਏ ਸਰੂਪ ਨੂੰ ਦੇਖਣ ਦਾ ਮੌਕਾ ਮਿਲਿਆ ਹੈ।" "ਇਹ ਪਹਿਲੀ ਵਾਰ ਹੈ ਜਦੋਂ ਇਹ ਇੰਨੇ ਸਾਲਾਂ ਬਾਅਦ ਇਸ ਨੂੰ ਸੰਗਤ ਦੇ ਦਰਸ਼ਨਾਂ ਲਈ ਲਿਆਂਦਾ ਗਿਆ ਹੈ ਅਤੇ ਇਹ ਸ਼ਾਇਦ ਆਖਰੀ ਵਾਰ ਹੋਵੇਗਾ ਜਦੋਂ ਅਸੀਂ ਇਸਨੂੰ ਕਦੇ ਦੇਖਾਂਗੇ।" ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਧਰਮ ਵਿੱਚ ਇੱਕ ਜ਼ਿਉਂਦਾ ਜਾਗਦਾ ਇਨਸਾਨ ਮੰਨਿਆ ਜਾਂਦਾ ਹੈ। ਗਾਲਬ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਨੂੰ ਇੰਨਾ ਖਾਸ ਬਣਾਉਣ ਵਾਲੀ ਗੱਲ ਇਹ ਸੀ ਕਿ ਇਹ ਹੱਥ ਨਾਲ ਲਿਖਿਆ ਗਿਆ ਸੀ।

ਉਨ੍ਹਾਂ ਕਿਹਾ, "ਅਸੀਂ ਬਹੁਤ ਖੁਸ਼ ਹਾਂ ਕਿ ਇਹ ਲੱਭ ਗਿਆ ਹੈ ਅਤੇ ਇਸਦੀ ਸਾਂਭ-ਸੰਭਾਲ ਕੀਤੀ ਗਈ ਹੈ ਅਤੇ ਇਹ ਇੰਨੀ ਚੰਗੀ ਹਾਲਤ ਵਿੱਚ ਹੈ।" "ਇਸਦੀ ਕ੍ਰਿਪਾ ਹੋਣਾ ਸਾਡੇ ਲਈ ਬਹੁਤ ਵੱਡੀ ਗੱਲ ਹੈ।"


"ਇਹ ਇੱਕ ਭਾਵਨਾਤਮਕ ਅਤੇ ਖੁਸ਼ੀ ਭਰੀ ਘਟਨਾ ਹੈ, ਜੋ ਅਧਿਆਤਮਿਕ ਤੌਰ 'ਤੇ ਬਹੁਤ ਅਹਿਮ ਹੈ। ਬੇਹੱਦ ਖੁਸ਼ੀ ਹੋਈ ਅਤੇ ਹੰਝੂ ਵੀ ਵਗ੍ਹ ਤੁਰੇ ਕਿਉਂਕਿ ਧਰਮ-ਗ੍ਰੰਥ ਸਾਡੇ ਲਈ ਬਹੁਤ ਮਾਅਨੇ ਰੱਖਦੇ ਹਨ।" ਐਡਿਨਬਰਾ ਯੂਨੀਵਰਸਿਟੀ ਦੀ ਆਨਰੇਰੀ ਸਿੱਖ ਚੈਪਲੇਨ ਅਤੇ ਸਿੱਖ ਸੰਜੋਗ ਦੀ ਡਾਇਰੈਕਟਰ ਤ੍ਰਿਸ਼ਨਾ ਕੌਰ ਸਿੰਘ ਵੀ ਇਸ ਸਮਾਗਮ ਵਿੱਚ ਮੌਜੂਦ ਸਨ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਕਾਟਲੈਂਡ ਵਿੱਚ ਹੀ ਰਹੇ। ਉਸਨੇ ਕਿਹਾ, "ਮੈਂ ਜਾਣਦੀ ਹਾਂ ਕਿ ਲੋਕ ਵਾਪਸੀ ਬਾਰੇ ਗੱਲ ਕਰਦੇ ਹਨ ਅਤੇ ਇਹ ਠੀਕ ਹੈ ਅਤੇ ਕਈ ਮਾਮਲਿਆਂ ਵਿੱਚ ਇਸਦੀ ਲੋੜ ਹੁੰਦੀ ਹੈ ਪਰ ਤੁਹਾਨੂੰ ਇਸ ਤੱਥ ਨੂੰ ਸਮਝਣਾ ਪਵੇਗਾ ਕਿ ਲੋਕ ਉਸ ਬਸਤੀਵਾਦੀ ਅਤੀਤ ਕਾਰਨ ਇੱਥੇ ਹਨ ਅਤੇ ਆਪਣੀ ਪੂਰੀ ਜ਼ਿੰਦਗੀ ਇੱਥੇ ਬਤੀਤ ਕੀਤੀ ਹੈ।" ਤ੍ਰਿਸ਼ਨਾ ਕੌਰ ਸਿੰਘ ਨੇ ਕਿਹਾ, "ਉਹ ਆਪਣੇ ਇਤਿਹਾਸ ਅਤੇ ਉਨ੍ਹਾਂ ਦੇ ਸਬੰਧਾਂ ਤੋਂ ਵੱਖ ਹੋ ਗਏ ਹਨ ਅਤੇ ਇਹ ਇੱਥੇ ਮਿਲਿਆ ਸੀ ਇਸ ਲਈ ਇਹ ਸਾਡੇ ਭਾਈਚਾਰਿਆਂ ਲਈ ਪੀੜ੍ਹੀਆਂ ਤੱਕ ਇੱਥੇ ਰਹਿਣਾ ਚਾਹੀਦਾ ਹੈ।" "ਮੈਨੂੰ ਲੱਗਦਾ ਹੈ ਕਿ ਇਹ ਪੂਰੇ ਸਕਾਟਿਸ਼ ਸਿੱਖ ਭਾਈਚਾਰੇ ਲਈ ਸਭ ਤੋਂ ਕੀਮਤੀ ਖੋਜ ਹੈ। ਇਹ ਸੁਣ ਕੇ ਮੇਰੇ ਹੋਸ਼ ਉੱਡ ਜਾਂਦੇ ਹਨ। ਇਹ ਅਸਲ ਵਿੱਚ ਦਿਮਾਗ ਨੂੰ ਉਡਾ ਦੇਣ ਵਾਲਾ ਹੈ।"

# ਪਾਕਿਸਤਾਨ ਦੇ ਸਭ ਤੋਂ ਵੱਧ ਹਿੰਦੂ ਆਬਾਦੀ ਵਾਲੇ ਇਲਾਕੇ ਸਿੰਧ ਦਾ ਇਤਿਹਾਸ

ਪਾਕਿਸਤਾਨ ਨੇ ਸਿੰਧ ਪ੍ਰਾਂਤ ਨੂੰ ਲੈ ਕੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ ਅਤੇ ਇਸ ਨੂੰ 'ਵਿਸਤਾਰਵਾਦੀ ਸੋਚ' ਐਲਾਨਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਨੂੰ "ਭੜਕਾਉਣ ਵਾਲਾ ਅਤੇ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਬਿਆਨ ਦੱਸਿਆ ਹੈ।" ਐਤਵਾਰ ਨੂੰ ਰਾਜਨਾਥ ਸਿੰਘ ਨੇ ਕਿਹਾ, "ਸਿੰਧ ਬੇਸ਼ੱਕ ਭਾਰਤ ਦਾ ਹਿੱਸਾ ਨਾ ਹੋਵੇ, ਪਰ ਸੱਭਿਅਤਾ ਦੀ ਦ੍ਰਿਸ਼ਟੀ ਤੋਂ, ਇਹ ਹਮੇਸ਼ਾ ਭਾਰਤ ਦਾ ਹਿੱਸਾ ਰਹੇਗਾ।" ਉਨ੍ਹਾਂ ਅੱਗੇ ਕਿਹਾ, "ਸਰਹੱਦਾਂ ਬਦਲ ਸਕਦੀਆਂ ਹਨ ਅਤੇ ਕੀ ਪਤਾ ਕਿ ਕੱਲ੍ਹ ਸਿੰਧ ਮੁੜ ਭਾਰਤ ਵਾਪਸ ਆ ਜਾਏ।" ਰਾਜਨਾਥ ਸਿੰਘ ਨੇ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੀ ਲਿਖੀ ਇੱਕ ਕਿਤਾਬ ਦਾ ਹਵਾਲੇ ਨਾਲ ਦੱਸਿਆ ਕਿ ਨਾ ਸਿਰਫ਼ ਸਿੰਧ, ਸਗੋਂ ਪੂਰੇ ਭਾਰਤ ਵਿੱਚ ਹਿੰਦੂ, ਸਿੰਧੂ ਨਦੀ ਨੂੰ ਪਵਿੱਤਰ ਮੰਨਦੇ ਸਨ।

1947 ਦੀ ਵੰਡ ਤੋਂ ਬਾਅਦ ਸਿੰਧ, ਪਾਕਿਸਤਾਨ ਦੇ ਹਿੱਸੇ ਚਲਾ ਗਿਆ ਸੀ ਅਤੇ ਉਸ ਵੇਲੇ ਹੋਈ ਹਿਜਰਤ ਦੌਰਾਨ ਲੱਖਾਂ ਹਿੰਦੂ ਸਿੰਧੀ ਪਰਿਵਾਰ ਉੱਥੋਂ ਭਾਰਤ ਵਿੱਚ ਵਸ ਗਏ ਸਨ। ਲਾਲ ਕ੍ਰਿਸ਼ਨ ਅਡਵਾਨੀ ਦਾ ਬਚਪਨ ਸਿੰਧ ਵਿੱਚ ਬੀਤਿਆ ਸੀ। ਫਿਰ ਉਨ੍ਹਾਂ ਦਾ ਪਰਿਵਾਰ ਭਾਰਤ ਆ ਗਿਆ ਸੀ। 2005 ਵਿੱਚ ਉਨ੍ਹਾਂ ਨੇ ਸਿੰਧ ਦਾ ਦੌਰਾ ਕੀਤਾ ਸੀ ਅਤੇ ਕਰਾਚੀ ਗਏ ਸਨ। ਬ੍ਰਿਟਿਸ਼ ਇੰਡੀਆ ਵਿੱਚ, ਸਿੰਧ ਦਾ ਇਲਾਕਾ ਬੰਬਈ ਪ੍ਰਾਂਤ ਦੇ ਤਹਿਤ ਆਉਂਦਾ ਸੀ। ਵੰਡ ਤੋਂ ਬਾਅਦ ਭਾਰਤ ਵੱਲੋਂ ਅਪਣਾਏ ਗਏ ਰਾਸ਼ਟਰੀ ਗੀਤ ਵਿੱਚ ਸਿੰਧ ਦਾ ਵੀ ਜ਼ਿਕਰ ਆਉਂਦਾ ਹੈ।

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਅਨੁਸਾਰ, ਸਿੰਧ ਵਰਤਮਾਨ ਵਿੱਚ ਪੂਰਬ ਵਿੱਚ ਭਾਰਤ ਵਿੱਚ ਗੁਜਰਾਤ ਅਤੇ ਰਾਜਸਥਾਨ, ਉੱਤਰ-ਪੱਛਮ ਵਿੱਚ ਬਲੋਚਿਸਤਾਨ ਦੀ ਸੀਮਾ ਅਤੇ ਉੱਤਰ-ਪੂਰਬ ਵਿੱਚ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਨਾਲ ਲੱਗਦੀ ਹੈ। ਇਹ ਖੇਤਰ ਸਿੰਧ ਡੈਲਟਾ ਵਿੱਚ ਵਸਿਆ ਹੋਇਆ ਹੈ ਅਤੇ ਇਸੇ ਨਦੀ ਦੇ ਨਾਮ 'ਤੇ ਹੀ ਇਸ ਨੂੰ ਸਿੰਧ ਵਜੋਂ ਜਾਣਿਆ ਜਾਂਦਾ ਹੈ। ਵੰਡ ਤੋਂ ਬਹੁਤ ਸਮੇਂ ਬਾਅਦ, ਇਸਨੂੰ 1970 ਵਿੱਚ ਇੱਕ ਵੱਖਰੇ ਸੂਬੇ ਵਜੋਂ ਬਣਾਇਆ ਗਿਆ ਸੀ, ਜਿਸਦੀ ਰਾਜਧਾਨੀ ਕਰਾਚੀ ਹੈ। ਸਿੰਧ ਸਰਕਾਰ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਅਨੁਸਾਰ ਇਸ ਸੂਬੇ ਵਿੱਚ 30 ਜ਼ਿਲ੍ਹੇ ਸ਼ਾਮਲ ਹਨ ਅਤੇ ਇਸਦੀ ਕੁੱਲ ਆਬਾਦੀ ਲਗਭਗ 5.5 ਕਰੋੜ ਹੈ। ਸਿੰਧ ਸੂਬੇ ਦਾ ਕੁੱਲ ਖੇਤਰਫਲ ਇੱਕ ਲੱਖ 40 ਹਜ਼ਾਰ ਵਰਗ ਕਿਲੋਮੀਟਰ ਹੈ। ਸਾਲ 2017 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਸੂਬੇ ਵਿੱਚ 91.3 ਫੀਸਦ ਮੁਸਲਮਾਨ ਆਬਾਦੀ ਹੈ ਅਤੇ 6.5 ਫੀਸਦ ਹਿੰਦੂ ਆਬਾਦੀ ਹੈ। ਸਿੰਧ ਦੇ ਉਮਰਕੋਟ ਜ਼ਿਲ੍ਹੇ ਵਿੱਚ ਅੱਜ ਵੀ ਮੁੱਖ ਤੌਰ 'ਤੇ ਹਿੰਦੂਆਂ ਦੀ ਗਿਣਤੀ ਜ਼ਿਆਦਾ ਹੈ। ਇੱਕ ਰਿਪੋਰਟ ਦੇ ਅਨੁਸਾਰ, ਪਾਕਿਸਤਾਨ ਵਿੱਚ ਵਸੇ ਜ਼ਿਆਦਾਤਰ ਹਿੰਦੂਆਂ ਦਾ ਟਿਕਾਣਾ ਸਿੰਘ ਪ੍ਰਾਂਤ ਹੈ।





### ਸਿੰਧੂ ਸੱਭਿਅਤਾ ਦਾ ਕੇਂਦਰ

ਮੌਜੂਦਾ ਸਿੰਧ ਪ੍ਰਾਂਤ ਨੂੰ ਪ੍ਰਾਚੀਨ ਭਾਰਤ ਦਾ ਇੱਕ ਮਹੱਤਵਪੂਰਨ ਕੇਂਦਰ ਮੰਨਿਆ ਜਾਂਦਾ ਹੈ। ਪ੍ਰਾਚੀਨ ਸਿੰਧ ਘਾਟੀ ਸੱਭਿਅਤਾ ਸਿੰਧੂ ਨਦੀ ਦੇ ਕੰਢੇ ਵਿਕਸਤ ਹੋਈ ਸੀ। ਇੱਥੋਂ ਦੇ ਪ੍ਰਾਚੀਨ ਸ਼ਹਿਰ ਮੋਹਨਜੋਦੜੋ ਨੂੰ ਦੁਨੀਆ ਦੀ ਸਭ ਤੋਂ ਪੁਰਾਣਾ ਸ਼ਹਿਰੀ ਵਿਵਸਥਾ ਮੰਨਿਆ ਜਾਂਦਾ ਹੈ। ਸਿੰਧੂ ਨਦੀ ਦੇ ਕੰਢੇ ਸਥਿਤ ਇਹ ਲਗਭਗ ਚਾਰ ਹਜ਼ਾਰ ਸਾਲ ਪੁਰਾਣੇ ਸ਼ਹਿਰ ਦੀ ਖੋਜ ਪਿਛਲੀ ਸਦੀ ਵਿੱਚ ਹੀ ਹੋਈ ਸੀ। ਮੋਹਨਜੋਦੜੋ ਦੇ ਖੰਡਰਾਂ ਨੂੰ 1980 ਵਿੱਚ ਯੂਨੈਸਕੋ ਵਿਸ਼ਵ ਵਿਰਾਸਤ ਸਥਾਨ ਐਲਾਨਿਆ ਗਿਆ ਸੀ। ਬ੍ਰਿਟੈਨਿਕਾ ਦੇ ਅਨੁਸਾਰ, 711 ਈਸਵੀ ਵਿੱਚ ਸਿੰਧ 'ਤੇ ਅਰਬਾਂ ਦਾ ਕਬਜ਼ਾ ਹੋਇਆ। 16ਵੀਂ ਅਤੇ 17ਵੀਂ ਸਦੀ ਵਿੱਚ ਸਿੰਧ ਉੱਤੇ ਮੁਗ਼ਲਾਂ (1591-1700) ਅਤੇ ਫਿਰ ਕਈ ਸੁਤੰਤਰ ਸਿੰਧੀ ਰਾਜਵੰਸ਼ਾਂ ਦਾ ਸ਼ਾਸਨ ਰਿਹਾ ਸੀ। ਮੁਗ਼ਲ ਸਮਰਾਟ ਅਕਬਰ ਦਾ ਜਨਮ 1542 ਵਿੱਚ ਸਿੰਧ ਦੇ ਉਮਰਕੋਟ ਕਿਲ੍ਹੇ ਵਿੱਚ ਹੋਇਆ ਸੀ। 1843 ਵਿੱਚ ਇਸ ਇਲਾਕੇ 'ਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ ਸੀ।

ਇੱਥੇ ਸਿੰਧੀ ਹਿੰਦੂ ਪਰਿਵਾਰਾਂ ਦਾ ਵਪਾਰ ਅਤੇ ਵਿੱਤ ਵਿੱਚ ਕਾਫ਼ੀ ਪ੍ਰਭਾਵ ਸੀ। ਹਾਲਾਂਕਿ, ਵੰਡ ਤੋਂ ਬਾਅਦ ਕੂਚ ਦੌਰਾਨ, ਬਹੁਤ ਸਾਰੇ ਪਰਿਵਾਰ ਭਾਰਤ ਜਾਂ ਹੋਰ ਦੇਸ਼ਾਂ ਵਿੱਚ ਚਲੇ ਗਏ। ਸਿੰਧੂ ਨਦੀ ਕਾਰਨ ਇਹ ਖੇਤਰ ਲੰਬੇ ਸਮੇਂ ਤੋਂ ਖੁਸ਼ਹਾਲ ਰਿਹਾ ਹੈ। ਇੱਥੇ ਖ਼ਾਸ ਕਰ ਕੇ ਕਪਾਹ ਦੀ ਕਾਸ਼ਤ ਹੁੰਦੀ ਹੈ ਅਤੇ ਅੱਜ ਵੀ, ਸੂਬਾਈ ਰਾਜਧਾਨੀ ਕਰਾਚੀ, ਪਾਕਿਸਤਾਨ ਦੇ ਪ੍ਰਮੁੱਖ ਉਦਯੋਗਿਕ ਕੇਂਦਰਾਂ ਵਿੱਚੋਂ ਇੱਕ ਹੈ।

### ਸਿੰਧ ਦਾ ਸੱਭਿਆਚਾਰਕ ਕੇਂਦਰ ਮਕਲੀ

ਇਹ ਖੇਤਰ ਸੱਭਿਆਚਾਰਕ ਤੌਰ 'ਤੇ ਅਮੀਰ ਹੈ ਅਤੇ ਯੂਨੈਸਕੋ ਨੇ ਇਸ ਦੀਆਂ ਕਈ ਪ੍ਰਾਚੀਨ ਥਾਵਾਂ ਨੂੰ ਵਿਸ਼ਵ ਵਿਰਾਸਤ ਸਥਾਨ ਐਲਾਨਿਆ ਹੈ। ਕਰਾਚੀ ਤੋਂ 140 ਕਿਲੋਮੀਟਰ ਦੂਰ ਸਥਿਤ, ਮਕਲੀ ਹਿੱਲ ਨੇਕਰੋਪੋਲਿਸ ਵਿੱਚ ਕਈ ਪ੍ਰਾਚੀਨ ਮਕਬਰੇ ਹਨ। ਯੂਨੈਸਕੋ ਦੀ ਵੈੱਬਸਾਈਟ ਦੇ ਅਨੁਸਾਰ, ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਠੱਟਾ ਨੇੜੇ ਸਥਿਤ ਮਕਲੀ ਨੇਕਰੋਪੋਲਿਸ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵਿਲੱਖਣ ਕਬਰਸਤਾਨਾਂ ਵਿੱਚੋਂ ਇੱਕ ਹੈ। ਇਸਨੂੰ ਦੁਨੀਆ ਦੇ ਸਭ ਤੋਂ ਵੱਡੇ ਕਬਰਸਤਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿਸ ਵਿੱਚ ਸੰਤਾਂ, ਕਵੀਆਂ, ਰਈਸਾਂ, ਰਾਜਪਾਲਾਂ, ਰਾਜਕੁਮਾਰਾਂ, ਸਮਰਾਟਾਂ ਅਤੇ ਰਾਣੀਆਂ ਦੀਆਂ ਕਬਰਾਂ, ਮਕਬਰੇ ਅਤੇ ਯਾਦਗਾਰਾਂ ਹਨ। ਠੱਟਾ ਦੇ ਮਕਲੀ ਵਿੱਚ ਸਥਿਤ ਇਹ ਇਤਿਹਾਸਕ ਸਮਾਰਕ ਲਗਭਗ 10 ਵਰਗ ਕਿਲੋਮੀਟਰ ਦੇ ਖੇਤਰ ਵਿੱਚ ਫੈਲੇ ਹੋਏ ਹਨ ਅਤੇ ਇਸ ਵਿੱਚ ਲਗਭਗ 50 ਲੱਖ ਕਬਰਾਂ ਅਤੇ ਮਕਬਰੇ ਹਨ। ਇੱਥੇ ਦੀ ਆਰਕੀਟੈਕਚਰ ਮੁਸਲਿਮ, ਹਿੰਦੂ, ਫਾਰਸੀ, ਮੁਗ਼ਲ ਅਤੇ ਗੁਜਰਾਤੀ ਪ੍ਰਭਾਵਾਂ ਦੇ ਅਮੀਰ ਮਿਸ਼ਰਣ ਨੂੰ ਦਰਸਾਉਂਦੀ ਹੈ। ਇਹ ਮਕਬਰੇ ਖ਼ਾਸ ਤੌਰ 'ਤੇ ਉਨ੍ਹਾਂ ਦੀਆਂ ਨੀਲੀਆਂ ਚਮਕਦਾਰ ਟਾਈਲਾਂ, ਬਾਰੀਕ ਨੱਕਾਸ਼ੀ, ਸੁੰਦਰ ਕੈਲੀਗ੍ਰਾਫੀ ਅਤੇ ਦਿਲਕਸ਼ ਜਿ ਮੈਟ੍ਰਿਕ ਡਿਜ਼ਾਈਨਾਂ ਲਈ ਜਾਣੇ ਜਾਂਦੇ ਹਨ, ਜੋ ਕਦੇ ਇੱਥੇ ਫੈਲੀ ਜੀਵੰਤ ਸਭਿਅਤਾ ਦੀ ਸਿਰਜਣਾਤਮਕਤਾ ਅਤੇ ਅਧਿਆਤਮਿਕਤਾ ਨੂੰ ਦਰਸਾਉਂਦੇ ਹਨ। ਇੱਥੇ ਸਾਂਮਾ ਕਾਲ (1351-1524) ਦੇ ਸ਼ੇਖ਼ ਜਿ ਦਾ ਮਕਬਰਾ ਵੀ ਸਥਿਤ ਹੈ।

ਠੱਟਾ 14ਵੀਂ ਅਤੇ 17ਵੀਂ ਸਦੀ ਦੇ ਵਿਚਕਾਰ ਗਿਆਨ, ਕਲਾ ਅਤੇ ਸੱਭਿਆਚਾਰ ਦਾ ਇੱਕ ਪ੍ਰਮੁੱਖ ਕੇਂਦਰ ਰਿਹਾ ਅਤੇ ਸਿੰਧ ਖੇਤਰ ਦੀ ਸੱਭਿਆਚਾਰਕ ਵਿਰਾਸਤ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਰਹੀ।

ਹਿੰਦੂ ਧਾਰਮਿਕ ਸਥਾਨਾਂ 'ਤੇ ਹਮਲਿਆਂ ਅਤੇ ਧਰਮ ਪਰਿਵਰਤਨ ਨੂੰ ਲੈ ਕੇ ਵੀ ਸਿੰਘ ਪ੍ਰਾਂਤ ਸੁਰਖ਼ੀਆਂ ਵਿੱਚ ਰਿਹਾ ਹੈ। ਸਾਲ 2021 ਵਿੱਚ ਅਮਰੀਕੀ ਕਾਂਗਰਸਮੈਨ ਬ੍ਰੈਡ ਸ਼ੇਰਮੈਨ ਨੇ ਇਲਜ਼ਾਮ ਲਗਾਇਆ ਕਿ ਸਿੰਧ ਵਿੱਚ ਹਿੰਦੂ ਅਤੇ ਈਸਾਈ ਪਰਿਵਾਰਾਂ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਇੱਕ ਰਿਪੋਰਟ ਵਿੱਚ ਸਿੰਧ ਵਿੱਚ ਹਿੰਦੂ ਕੁੜੀਆਂ ਦੇ ਜ਼ਬਰਦਸਤੀ ਧਰਮ ਪਰਿਵਰਤਨ ਦਾ ਵੀ ਜ਼ਿਕਰ ਕੀਤਾ। 2023 ਵਿੱਚ ਪਾਕਿਸਤਾਨ ਤੋਂ ਭਾਰਤ ਆਈ ਸੀਮਾ ਹੈਦਰ ਦੀ ਮੁਲਕ ਵਾਪਸੀ ਨੂੰ ਲੈ ਕੇ ਸਿੰਧ ਸੂਬੇ ਵਿੱਚ ਡਕੈਤਾਂ ਨੇ ਹਿੰਦੂਆਂ ਦੇ ਧਾਰਮਿਕ ਅਸਥਾਨਾਂ ਅਤੇ ਘਰਾਂ 'ਤੇ ਹਮਲਾ ਕਰਨ ਦੀ ਧਮਕੀ ਦਿੱਤੀ ਸੀ।



# ਕੀ ਕਾਕਰੋਚ ਧਰਤੀ ਦੇ ਸਭ ਤੋਂ ਪੁਰਾਣੇ ਜੀਵ ਨੇ



ਅਨਿਲ ਕਪੂਰ: ਕਾਕਰੋਚ, ਕਾਕਰੋਚ...
ਸ੍ਰੀਦੇਵੀ: ਕਾਕਰੋਚ, ਕ ਕ ਕ, ਕਹਾਂ ਹੈ, ਕਹਾਂ ਹੈ ਕਾਕਰੋਚ, ਕਹਾਂ ਹੈ?
ਅਨਿਲ ਕਪੂਰ: ਵੋ ਵਹਾਂ, ਹਮਾਰੀ ਤਰਫ਼ ਦੇਖ ਰਹਾ ਹੈ।
ਸ੍ਰੀਦੇਵੀ: ਤੁਮ ਕਾਕਰੋਚ ਸੇ ਡਰਤੇ ਹੋ?
ਅਨਿਲ ਕਪੂਰ: ਮੋਮ ਸਾਹਬ, ਡਰਤਾ ਤੋਂ ਮੈਂ ਸ਼ੇਰ ਸੇ ਭੀ ਨਹੀਂ, ਪਰ ਹਾਂ ਕਾਕਰੋਚ ਸੇ ਡਰਤਾ ਹੂੰ!

ਜਿਨ੍ਹਾਂ ਨੇ ਅਰੁਣ ਵਰਮਾ ਅਤੇ ਸੀਮਾ ਦੇ ਕਿਰਦਾਰਾਂ ਵਾਲੀ ਫਿਲਮ ਮਿਸਟਰ ਇੰਡੀਆ ਦੇਖੀ ਹੈ, ਉਨ੍ਹਾਂ ਨੂੰ ਇਹ ਦ੍ਰਿਸ਼ ਜ਼ਰੂਰ ਯਾਦ ਹੋਵੇਗਾ। ਇਹ 1987 ਵਿੱਚ ਰਿਲੀਜ਼ ਹੋਈ ਫਿਲਮ ਸੀ, ਪਰ ਅੱਜ ਵੀ ਜੇਕਰ ਤੁਸੀਂ ਆਪਣੇ ਮੋਬਾਈਲ ਜਾਂ ਟੀਵੀ 'ਤੇ ਇਸ ਦਾ ਕੋਈ ਵੀ ਸੀਨ ਦੇਖਦੇ ਹੋ, ਤਾਂ ਤੁਹਾਡੀਆਂ ਨਜ਼ਰਾਂ ਰੁੱਕ ਜਾਂਦੀਆਂ ਹਨ। ਪਰ ਅੱਜ ਅਸੀਂ ਅਨਿਲ ਕਪੂਰ ਵੱਲੋਂ ਅਰੁਣ ਦੀ ਭੂਮਿਕਾ ਨਿਭਾਉਣ ਜਾਂ ਸ੍ਰੀਦੇਵੀ ਵੱਲੋਂ ਸੀਮਾ ਦੀ ਭੂਮਿਕਾ ਨਿਭਾਉਣ ਬਾਰੇ ਗੱਲ ਨਹੀਂ ਕਰਾਂਗੇ। ਅੱਜ, ਅਸੀਂ ਇਸ ਸੀਨ ਵਿੱਚ ਤੀਜੇ ਕਿਰਦਾਰ ਕਾਕਰੋਚ ਬਾਰੇ ਗੱਲ ਕਰਾਂਗੇ। ਕਾਕਰੋਚ ਰਸੋਈ ਵਿੱਚ ਭੱਜੇ ਫਿਰਦੇ ਨੇ, ਰਾਤ ਨੂੰ ਰਸੋਈ ਦੇ ਭਾਂਡਿਆਂ ਵਿੱਚ ਘੁੰਮਦੇ ਹਨ ਅਤੇ ਤਰੇੜਾਂ ਵਿੱਚੋਂ ਝਾਕਦੇ ਹਨ। ਉਹ ਆਪਣਾ ਐਂਟੀਨਾ ਕੱਢ ਕੇ ਡਰਾਉਂਦੇ ਹਨ। ਮੁਸੀਬਤ ਇਹ ਹੈ ਕਿ ਵਾਰ-ਵਾਰ ਭਜਾਉਣ ਦੇ ਬਾਵਜੂਦ ਵਾਪਸ ਆ ਜਾਂਦੇ ਹਨ।

ਦੁਨੀਆ ਭਰ ਵਿੱਚ ਕਾਕਰੋਚ ਦੀਆਂ 4,500 ਤੋਂ ਵੱਧ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ, ਪਰ ਮਨੁੱਖੀ ਬਸਤੀਆਂ ਅਤੇ ਰਿਹਾਇਸ਼ੀ ਥਾਵਾਂ ਉੱਤੇ ਸਿਰਫ਼ 30 ਦੇ ਕਰੀਬ ਪਾਈਆਂ ਜਾਂਦੀਆਂ ਹਨ। ਕਾਕਰੋਚ ਬਲਾਟੋਡੀਆ ਆਰਡਰ ਨਾਲ ਸਬੰਧਤ ਹਨ, ਜਿਸ ਵਿੱਚ ਸਿਉਂਕ ਵੀ ਸ਼ਾਮਲ ਹੈ।

### ਕਾਕਰੋਚ ਧਰਤੀ 'ਤੇ ਕਿੰਨੇ ਸਮੇਂ ਤੋਂ ਹਨ?

ਇੱਕ ਹੋਰ ਕਮਾਲ ਦੀ ਗੱਲ ਇਹ ਹੈ ਕਿ ਕਾਕਰੋਚ ਸਦੀਆਂ ਪੁਰਾਣੇ ਹਨ। ਇੰਨੇ ਪੁਰਾਣੇ ਕਿ ਉਹ ਡਾਇਨਾਸੋਰਾਂ ਤੋਂ ਪਹਿਲਾਂ ਮੌਜੂਦ ਸੀ ਅਤੇ ਅੱਜ ਵੀ ਮੌਜੂਦ ਹਨ। ਉਨ੍ਹਾਂ ਨੂੰ ਧਰਤੀ ਦੇ ਸਭ ਤੋਂ ਪੁਰਾਣੇ ਕੀੜਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਜੈਵਿਕ ਸਬੂਤ ਵੀ ਸੁਝਾਅ ਦਿੰਦੇ ਹਨ ਕਿ ਕਾਕਰੋਚ ਦੀਆਂ ਜੜਾਂ ਕਾਰਬੋਨੀਫੇਰਸ ਦੇ ਸਮੇਂ ਨਾਲ ਜੁੜੀਆਂ ਹਨ। ਪਰ ਇਹ ਕਿਹੜਾ ਦੌਰ ਸੀ? ਇਹ 35 ਕਰੋੜ ਸਾਲ ਪੁਰਾਣੀ ਗੱਲ ਹੈ। ਹਾਂ, ਤੁਸੀਂ ਸਹੀ ਪੜ੍ਹਿਆ ਹੈ। ਕਾਕਰੋਚ 35 ਕਰੋੜ ਸਾਲ ਪਹਿਲਾਂ ਵੀ ਮੌਜੂਦ ਸਨ। ਦਿੱਲੀ ਯੂਨੀਵਰਸਿਟੀ ਦੇ ਕਿਰੋੜੀਮਲ ਕਾਲਜ ਦੇ ਜੀਵ ਵਿਗਿਆਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਨਵਾਜ਼ ਆਲਮ ਖਾਨ, ਇਸਦੀ ਵਿਆਖਿਆ ਕਰਦੇ ਹਨ। ਡਾ. ਖਾਨ ਨੇ ਦੱਸਿਆ, "ਤੁਹਾਨੂੰ ਕਾਕਰੋਚਾਂ ਬਾਰੇ ਸਭ ਤੋਂ ਪਹਿਲਾਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਡਾਇਨਾਸੋਰਾਂ ਨਾਲੋਂ ਵੀ ਪੁਰਾਣੇ ਹਨ। ਜਦੋਂ ਅਸੀਂ ਭੂਤਕਾਲ ਬਾਰੇ ਗੱਲ ਕਰਦੇ ਹਾਂ, ਤਾਂ ਅਸੀਂ ਮਿਜ਼ੋਜ਼ੋਇਕ ਯੁੱਗ ਬਾਰੇ ਗੱਲ ਕਰ ਰਹੇ ਹਾਂ। ਇਸ ਯੁੱਗ ਵਿੱਚ ਡਾਇਨਾਸੋਰ ਮੌਜੂਦ ਸਨ।" "ਇਸ ਯੁੱਗ ਵਿੱਚ ਜੁਰਾਸਿਕ ਕਾਲ ਵੀ ਸ਼ਾਮਲ ਸੀ, ਜਿਸਨੂੰ ਡਾਇਨਾਸੋਰਾਂ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ। ਇਸ ਤੋਂ ਪਹਿਲਾਂ ਕਾਰਬੋਨੀਫੇਰਸ ਯੁੱਗ ਸੀ ਜਿਸ ਵਿੱਚ ਪ੍ਰਾਚੀਨ ਜੀਵਨ, ਪ੍ਰਾਚੀਨ ਜਾਨਵਰ ਅਤੇ ਹੋਰ ਜੀਵ ਦਿਖਾਈ ਦਿੰਦੇ ਸਨ। ਕਾਕਰੋਚ ਉਦੋਂ ਵੀ ਮੌਜੂਦ ਸਨ। ਉਹ ਲਗਭਗ 30-35 ਕਰੋੜ ਸਾਲ ਪਹਿਲਾਂ ਮੌਜੂਦ ਸਨ ਅਤੇ ਉਹ ਅੱਜ ਵੀ ਮੌਜੂਦ ਹਨ।"

ਮੇਰਠ ਦੀ ਚੌਧਰੀ ਚਰਨ ਸਿੰਘ ਯੂਨੀਵਰਸਿਟੀ ਦੇ ਜੀਵ ਵਿਗਿਆਨ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਦੁਸ਼ਯੰਤ ਕੁਮਾਰ ਚੌਹਾਨ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਉਹ ਕਹਿੰਦੇ ਹਨ, "ਕਾਕਰੋਚ ਡਾਇਨਾਸੋਰਾਂ ਨਾਲੋਂ ਵੀ ਪੁਰਾਣੇ ਹਨ। ਉਨ੍ਹਾਂ ਨੂੰ ਇਨਵਰਟੇਬ੍ਰੇਟ ਸਮੂਹ ਵਿੱਚ ਰੱਖਿਆ ਗਿਆ ਹੈ। ਰੀੜ੍ਹ ਦੀ ਹੱਡੀ ਵਾਲੇ ਜੀਵ-ਜੰਤੂ ਉਨ੍ਹਾਂ ਤੋਂ ਬਾਅਦ ਆਏ। ਕਾਕਰੋਚ ਡਾਇਨਾਸੋਰਾਂ ਤੋਂ ਵੀ ਪਹਿਲਾਂ ਆਏ। ਉਨ੍ਹਾਂ ਤੋਂ ਮਗਰੋਂ ਆਏ ਜੀਵਾਂ ਦੀ ਹੋਂਦ ਬਾਅਦ ਵਿੱਚ ਪਾਈ ਗਈ।" ਪਰ ਉਨ੍ਹਾਂ ਦਾ ਲੰਮੇਂ ਸਮੇਂ ਤੱਕ ਬਚੇ ਰਹਿਣਾ ਇੰਨਾ ਮਹੱਤਵਪੂਰਨ ਕਿਉਂ ਹੈ? ਡਾ. ਨਵਾਜ਼ ਆਲਮ ਖਾਨ ਦੇ ਅਨੁਸਾਰ ਇਹ ਦਿਲਚਸਪ ਹੈ ਕਿ ਲੱਖਾਂ ਸਾਲਾਂ ਵਿੱਚ ਕਈ ਤਰ੍ਹਾਂ ਦੇ ਬਦਲਾਅ ਆਏ ਹਨ। ਵਾਤਾਵਰਣ, ਮੌਸਮ, ਹਾਲਾਤ, ਸਭ ਕੁਝ ਬਦਲ ਗਿਆ ਹੈ। ਇਨ੍ਹਾਂ ਬਦਲਾਅ ਦੇ ਕਾਰਨ, ਉਦੋਂ ਤੋਂ ਬਹੁਤ ਸਾਰੇ ਜੀਵ ਅਲੋਪ ਹੋ ਗਏ ਹਨ ਜਾਂ ਖ਼ਤਮ ਹੋ ਗਏ ਹਨ। ਡਾਇਨਾਸੋਰ ਇਸਦੀ ਸਭ ਤੋਂ ਪ੍ਰਮੁੱਖ ਉਦਾਹਰਣ ਹਨ। "ਡਾਇਨਾਸੋਰ ਤੋਂ ਇਲਾਵਾ, ਬਹੁਤ ਸਾਰੇ ਹੋਰ ਜੀਵ ਅਲੋਪ ਹੋ ਗਏ ਹਨ। ਪਰ ਕਾਕਰੋਚਾਂ ਨਾਲ ਅਜਿਹਾ ਨਹੀਂ ਹੋਇਆ। ਉਹ ਜਿਵੇਂ ਸੀ ਉਸੇ ਤਰ੍ਹਾਂ ਹਨ। ਇਸ ਲੰਬੇ ਸਮੇਂ ਦੌਰਾਨ ਬਦਲਾਅ ਆਏ ਹਨ, ਪਰ ਉਹ ਬਹੁਤ ਛੋਟੇ ਹਨ, ਕੋਈ ਵੱਡੀ ਤਬਦੀਲੀ ਦਿਖਾਈ ਨਹੀਂ ਦਿੰਦੀ।" ਇਹੀ ਗੱਲ ਕਾਕਰੋਚਾਂ ਨੂੰ ਇੰਨਾ ਖਾਸ ਬਣਾਉਂਦੀ ਹੈ। ਉਹ ਲੱਖਾਂ ਸਾਲਾਂ ਤੋਂ ਜਿਉਂਦੇ ਹਨ ਅਤੇ ਫਿਰ ਵੀ ਉਨ੍ਹਾਂ ਦੀ ਸਰੀਰਕ ਬਣਤਰ ਵਿੱਚ ਕੋਈ ਖਾਸ ਬਦਲਾਅ ਨਹੀਂ ਆਇਆ ਹੈ।

### ਕਾਕਰੋਚ ਸਿਰ ਕੱਟਣ ਤੋਂ ਬਾਅਦ ਵੀ ਜਿਉਂਦਾ ਰਹਿ ਸਕਦਾ ਹੈ

ਕਾਕਰੋਚ ਦਾ ਸਰੀਰ ਕੁਦਰਤ ਦਾ ਇੱਕ ਚਮਤਕਾਰ ਹੈ। ਇਸਦਾ ਸਰੀਰ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ- ਸਿਰ, ਛਾਤੀ ਅਤੇ ਪੇਟ। ਦੋ ਐਂਟੀਨਾ ਵਰਗੀਆਂ ਬਣਤਰਾਂ ਜੋ ਅਸੀਂ ਸਾਹਮਣੇ ਦੇਖਦੇ ਹਾਂ ਉਹ ਇਸਦੇ ਸੈਂਸਰ ਵਾਲੇ ਅੰਗ ਹਨ, ਜੋ ਵਾਤਾਵਰਣ ਅਤੇ ਇਸਦੇ ਆਲੇ ਦੁਆਲੇ ਦੀਆਂ ਵਸਤੂਆਂ ਨੂੰ ਸਮਝਣ ਲਈ ਵਰਤੀਆਂ ਜਾਂਦੀਆਂ ਹਨ। ਡਾ. ਦੁਸ਼ਯੰਤ ਕੁਮਾਰ ਚੌਹਾਨ ਨੇ ਕਿਹਾ, "ਕਾਕਰੋਚ ਦੇ ਸਰੀਰ 'ਤੇ ਅਸੀਂ ਜੋ ਗੂੜ੍ਹਾ ਭੂਰਾ ਖੋਲ ਦੇਖਦੇ ਹਾਂ ਉਸ ਨੂੰ ਐਕਸੋਸਕੇਲੇਟਨ ਕਿਹਾ ਜਾਂਦਾ ਹੈ। ਇਹ ਬਹੁਤ ਮਜ਼ਬੂਤ ਹੁੰਦਾ ਹੈ ਅਤੇ ਕਾਈਟਨ ਤੋਂ ਬਣਿਆ ਹੁੰਦਾ ਹੈ। ਕਾਈਟਨ ਉਹੀ ਸਮੱਗਰੀ ਹੈ ਜਿਸ ਤੋਂ ਸਾਡੇ ਨਹੁੰ ਬਣੇ ਹੁੰਦੇ ਹਨ।"

"ਐਕਸੋਸਕੇਲੇਟਨ ਨੂੰ ਤੁਸੀਂ ਬਾਹਰੀ ਖੋਲ ਕਹਿ ਸਕਦੇ ਹੋ, ਕਾਕਰੋਚ ਦਾ ਬਾਹਰੀ ਢੱਕਣ ਕਹਿ ਸਕਦੇ ਹੋ। ਇਹ ਬਹੁਤ ਸੁਰੱਖਿਆਤਮਕ ਹੈ। ਕਾਕਰੋਚ ਦੀ ਰੱਖਿਆ ਕਰਨੀ ਅਤੇ ਉਸ ਨੂੰ ਸੁਰੱਖਿਅਤ ਰੱਖਦਾ ਹੈ। ਇਹ ਇਸਨੂੰ ਵਾਤਾਵਰਣ ਵਿੱਚ ਆਉਣ ਵਾਲੀਆਂ ਤਬਦੀਲੀਆਂ ਅਤੇ ਦੁਸ਼ਮਣਾਂ ਦੋਵਾਂ ਤੋਂ ਬਚਾਉਂਦਾ ਹੈ।" ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਜੇਕਰ ਇੱਕ ਕਾਕਰੋਚ ਦਾ ਸਿਰ ਕੱਟ ਦਿੱਤਾ ਜਾਵੇ ਜਾਂ ਕੁਚਲ ਦਿੱਤਾ ਜਾਵੇ ਤਾਂ ਵੀ ਉਹ ਜਿਉਂਦਾ ਰਹਿ ਸਕਦਾ ਹੈ ਪਰ ਕਿਵੇਂ?

ਡਾ। ਨਵਾਜ਼ ਆਲਮ ਖਾਨ ਦੱਸਦੇ ਹਨ ਕਿ ਜਿਸ ਤਰ੍ਹਾਂ ਇੱਕ ਮਨੁੱਖ ਦਾ ਦਿਮਾਗ ਹੁੰਦਾ ਹੈ, ਜੋ ਪੂਰੇ ਸਰੀਰ ਨੂੰ ਕੰਟਰੋਲ ਕਰਦਾ ਹੈ, ਉਸੇ ਤਰ੍ਹਾਂ ਕਾਕਰੋਚਾਂ ਵਿੱਚ ਵੀ ਗੈਂਗਲੀਅਨ ਹੁੰਦੇ ਹਨ। ਹਾਲਾਂਕਿ, ਇਹ ਸਿਰਫ਼ ਉਨ੍ਹਾਂ ਦੇ ਸਿਰਾਂ ਵਿੱਚ ਹੀ ਨਹੀਂ, ਸਗੋਂ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਹੁੰਦੇ ਹਨ। ਉਨ੍ਹਾਂ ਦੇ ਸਰੀਰ ਵਿੱਚ ਕਈ ਨਾੜੀਆਂ ਮਿਲ ਕੇ ਗੈਂਗਲੀਅਨ ਬਣਾਉਂਦੀਆਂ ਹਨ। ਉਨ੍ਹਾਂ ਦੇ ਸਿਰਾਂ, ਛਾਤੀਆਂ ਅਤੇ ਪੇਟ ਵਿੱਚ ਗੈਂਗਲੀਅਨ ਹੁੰਦੇ ਹਨ। ਕਾਕਰੋਚ ਦੇ ਸਿਰ ਵਿੱਚ ਮੌਜੂਦ ਗੈਂਗਲੀਅਨ ਨੂੰ ਸੁਪਰਾਈਸੋਫੇਜੀਅਲ ਗੈਂਗਲੀਅਨ ਜਾਂ ਸਬਈਸੋਫੇਜੀਅਲ ਗੈਂਗਲੀਅਨ ਕਿਹਾ ਜਾਂਦਾ ਹੈ। ਇਹ ਮਿਲ ਕੇ ਦਿਮਾਗ ਦਾ ਫੰਕਸ਼ਨ ਕਰ ਸਕਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਕਾਕਰੋਚ ਦਾ ਦਿਮਾਗ ਕਿਹਾ ਜਾਂਦਾ ਹੈ।

ਡਾ. ਖਾਨ ਦੱਸਦੇ ਹਨ, "ਜੇਕਰ ਕਾਕਰੋਚ ਦਾ ਸਿਰ ਕੱਟ ਦਿੱਤਾ ਜਾਂਦਾ ਹੈ, ਤਾਂ ਥੌਰੈਕਸ ਗੈਂਗਲੀਅਨ ਅਤੇ ਪੇਟ ਦਾ ਗੈਂਗਲੀਅਨ ਕੰਮ ਕਰਦੇ ਹਨ ਅਤੇ ਇਸਦੇ ਸਰੀਰ ਨੂੰ ਕੰਟਰੋਲ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਨਾਲ ਇਹ ਇੱਕ ਹਫ਼ਤੇ ਤੱਕ ਜਿਉਂਦਾ ਰਹਿ ਸਕਦਾ ਹੈ। ਮਨੁੱਖ ਆਪਣੇ ਨੱਕ ਜਾਂ ਮੂੰਹ ਰਾਹੀਂ ਸਾਹ ਲੈਂਦੇ ਹਨ। ਪਰ ਕਾਕਰੋਚਾਂ ਦੇ ਸਰੀਰ ਵਿੱਚ ਛੋਟੇ ਛੇਕ ਹੁੰਦੇ ਹਨ ਜਿਨ੍ਹਾਂ ਨੂੰ ਸਪਾਈਰੇਕਲ ਕਿਹਾ ਜਾਂਦਾ ਹੈ।" "ਇਹ ਉਨ੍ਹਾਂ ਦੇ ਸਾਹ ਪ੍ਰਣਾਲੀ ਵਜੋਂ ਕੰਮ ਕਰਦੇ ਹਨ। ਉਹ ਇਨ੍ਹਾਂ ਰਾਹੀਂ ਸਾਹ ਲੈਂਦੇ ਹਨ। ਇਹ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸਥਿਤ ਹੁੰਦੇ ਹਨ, ਇਸ ਲਈ ਉਹ ਇਨ੍ਹਾਂ ਰਾਹੀਂ ਗੈਸਾਂ ਦਾ ਆਦਾਨ-ਪ੍ਰਦਾਨ ਕਰ ਸਕਦੇ ਹਨ, ਭਾਵ ਉਹ ਸਾਹ ਲੈ ਸਕਦੇ ਹਨ। ਇਸੇ ਲਈ ਉਹ ਜ਼ਿੰਦਾ ਰਹਿੰਦੇ ਹਨ ਭਾਵੇਂ ਉਨ੍ਹਾਂ ਦੇ ਸਿਰ ਕੱਟ ਦਿੱਤੇ ਜਾਣ।" ਪਰ ਜੇ ਇਹ ਆਪਣੇ ਸਿਰ ਤੋਂ ਬਿਨ੍ਹਾਂ ਸਾਹ ਲੈ ਸਕਦਾ ਹੈ, ਤਾਂ ਇਹ ਇੱਕ ਹਫ਼ਤੇ ਦੇ ਅੰਦਰ ਕਿਉਂ ਮਰ ਸਕਦਾ ਹੈ?

ਡਾ. ਖਾਨ ਜਵਾਬ ਦਿੰਦੇ ਹਨ, "ਇੱਕ ਕਾਕਰੋਚ ਬਿਨ੍ਹਾਂ ਭੋਜਨ ਦੇ ਇੱਕ ਮਹੀਨੇ ਤੱਕ ਜ਼ਿੰਦਾ ਰਹਿ ਸਕਦਾ ਹੈ, ਪਰ ਪਾਣੀ ਤੋਂ ਬਿਨ੍ਹਾਂ ਸਿਰਫ਼ ਇੱਕ ਹਫ਼ਤਾ ਹੀ ਕਿਉਂਕਿ ਇਹ ਡੀਹਾਈਡਰੇਸ਼ਨ ਦਾ ਸਾਹਮਣਾ ਨਹੀਂ ਕਰ ਸਕਦਾ। ਜੇਕਰ ਇਸਦਾ ਸਿਰ ਕੱਟ ਦਿੱਤਾ ਜਾਂਦਾ ਹੈ ਜਾਂ ਕੁਚਲ ਦਿੱਤਾ ਜਾਂਦਾ ਹੈ, ਤਾਂ ਇਹ ਆਪਣਾ ਮੂੰਹ ਖੋ ਦੇਵੇਗਾ, ਅਤੇ ਉਸ ਸਥਿਤੀ ਵਿੱਚ, ਇਹ ਪਾਣੀ ਪੀਣ ਦੇ ਯੋਗ ਨਹੀਂ ਹੋਵੇਗਾ। ਇਹ ਪਾਣੀ ਤੋਂ ਬਿਨ੍ਹਾਂ ਇੱਕ ਹਫ਼ਤੇ ਤੱਕ ਰਹਿ ਸਕਦਾ ਹੈ। ਉਨ੍ਹਾਂ ਨੂੰ ਪਾਣੀ ਅਤੇ ਨਮੀ ਦੀ ਜ਼ਰੂਰਤ ਹੁੰਦੀ ਹੈ।"

### ਕਾਕਰੋਚ ਰਾਤ ਨੂੰ ਜ਼ਿਆਦਾ ਕਿਉਂ ਦਿਖਾਈ ਦਿੰਦੇ ਹਨ?

ਤੁਸੀਂ ਦੇਖਿਆ ਹੋਵੇਗਾ ਕਿ ਕਾਕਰੋਚ ਰਾਤ ਨੂੰ ਜ਼ਿਆਦਾ ਦਿਖਾਈ ਦਿੰਦੇ ਹਨ ਅਤੇ ਦਿਨ ਵੇਲੇ ਅਲੋਪ ਹੋ ਜਾਂਦੇ ਹਨ। ਅਸਲ ਵਿੱਚ, ਉਹ ਅਲੋਪ ਨਹੀਂ ਹੁੰਦੇ, ਸਗੋਂ ਲੁਕੇ ਰਹਿੰਦੇ ਹਨ। ਪਰ ਕਿਉਂ? ਅਸਲ ਵਿੱਚ ਕਾਕਰੋਚ ਰਾਤ ਸਮੇਂ ਜ਼ਿਆਦਾ ਸਰਗਰਮ ਹੁੰਦੇ ਹਨ ਅਤੇ ਦਿਨ ਵੇਲੇ ਹਨੇਰੇ, ਗਿੱਲੀਆਂ ਥਾਵਾਂ ਵਿੱਚ ਲੁਕ ਜਾਂਦੇ ਹਨ। ਉਹ ਰਾਤ ਨੂੰ ਭੋਜਨ ਅਤੇ ਪਾਣੀ ਦੀ ਭਾਲ ਵਿੱਚ ਬਾਹਰ ਆਉਂਦੇ ਹਨ। ਇਸਦਾ ਇੱਕ ਕਾਰਨ ਆਪਣੇ ਦੁਸ਼ਮਣਾਂ ਤੋਂ ਸੁਰੱਖਿਅਤ ਰਹਿਣਾ ਹੈ। ਡਾ. ਦੁਸ਼ਯੰਤ ਕੁਮਾਰ ਚੌਹਾਨ ਦੱਸਦੇ ਹਨ, "ਤੁਸੀਂ ਅਕਸਰ ਰਸੋਈਆਂ ਅਤੇ ਬਾਥਰੂਮਾਂ ਵਿੱਚ ਕਾਕਰੋਚ ਵੇਖੋਗੇ। ਕਾਰਨ ਸਪੱਸ਼ਟ ਹੈ, ਭੋਜਨ ਅਤੇ ਨਮੀ। ਉਹ ਫਾਲਤੂ ਪਦਾਰਥ ਖਾਂਦੇ ਹਨ, ਇਸੇ ਕਰਕੇ ਉਹ ਅਕਸਰ ਸਾਡੇ ਘਰਾਂ ਵਿੱਚ ਦੇਖੇ ਜਾਂਦੇ ਹਨ। ਉਹ ਭੋਜਨ ਦੀ ਭਾਲ ਵਿੱਚ ਰਸੋਈਆਂ ਵਿੱਚ ਰਹਿੰਦੇ ਹਨ। ਉਹ ਦਿਨ ਵੇਲੇ ਲੁਕ ਜਾਂਦੇ ਹਨ ਅਤੇ ਰਾਤ ਨੂੰ ਭੋਜਨ ਅਤੇ ਪਾਣੀ ਦੀ ਭਾਲ ਵਿੱਚ ਬਾਹਰ ਆਉਂਦੇ ਹਨ।" ਉਨ੍ਹਾਂ ਕਿਹਾ, "ਉਹ ਰਾਤ ਦੇ ਜੀਵ ਹਨ। ਇਸ ਲਈ ਉਨ੍ਹਾਂ ਨੂੰ ਰੌਸ਼ਨੀ ਪਸੰਦ ਨਹੀਂ ਹੈ ਅਤੇ ਹਨੇਰੇ ਵਿੱਚ ਸਰਗਰਮ ਰਹਿੰਦੇ ਹਨ। ਉਹ ਰਾਤ ਨੂੰ ਜ਼ਿਆਦਾ ਬਾਹਰ ਆਉਂਦੇ ਹਨ। ਭਾਵੇਂ ਤੁਸੀਂ ਉਨ੍ਹਾਂ ਨੂੰ ਦਿਨ ਵੇਲੇ ਦੇਖਦੇ ਹੋ ਪਰ ਤੁਸੀਂ ਦੇਖੋਗੇ ਕਿ ਉਹ ਜਿੰਨੀ ਜਲਦੀ ਹੋ ਸਕੇ ਉਹ ਹਨੇਰੇ ਵੱਲ ਭੱਜਣ ਦੀ ਕੋਸ਼ਿਸ਼ ਕਰਦੇ ਹਨ।" ਡਾ. ਖਾਨ ਇਸ 'ਤੇ ਵੀ ਚਾਨਣਾ ਪਾਉਂਦੇ ਹਨ ਕਿ ਕਾਕਰੋਚਾਂ ਦੀਆਂ 4500 ਕਿਸਮਾਂ ਵਿੱਚੋਂ ਲਗਭਗ 30 ਅਜਿਹੀਆਂ ਹਨ ਜੋ ਸਾਡੇ ਵਿੱਚ ਰਹਿੰਦੀਆਂ ਹਨ। "ਉਹ ਜ਼ਿਆਦਾਤਰ ਉੱਥੇ ਰਹਿੰਦੇ ਹਨ ਜਿੱਥੇ ਨਮੀ ਹੁੰਦੀ ਹੈ। ਉਨ੍ਹਾਂ ਨੂੰ ਰਸੋਈ ਵਿੱਚ ਖਾਣਾ-ਪੀਣਾ ਅਤੇ ਬਾਥਰੂਮ ਵਿੱਚ ਨਮੀ ਮਿਲਦੀ ਹੈ।"

"ਜੀਵਾਂ ਦੀ ਗੱਲ ਕਰੀਏ ਤਾਂ ਇਹ ਦੋ ਤਰ੍ਹਾਂ ਦੇ ਜੀਵ ਹੁੰਦੇ ਹਨ: ਰਾਤ-ਵਰਤੇ (ਨੌਕਟਰਨਲ) ਅਤੇ ਦਿਨ-ਵਰਤੇ (ਡਾਇਅਰਨਲ)। ਕਾਕਰੋਚ ਰਾਤ ਵਾਲੇ ਹੁੰਦੇ ਹਨ। ਉਹਨਾਂ ਨੂੰ ਰੌਸ਼ਨੀ ਪਸੰਦ ਨਹੀਂ ਹੁੰਦੀ, ਇਸ ਲਈ ਉਹ ਖੂੰਜਿਆਂ ਵਿੱਚ ਲੁਕੇ ਰਹਿੰਦੇ ਹਨ। ਰਸੋਈ ਅਤੇ ਬਾਥਰੂਮ ਦੇ ਕੋਨੇ ਹਨੇਰੇ, ਗਿੱਲੇ ਅਤੇ ਭੋਜਨ ਨਾਲ ਭਰੇ ਹੁੰਦੇ ਹਨ, ਇਸ ਲਈ ਕਾਕਰੋਚ ਆਮ ਤੌਰ 'ਤੇ ਉੱਥੇ ਦੇਖੇ ਜਾਂਦੇ ਹਨ।"

### ਕੀ ਕਾਕਰੋਚ ਪ੍ਰਮਾਣੂ ਹਮਲੇ ਤੋਂ ਬਚ ਸਕਦੇ ਹਨ?

ਕਾਕਰੋਚਾਂ ਦੀ ਉਮਰ ਪ੍ਰਜਾਤੀਆਂ ਦੇ ਆਧਾਰ 'ਤੇ ਵੱਖ-ਵੱਖ ਹੁੰਦੀ ਹੈ। ਕੁਝ ਕਾਕਰੋਚ 150-170 ਦਿਨ ਜੀਉਂਦੇ ਹਨ, ਜਦੋਂ ਕਿ ਦੂਜਿਆਂ ਦੀ ਔਸਤ ਉਮਰ ਇੱਕ ਸਾਲ ਤੱਕ ਹੁੰਦੀ ਹੈ। ਡਾ. ਚੌਹਾਨ ਸਮਝਾਉਂਦੇ ਹਨ, "ਜਰਮਨ ਕਾਕਰੋਚ ਦੀ ਔਸਤ ਉਮਰ 150-170 ਦਿਨ ਹੁੰਦੀ ਹੈ। ਮਾਦਾ ਥੋੜੀ ਜ਼ਿਆਦਾ ਜੀਉਂਦੀਆਂ ਹਨ, ਉਹ 180 ਦਿਨਾਂ ਤੱਕ ਪਹੁੰਚਦੀਆਂ ਹਨ।" ਅਕਸਰ ਕਿਹਾ ਜਾਂਦਾ ਹੈ ਕਿ ਕੋਈ ਵੀ ਪ੍ਰਮਾਣੂ ਹਮਲੇ ਤੋਂ ਨਹੀਂ ਬਚੇਗਾ, ਪਰ ਇਸ ਵਿੱਚ ਕਿੰਨੀ ਸੱਚਾਈ ਹੈ ਕਿ ਕਾਕਰੋਚ ਬਚਣਗੇ? ਉਹ ਕਹਿੰਦੇ ਹਨ, "ਇਹ ਸੱਚ ਨਹੀਂ ਜਾਪਦਾ ਕਿਉਂਕਿ ਕਿਸੇ ਵੀ ਹੋਰ ਜੀਵ ਵਾਂਗ ਕਾਕਰੋਚ ਪ੍ਰਮਾਣੂ ਹਮਲੇ ਜਾਂ ਧਮਾਕੇ ਦੌਰਾਨ ਗਰਮੀ ਨਾਲ ਮਰ ਜਾਣਗੇ। ਇਨ੍ਹਾਂ ਦਾ ਸੈੱਲੂਲਰ ਮੈਟੀਰੀਅਲ ਫਟ ਜਾਵੇਗਾ। ਇਹ ਸੱਚ ਹੈ ਕਿ ਕਾਕਰੋਚਾਂ ਵਿੱਚ ਰੇਡੀਏਸ਼ਨ ਦਾ ਸਾਹਮਣਾ ਕਰਨ ਅਤੇ ਬਚਣ ਦੀ 15 ਗੁਣਾ ਜ਼ਿਆਦਾ ਸਮਰੱਥਾ ਹੁੰਦੀ ਹੈ। ਪਰ ਜਿੱਥੇ ਹਮਲਾ ਹੁੰਦਾ ਹੈ, ਉਹ ਬਚ ਨਹੀਂ ਸਕਦੇ।" ਮਾਹਿਰਾਂ ਦੇ ਅਨੁਸਾਰ ਜੈਨੇਟਿਕ ਦੇ ਮਾਮਲੇ ਵਿੱਚ ਕਾਕਰੋਚਾਂ ਵਿੱਚ ਬਹੁਤ ਜ਼ਿਆਦਾ ਅਨੁਕੂਲਤਾ ਹੁੰਦੀ ਹੈ। ਇਸਦਾ ਅਰਥ ਹੈ ਅਨੁਕੂਲ ਹੋਣ ਦੀ ਯੋਗਤਾ। ਕਾਕਰੋਚਾਂ ਦੀ ਸਰੀਰਕ ਬਣਤਰ ਰੇਡੀਏਸ਼ਨ ਦੇ ਸਾਹਮਣੇ ਬਹੁਤ ਕੰਮ ਆਉਂਦੀ ਹੈ, ਜਿਸ ਕਾਰਨ ਉਹ ਇਸਦਾ ਸਾਹਮਣਾ ਕਰ ਸਕਦੇ ਹਨ। ਡਾ. ਖਾਨ ਨੇ ਦੱਸਿਆ, "ਇਹ ਸਵਾਲ ਅਕਸਰ ਉੱਠਦਾ ਹੈ ਕਿ ਕੀ ਕਾਕਰੋਚ ਪ੍ਰਮਾਣੂ ਹਮਲੇ ਵਿੱਚ ਬਚ ਜਾਣਗੇ। ਇਹ ਨਹੀਂ ਹੈ ਕਿ ਜਿੱਥੇ ਹਮਲਾ ਹੋਵੇਗਾ, ਉੱਥੇ ਕਾਕਰੋਚ ਬਚੇ ਰਹਿਣਗੇ , ਪਰ ਇਹ ਵੀ ਸੱਚ ਹੈ ਕਿ ਉਹ ਰੇਡੀਏਸ਼ਨ ਦਾ ਸਾਹਮ ਕਰਣਗੇ। ਸਾਡੇ ਨਾਲ ਅਜਿਹਾ ਨਹੀਂ ਹੈ।" "ਮਨੁੱਖੀ ਸਰੀਰ ਦੇ ਮਾਮਲੇ ਵਿੱਚ ਅਜਿਹਾ ਨਹੀਂ ਹੈ। ਇਹ ਪਰਿਵਰਤਨ ਵਿੱਚੋਂ ਗੁਜ਼ਰੇਗਾ, ਬਿਮਾਰ ਹੋ ਜਾਵੇਗਾ ਅਤੇ ਮਰ ਜਾਵੇਗਾ। ਪਰ ਕਾਕਰੋਚਾਂ ਵਿੱਚ ਵਿਰੋਧ ਦੀ ਸਮਰੱਥਾ ਹੁੰਦੀ ਹੈ, ਪਰ ਉਨ੍ਹਾਂ ਦੀ ਕਮਜ਼ੋਰੀ ਡੀਹਾਈਡਰੇਸ਼ਨ ਹੈ। ਉਨ੍ਹਾਂ ਨੂੰ ਪਾਣੀ ਦੀ ਲੋੜ ਹੁੰਦੀ ਹੈ। ਪਾਣੀ ਤੋਂ ਬਿਨ੍ਹਾਂ ਉਹ ਮਰ ਜਾਂਦੇ ਹਨ ਅਤੇ ਬਹੁਤ ਜ਼ਿਆਦਾ ਤਾਪਮਾਨਾਂ ਵਿੱਚ ਨਹੀਂ ਰਹਿ ਸਕਦੇ। ਇਹ ਜੀਵ ਬਹੁਤ ਜ਼ਿਆਦਾ ਗਰਮੀ ਜਾਂ ਬਹੁਤ ਜ਼ਿਆਦਾ ਠੰਢ ਨੂੰ ਬਰਦਾਸ਼ਤ ਨਹੀਂ ਕਰ ਸਕਦਾ।" ਅੰਤ ਵਿੱਚ ਸਭ ਤੋਂ ਮਹੱਤਵਪੂਰਨ ਸਵਾਲ। ਅਸੀਂ ਕਾਕਰੋਚਾਂ ਤੋਂ ਕਿਵੇਂ ਛੁਟਕਾਰਾ ਪਾ ਸਕਦੇ ਹਾਂ, ਕਿਉਂਕਿ ਵਾਰ-ਵਾਰ ਕੋਸ਼ਿਸ਼ਾਂ ਦੇ ਬਾਵਜੂਦ ਉਹ ਵਾਪਸ ਆਉਂਦੇ ਰਹਿੰਦੇ ਹਨ?

ਇਸ ਸਵਾਲ ਦੇ ਜਵਾਬ ਵਿੱਚ ਡਾ। ਖਾਨ ਨੇ ਕਿਹਾ, "ਨਿੰਬੂ ਜਾਤੀ ਦੇ ਫਲਾਂ ਵਿੱਚ ਲਿਮੋਨੀਨ ਨਾਮਕ ਇੱਕ ਤੱਤ ਹੁੰਦਾ ਹੈ। ਕਈ ਵਾਰ ਸਾਨੂੰ ਇੱਕ ਖਾਸ ਗੰਧ ਪਸੰਦ ਨਹੀਂ ਆਉਂਦੀ ਅਤੇ ਇਹ ਸਾਨੂੰ ਪਰੇਸ਼ਾਨ ਕਰਦੀ ਹੈ। ਇਸੇ ਤਰ੍ਹਾਂ, ਕਾਕਰੋਚਾਂ ਦੇ ਮਾਮਲੇ ਵਿੱਚ, ਇਹ ਲਿਮੋਨੀਨ ਹੈ। ਇਸੇ ਲਈ ਇਸ ਨੂੰ ਵਪਾਰਕ ਉਤਪਾਦਾਂ ਵਿੱਚ ਕਾਕਰੋਚਾਂ ਨੂੰ ਭਜਾਉਣ ਲਈ ਵਰਤਿਆ ਜਾਂਦਾ ਹੈ।" ਪਰ ਕਾਕਰੋਚ ਘੱਟ ਨਹੀਂ ਹਨ। ਤੁਸੀਂ ਦੇਖੋਗੇ ਕਿ ਜੇਕਰ ਉਹ ਇਸ ਨਾਲ ਨਹੀਂ ਮਰਦੇ ਤਾਂ ਅਲੋਪ ਹੋ ਜਾਂਦੇ ਹਨ, ਤਾਂ ਉਹ ਕੁਝ ਸਮੇਂ ਜਾਂ ਇੱਕ ਦਿਨ ਬਾਅਦ ਦੁਬਾਰਾ ਦਿਖਾਈ ਦਿੰਦੇ ਹਨ। ਕਿਵੇਂ? ਡਾ. ਖਾਨ ਇੱਕ-ਲਾਈਨ ਵਿੱਚ ਜਵਾਬ ਦਿੰਦੇ ਹਨ, "ਕਿਉਂਕਿ ਕਾਕਰੋਚ ਬਹੁਤ ਅਨੁਕੂਲ ਹੁੰਦੇ ਹਨ। ਉਹ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਅਨੁਕੂਲ ਹੁੰਦੇ ਹਨ ਅਤੇ ਉਨ੍ਹਾਂ ਦਾ ਸਾਹਮਣਾ ਕਰਦੇ ਹਨ। ਇਸੇ ਲਈ ਉਹ ਲੱਖਾਂ ਸਾਲਾਂ ਤੋਂ ਮੁਸ਼ਕਲ ਅਤੇ ਬਦਲਦੀਆਂ ਸਥਿਤੀਆਂ ਵਿੱਚ ਵੀ ਜਿਉਂਦੇ ਰਹੇ ਹਨ।"

# ਅਮਰੀਕਾ ਦਾ ਟਰਾਂਸਪੋਰਟ ਵਿਭਾਗ ਟਰੱਕਿੰਗ ਸਿਖਾਉਣ ਵਾਲੇ ਸਕੂਲਾਂ ਤੋਂ ਦੁਖੀ ਕਿਉਂ?

ਅਮਰੀਕੀ ਸਰਕਾਰ ਦੁਆਰਾ ਦੇਸ਼ ਭਰ ਵਿੱਚ ਸੂਚੀਬੱਧ 16,000 ਟਰੱਕ ਡਰਾਈਵਿੰਗ ਪ੍ਰੋਗਰਾਮਾਂ ਵਿੱਚੋਂ ਲਗਭਗ 44% ਨੂੰ ਬੰਦ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ ਕਿਉਂਕਿ ਫੈਡਰਲ ਟਰਾਂਸਪੋਰਟੇਸ਼ਨ ਵਿਭਾਗ ਦੁਆਰਾ ਇੱਕ ਸਮੀਖਿਆ ਦੌਰਾਨ ਇਹ ਪਾਇਆ ਗਿਆ ਕਿ ਉਹ ਨਿਯਮਾਂ ਦੀ ਪਾਲਣਾ ਨਹੀਂ ਕਰਦੇ।

ਟਰਾਂਸਪੋਰਟੇਸ਼ਨ ਵਿਭਾਗ ਨੇ ਸੋਮਵਾਰ ਨੂੰ ਕਿਹਾ ਕਿ ਉਹ ਲਗਭਗ 3,000 ਸਕੂਲਾਂ ਦੀ ਪ੍ਰਮਾਣਿਕਤਾ ਰੱਦ ਕਰਨ ਦੀ ਯੋਜਨਾ ਬਣਾ ਰਿਹਾ ਹੈ ਇਨ੍ਹਾਂ ਸਕੂਲਾਂ ਨੂੰ ਵਿਦਿਆਰਥੀਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੀ ਪ੍ਰਮਾਣਿਕਤਾ ਖ਼ਤਰੇ ਵਿੱਚ ਹੈ। ਹੋਰ 4,500 ਸਕੂਲਾਂ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਵੀ ਅਜਿਹੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਿਹੜੇ ਸਕੂਲ ਪ੍ਰਮਾਣਿਕਤਾ ਗੁਆ ਦਿੰਦੇ ਹਨ, ਉਹ ਡਰਾਈਵਰ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਲੋੜੀਂਦੀ ਸਿਖਲਾਈ ਪੂਰੀ



ਕਰਨ ਦਾ ਸਰਟੀਫਿਕੇਟ ਜਾਰੀ ਕਰਨ ਦੇ ਯੋਗ ਨਹੀਂ ਹੋਣਗੇ, ਇਸ ਲਈ ਵਿਦਿਆਰਥੀਆਂ ਦੇ ਉਨ੍ਹਾਂ ਸਕੂਲਾਂ ਨੂੰ ਛੱਡਣ ਦੀ ਸੰਭਾਵਨਾ ਹੈ। ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਵਿੱਚੋਂ ਕਿੰਨੇ ਸਕੂਲ ਸਰਗਰਮੀ ਨਾਲ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ।

ਇਸ ਤੋਂ ਇਲਾਵਾ, ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿ ਰਿਟੀ ਕੈਲੀਫੋਰਨੀਆ ਵਿੱਚ ਪ੍ਰਵਾਸੀਆਂ ਦੀ ਮਲਕੀਅਤ ਵਾਲੀਆਂ ਟਰੱਕਿੰਗ ਫਰਮਾਂ ਦਾ ਆਡਿਟ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਦੇ ਡਰਾਈਵਰਾਂ ਦੀ ਸਥਿਤੀ ਦੀ ਪੁਸ਼ਟੀ ਕੀਤੀ ਜਾ ਸਕੇ ਅਤੇ ਕੀ ਉਨ੍ਹਾਂ ਕੋਲ ਕਮਰਸ਼ੀਅਲ ਡਰਾਈਵਰਜ਼ ਲਾਇਸੈਂਸ ਹੋਣ ਦੀ ਯੋਗਤਾ ਹੈ। ਹਾਲਾਂਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਟਰੱਕਿੰਗ ਸਕੂਲਾਂ ਵਿਰੁੱਧ ਕਾਰਵਾਈ ਨਾਲ ਡਰਾਈਵਰਾਂ ਦੀ ਮੌਜੂਦਾ ਘਾਟ 'ਤੇ ਕਿਵੇਂ ਅਸਰ ਪੈ ਸਕਦਾ ਹੈ ਪਰ ਟਰੱਕਿੰਗ ਸਕੂਲਾਂ ਦੀ ਸਭ ਤੋਂ ਵੱਡੀ ਐਸੋਸੀਏਸ਼ਨ ਦੇ ਕਾਰਜਕਾਰੀ ਨਿਰਦੇਸ਼ਕ, ਐਂਡਰਿਊ ਪੋਲੀਆਕੋਫ ਨੇ ਕਿਹਾ ਕਿ ਡੀ-ਸਰਟੀਫਾਈ ਕੀਤੇ ਜਾ ਰਹੇ ਬਹੁਤ ਸਾਰੇ ਸਕੂਲ ਸ਼ੱਕੀ ਛਫ਼ ਮਿੱਲਜ਼ ਸਨ ਜੋ ਸਿਰਫ਼ ਕੁਝ ਦਿਨਾਂ ਵਿੱਚ ਡਰਾਈਵਰਾਂ ਨੂੰ ਸਿਖਲਾਈ ਦੇਣ ਦਾ ਇਸ਼ਤਿਹਾਰ ਦਿੰਦੇ ਸਨ। ਉਨ੍ਹਾਂ ਕਿਹਾ ਕਿ ਉਹ ਸ਼ੱਕੀ ਸਕੂਲ ਅਸਲ ਵਿੱਚ ਲੋਕਾਂ ਤੋਂ ਪੈਸੇ ਠੱਗ ਰਹੇ ਸਨ, ਬਿਨਾਂ ਉਨ੍ਹਾਂ ਨੂੰ ਨੌਕਰੀ ਪ੍ਰਾਪਤ ਕਰਨ ਜਾਂ ਟੈਸਟ ਪਾਸ ਕਰਨ ਲਈ ਲੋੜੀਂਦੇ ਹੁਨਰ ਸਿਖਾਏ।

ਟਰਾਂਸਪੋਰਟੇਸ਼ਨ ਵਿਭਾਗ ਨੇ ਕਿਹਾ ਕਿ ਜਿਨ੍ਹਾਂ 3,000 ਸਕੂਲਾਂ 'ਤੇ ਉਹ ਕਾਰਵਾਈ ਕਰ ਰਿਹਾ ਹੈ, ਉਹ ਸਿਖਲਾਈ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਅਤੇ ਉਨ੍ਹਾਂ ਨੇ ਸਹੀ ਅਤੇ ਸੰਪੂਰਨ ਰਿਕਾਰਡ ਨਹੀਂ ਰੱਖੇ। ਸਕੂਲਾਂ 'ਤੇ ਸਿਖਲਾਈ ਡਾਟਾ ਨੂੰ ਗਲਤ ਸਾਬਤ ਕਰਨ ਜਾਂ ਹੇਰਾਫੇਰੀ ਕਰਨ ਦਾ ਵੀ ਦੋਸ਼ ਹੈ।

# ਖੇਡ ਮੈਦਾਨ ਤੋਂ ਸਿਆਸਤ ਤਕ ਦਾ ਸਫ਼ਰ ਤੈਅ ਕਰਨ ਵਾਲੇ ਨਾਮਵਰ ਖਿਡਾਰੀ

ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ ਵਿਚ ਲੰਪੀਅਨ ਖਿਡਾਰੀਆਂ ਦੀ ਰਾਜਨੀਤੀ 'ਚ ਦਿਲਚਸਪੀ ਦਿਨੋਂ-ਦਿਨ ਵੱਧਦੀ ਜਾ ਰਹੀ ਹੈ। ਸਟਾਰ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਰਕਾਰ ਦੀ ਸਿਫ਼ਾਰਸ਼ 'ਤੇ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ। ਪਦਮਸ਼੍ਰੀ ਤੇ ਪਦਮ ਭੂਸ਼ਣ ਐਵਾਰਡ ਹਾਸਿਲ ਲੰਪੀਅਨ ਮੁੱਕੇਬਾਜ਼ ਮੈਰੀਕਾਮ ਨੂੰ 25 ਅਪ੍ਰੈਲ, 2016 'ਚ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਰਾਜ ਸਭਾ 'ਚ ਨਾਮਜ਼ਦ ਕੀਤਾ ਗਿਆ। ਕ੍ਰਿਕਟਰ ਗੌਤਮ ਗੰਭੀਰ ਦਿੱਲੀ ਤੋਂ ਬੀਜੇਪੀ ਵੱਲੋਂ ਤੇ ਹਰਫ਼ਨਮੌਲਾ ਕ੍ਰਿਕਟਰ ਯੂਸਫ਼ ਪਠਾਨ ਪੱਛਮੀ ਬੰਗਾਲ ਤੋਂ ਤ੍ਰਿਣਮੂਲ ਕਾਂਗਸਰ ਦੀ ਟਿਕਟ 'ਤੇ ਲੋਕ ਸਭਾ ਦੀਆਂ ਪੌੜੀਆਂ ਚੜ੍ਹਨ 'ਚ ਸਫ਼ਲ ਹੋਏ। ਇਨ੍ਹਾਂ ਦੋਵਾਂ ਤੋਂ ਪਹਿਲਾਂ ਮਰਹੂਮ ਕ੍ਰਿਕਟਰ ਕੀਰਤੀ ਆਜ਼ਾਦ ਵੀ ਦਰਭੰਗਾ (ਬਿਹਾਰ) ਲੋਕ ਸਭਾ ਸੀਟ ਤੋਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਪਾਰਲੀਮੈਂਟ ਰਹਿ ਚੁੱਕੇ ਹਨ।

### ਸਟਾਰ ਡਰੈਗ ਫਲਿੱਕਰ ਰਿਹਾ ਸੰਦੀਪ ਸਿੰਘ

ਕੌਮੀ ਹਾਕੀ ਟੀਮ ਦੇ ਸਾਬਕਾ ਕਪਤਾਨ ਸੰਦੀਪ ਸਿੰਘ ਨੇ ਪਿਹੋਵਾ ਹਲਕੇ ਤੋਂ ਜਿੱਤ ਦਰਜ ਕਰ ਕੇ ਪਹਿਲੀ ਵਾਰ ਇਹ ਸੀਟ ਭਾਰਤੀ ਜਨਤਾ ਪਾਰਟੀ ਦੀ ਝੋਲੀ ਪਾਈ ਹੈ। ਕਾਬਿਲੇਗੌਰ ਹੈ ਕਿ ਸੰਦੀਪ ਸਿੰਘ 90 ਮੈਂਬਰੀ ਹਰਿਆਣਾ ਵਿਧਾਨ ਸਭਾ 'ਚ ਚੋਣ ਜਿੱਤਣ ਵਾਲੇ ਇੱਕੋ ਇਕ ਸਿੱਖ ਚਿਹਰਾ ਹਨ। ਖ਼ਾਸ ਗੱਲ ਇਹ ਰਹੀ ਕਿ ਸੰਦੀਪ ਸਿੰਘ ਨੇ ਮੰਤਰੀ ਬਣਨ ਤੋਂ ਬਾਅਦ ਮੰਤਰਾਲੇ ਦੀ ਗੋਪਨੀਅਤਾ ਬਣਾਈ ਰੱਖਣ ਲਈ ਸਹੁੰ ਪੰਜਾਬੀ ਭਾਸ਼ਾ 'ਚ ਚੁੱਕੀ ਸੀ। ਵਿਸ਼ਵ ਹਾਕੀ ਦੇ ਗਲਿਆਰਿਆਂ 'ਚ ਸੰਦੀਪ ਸਿੰਘ ਨੇ ਚੰਗਾ ਨਾਮਣਾ ਖੱਟਿਆ ਹੈ।

### ਹਾਕੀ ਉਲੰਪੀਅਨ ਪਰਗਟ ਸਿੰਘ

ਤਿੰਨ ਵਾਰ ਲੰਪਿਕ ਹਾਕੀ 'ਚ ਦੇਸ਼ ਦੀ ਪ੍ਰਤੀਨਿਧਤਾ ਕਰਨ ਵਾਲੇ ਪਰਗਟ ਸਿੰਘ ਵੱਲੋਂ ਖੇਡੀ ਗਈ ਸ਼ਾਨਦਾਰ ਖੇਡ ਪਾਰੀ ਦਾ ਮੁੱਲ ਪਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਆਪਣੀ ਸਰਕਾਰ 'ਚ ਜਲੰਧਰ ਕੈਂਟ ਤੋਂ ਦੂਜੀ ਵਾਰ ਵਿਧਾਇਕ ਬਣੇ ਸਾਬਕਾ ਹਾਕੀ ਲੰਪੀਅਨ ਪਰਗਟ ਸਿੰਘ ਨੂੰ ਖੇਡ ਮੰਤਰੀ ਨਾਮਜ਼ਦ ਕੀਤਾ ਗਿਆ। ਪ੍ਰਸਿੱਧ ਫੁਲ ਬੈਕ ਖਿਡਾਰੀ ਪਰਗਟ ਸਿੰਘ ਨੂੰ ਅਕਾਲੀ-ਭਾਜਪਾ ਸਰਕਾਰ ਵੱਲੋਂ ਡਾਇਰੈਕਟਰ ਸਪੋਰਟਸ ਪੰਜਾਬ ਲਗਾਇਆ ਗਿਆ ਸੀ। ਖੇਡ ਵਿਭਾਗ 'ਚ ਡਾਇਰੈਕਟਰ ਤੋਂ ਪਹਿਲਾਂ ਪਰਗਟ ਸਿੰਘ ਪੰਜਾਬ ਪੁਲਿਸ 'ਚ ਐੈਸਪੀ ਦੇ ਅਹੁਦੇ 'ਤੇ ਬਿਰਾਜਮਾਨ ਸਨ। ਜਥੇਦਾਰ ਤੋਤਾ ਸਿੰਘ ਨਾਲ ਨਜ਼ਦੀਕੀ ਰਿਸ਼ਤੇਦਾਰੀ ਹੋਣ ਸਦਕਾ ਪਰਗਟ ਸਿੰਘ ਨੂੰ 2012 'ਚ ਅਕਾਲੀ ਦਲ ਵੱਲੋਂ ਜਲੰਧਰ ਕੈਂਟ ਤੋਂ ਐੈਮਐੈਲਏ ਦੀ ਚੋਣ ਲੜਾਈ ਗਈ। ਅਕਾਲੀ ਦਲ ਦੀ ਟਿਕਟ 'ਤੇ ਪਰਗਟ ਸਿੰਘ ਸ਼ਾਨਦਾਰ ਜਿੱਤ ਦਰਜ ਕਰ ਕੇ ਪਹਿਲੀ ਵਾਰ ਵਿਧਾਇਕ ਬਣੇ।



### ਅਥਲੀਟ ਜਿਓਤਿਰਮਈ ਸਿਕਦਾਰ

ਬੈਂਕਾਕ-1998 'ਚ ਖੇਡੀਆਂ ਗਈਆਂ 13ਵੀਆਂ ਏਸ਼ੀਅਨ ਗੇਮਜ਼ 'ਚ 800 ਤੇ 1500 ਮੀਟਰ ਰੇਸਾਂ 'ਚ ਦੋ ਗੋਲਡ ਮੈਡਲ ਆਪਣੇ ਗਲੇ ਦਾ ਸ਼ਿੰਗਾਰ ਬਣਾਉਣ ਵਾਲੀ ਇੰਡੀਅਨ ਮਹਿਲਾ ਅਥਲੀਟ ਜਿ ਤਿਰਮਈ ਸਿਕਦਾਰ ਨੂੰ ਬੰਗਾਲ ਤੋਂ ਕਮਿਊਨਿਸਟ ਪਾਰਟੀ ਦੀ ਟਿਕਟ 'ਤੇ 13ਵੀਂ ਲੋਕ ਸਭਾ 'ਚ ਕਰੀਸ਼ਨਗਰ ਸੀਟ ਤੋਂ ਪਾਰਲੀਮੈਂਟ ਮੈਂਬਰ ਬਣਨ ਦਾ ਮਾਣ ਹਾਸਿਲ ਹੋਇਆ ਪਰ ਸਾਲ 1998 'ਚ ਸਿਕਦਾਰ ਇਸੇ ਸੀਟ ਤੋਂ ਤ੍ਰਿਮੂਲ ਕਾਂਗਰਸ ਦੇ ਉਮੀਦਵਾਰ ਤੋਂ ਚੋਣ ਹਾਰ ਗਈ। ਇਸ ਹਾਰ ਤੋਂ ਬਾਅਦ ਸਿਕਦਾਰ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਿਲ ਹੋ ਗਈ। ਹੁਣ ਉਹ ਬੰਗਾਲ ਵਿਚ ਬੀਜੇਪੀ ਨੂੰ ਸਪੋਰਟ ਕਰ ਰਹੀ ਹੈ। ਫਰਵਰੀ 1994 ਵਿਚ ਪੰਜਾਬੀ ਅਥਲੀਟ ਅਵਤਾਰ ਸਿੰਘ ਨਾਲ ਲਾਵਾਂ ਲੈਣ ਵਾਲੀ ਸਿਕਦਾਰ ਨੂੰ ਸਰਕਾਰ ਵੱਲੋਂ 1995 'ਚ 'ਅਰਜੁਨਾ ਐਵਾਰਡ' ਤੇ 2003 'ਚ 'ਪਦਮਸ਼੍ਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਅਥਲੀਟ ਜੋੜੇ ਜਿ ਤਿਰਮਈ ਸਿਕਦਾਰ ਤੇ ਅਵਤਾਰ ਸਿੰਘ ਦੇ ਇਕਲੌਤੇ ਪੁੱਤਰ ਦਾ ਨਾਂ ਅਵਰਾਜਿ ਤੀ ਸਿੰਘ ਹੈ।

### ਕਰਨਲ (ਰਿਟਾ.) ਓਲੰਪੀਅਨ ਸ਼ੂਟਰ ਰਾਜਵਰਧਨ ਸਿੰਘ ਰਾਠੌੜ



ਭਾਰਤੀ ਆਰਮੀ 'ਚੋਂ ਕਰਨਲ ਦੇ ਰੈਂਕ ਤੋਂ ਰਿਟਾਇਰ ਹੋਏ ਲੰਪੀਅਨ ਸ਼ੂਟਰ ਰਾਜਵਰਧਨ ਸਿੰਘ ਰਾਠੌੜ ਨੂੰ ਜੈਪੁਰ ਰੂਰਲ ਤੋਂ ਮੈਂਬਰ ਪਾਰਲੀਮੈਂਟ ਬਣਨ ਤੋਂ ਬਾਅਦ ਨਰੇਂਦਰ ਮੋਦੀ ਦੀ ਕੇਂਦਰ ਸਰਕਾਰ 'ਚ 2014 ਵਿਚ ਸੂਚਨਾ ਅਤੇ ਪ੍ਰਸਾਰਨ ਰਾਜ ਮੰਤਰੀ ਬਣਾਇਆ ਗਿਆ। 2017 'ਚ ਮੰਤਰਾਲਾ ਬਦਲ ਕੇ ਰਾਜਵਰਧਨ ਸਿੰਘ ਨੂੰ ਪੂਰਨ ਰੂਪ 'ਚ ਮਨਿਸਟਰ ਆਫ ਯੂਥ ਅਫੇਅਰ ਐਂਡ ਸਪੋਰਟਸ ਮਹਿਕਮਾ ਦੇ ਦਿੱਤਾ ਗਿਆ। ਭਾਰਤੀ ਜਨਤਾ ਪਾਰਟੀ ਸਰਕਾਰ ਦੀ ਦੂਜੀ ਮਿਆਦ 'ਚ ਰਾਜਵਰਧਨ ਰਾਠੌੜ ਕਾਂਗਰਸ ਪਾਰਟੀ ਦੀ ਲੰਪੀਅਨ ਥਰੋਅਰ ਕ੍ਰਿਸ਼ਨਾ ਪੂਨੀਆ ਨੂੰ ਹਰਾ ਕੇ ਜੈਪੁਰ ਰੂਰਲ ਤੋਂ ਮੁੜ ਮੈਂਬਰ ਪਾਰਲੀਮੈਂਟ ਬਣੇ ਹਨ ਪਰ ਇਸ ਵਾਰ ਉਨ੍ਹਾਂ ਨੂੰ ਮੰਤਰੀ ਮੰਡਲ 'ਚ ਸ਼ਾਮਿਲ ਨਹੀਂ ਕੀਤਾ ਗਿਆ।

### ਡਿਸਕਸ ਥ੍ਰੋਅਰ ਸ਼ਿਨਾ ਪੂਨੀਆ

ਬੀਜਿੰਗ-2008 ਤੇ ਲੰਡਨ-2012 ਲੰਪਿਕ ਖੇਡਾਂ 'ਚ ਇੰਡੀਆ ਦੀ ਨੁਮਾਇੰਦਗੀ ਕਰਨ ਵਾਲੀ ਡਿਸਕਸ ਥ੍ਰੋਅਰ ਸ਼ਿਨਾ ਪੂਨੀਆ ਦੇਸ਼ ਦੀ ਪਹਿਲੀ ਥ੍ਰੋਅਰ ਹੈ, ਜਿਸ ਨੂੰ ਲੰਡਨ ਲੰਪਿਕ ਦੇ ਫਾਈਨਲ 'ਚ ਡਿਸਕਸ ਸੁੱਟਣ ਦਾ ਹੱਕ ਹਾਸਿਲ ਹੋਇਆ। ਨਵੀਂ ਦਿੱਲੀ-2010 ਦੀਆਂ ਰਾਸ਼ਟਰਮੰਡਲ ਖੇਡਾਂ 'ਚ ਡਿਸਕਸ ਸੁੱਟਣ 'ਚ ਸੋਨ ਤਗਮਾ ਜਿੱਤਣ ਵਾਲੀ ਮਹਿਲਾ ਥ੍ਰੋਅਰ ਸ਼ਿਨਾ ਪੂਨੀਆ ਵੱਲੋਂ ਏਸ਼ੀਅਨ ਗੇਮਜ਼ ਦੋਹਾ-2006 ਤੇ ਗੁਆਂਗਜ਼ੂ-2010 'ਚ ਤਾਂਬੇ ਦੇ ਤਗ਼ਮੇ ਜਿੱਤਣ ਦਾ ਕ੍ਰਿਸ਼ਮਾ ਕੀਤਾ ਗਿਆ। 2013 'ਚ ਰਾਜਸਥਾਨ ਦੀ ਸਾਦਲਪੁਰ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਵੱਜੋਂ ਚੋਣ ਹਾਰਨ ਵਾਲੀ ਲੰਪੀਅਨ ਮਹਿਲਾ ਥ੍ਰੋਅਰ ਸ਼ਨਾ ਪੂਨੀਆ ਨੂੰ ਪੰਜ ਸਾਲ ਬਾਅਦ ਇਸੇ ਸੀਟ 'ਤੇ ਪਹਿਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਨ ਦਾ ਮੌਕਾ ਨਸੀਬ ਹੋਇਆ।

### ਫ਼ਰਾਂਸ 'ਚ ਮੰਤਰੀ ਬਣੀ ਓਲੰਪੀਅਨ ਲੌਰਾ ਫੈਸਲ

17 ਮਈ, 2017 'ਚ ਫ਼ਰਾਂਸ ਦੇ ਤਤਕਾਲੀ ਪ੍ਰਧਾਨ ਮੰਤਰੀ ਐਡੌਰਡ ਫਿਲਪੀ ਨੇ ਆਪਣੇ ਮੰਤਰੀ ਮੰਡਲ 'ਚ ਪੰਜ ਲੰਪਿਕ ਟੂਰਨਾਮੈਂਟ ਖੇਡ ਚੁੱਕੀ ਮਹਿਲਾ ਖਿਡਾਰਨ ਲੌਰਾ ਫੈਸਲ ਕੋਲੋਵਿਕ ਨੂੰ ਖੇਡ ਮੰਤਰੀ ਬਣਾਇਆ ਹੈ। ਫ਼ਰਾਂਸ 'ਚ ਪਹਿਲੀ ਵਾਰ ਨਵੇਂ ਬਣੇ ਪ੍ਰਧਾਨ ਮੰਤਰੀ ਫਿਲਪੀ ਦੀ ਇਹ ਦੂਰਅੰਦੇਸ਼ੀ ਸੋਚ ਹੀ ਸੀ ਕਿ ਉਨ੍ਹਾਂ ਦੇਸ਼ 'ਚ ਖੇਡਾਂ ਨੂੰ ਨਵਾਂ ਰੂਪ ਦੇਣ ਲਈ ਕਿਸੇ ਸਾਬਕਾ ਲੰਪੀਅਨ ਅਥਲੀਟ ਨੂੰ ਸਪੋਰਟਸ ਮਨਿਸਟਰੀ ਦਾ ਆਜ਼ਾਦਾਨਾ ਚਾਰਜ ਸੌਂਪਿਆ ਸੀ ਪਰ ਕੁਝ ਨਿੱਜੀ ਕਾਰਨਾਂ ਕਰਕੇ ਲੌਰਾ ਫੈਸਲ ਨੇ 9 ਸਤੰਬਰ, 2018 'ਚ ਮੰਤਰੀ ਦਾ ਅਹੁਦਾ ਤਿਆਗ ਦਿੱਤਾ। ਖੇਡ ਮੰਤਰੀ ਬਣੀ ਸੰਸਦ ਮੈਂਬਰ ਲੌਰਾ ਫੈਸਲ ਦੇਸ਼ 'ਚ ਪੁਰਸ਼ ਤੇ ਮਹਿਲਾ ਦੋਹਾਂ ਵਰਗਾਂ 'ਚ ਪਲੇਠੀ ਖਿਡਾਰਨ ਹੈ, ਜਿਸ ਨੂੰ ਪੰਜ ਲੰਪਿਕ ਮੁਕਾਬਲਿਆਂ ਐਟਲਾਂਟਾ-1996, ਸਿਡਨੀ-2000, ਏਥਨਜ਼-2004, ਬੀਜਿੰਗ-2008 ਅਤੇ ਲੰਡਨ-2012 'ਚ ਫਰਾਂਸ ਦੀ ਨੁਮਾਇੰਦਗੀ ਕਰਨ ਦਾ ਹੱਕ ਹਾਸਿਲ ਹੋਇਆ। 45 ਬਸੰਤਾਂ ਹੰਢਾਅ ਚੁੱਕੀ ਲੌਰਾ ਫ਼ਰਾਂਸ ਦੀ ਪਹਿਲੀ ਮਹਿਲਾ ਫੈਨਸਿੰਗ ਅਥਲੀਟ ਹੈ, ਜਿਸ ਨੂੰ ਪੰਜ ਲੰਪਿਕ ਟੂਰਨਾਮੈਂਟਾਂ 'ਚ ਦੋ ਗੋਲਡ, ਇਕ ਸਿਲਵਰ ਅਤੇ ਦੋ ਤਾਂਬੇ ਦੇ ਤਗ਼ਮੇ ਜਿੱਤਣ ਦਾ ਮਾਣ ਹਾਸਿਲ ਹੋਇਆ। ਲੌਰਾ ਫੈਸਲ ਨੂੰ 1995 ਤੋਂ 2008 ਤਕ 9 ਵਾਰ ਵਿਸ਼ਵ ਚੈਂਪੀਅਨਸ਼ਿਪ ਮੁਕਾਬਲੇ ਖੇਡਣ ਸਦਕਾ 6 ਗੋਲਡ, 3 ਸਿਲਵਰ ਅਤੇ 4 ਤਾਂਬੇ ਦਾ ਤਗ਼ਮੇ ਜਿੱਤਣ ਦਾ ਮਾਣ ਹਾਸਿਲ ਹੋਇਆ। ਚਾਰ ਯੂਰਪੀਅਨ ਫੈਨਸਿੰਗ ਚੈਂਪੀਅਨਸ਼ਿਪ ਟੂਰਨਾਮੈਂਟਾਂ 'ਚ ਇਕ ਗੋਲਡ ਅਤੇ ਪੰਜ ਤਾਂਬੇ ਦੇ ਤਗ਼ਮੇ ਜਿੱਤਣ ਵਾਲੀ ਫੈਸਲ ਨੇ ਫੈਨਸਿੰਗ ਦੇ ਸੱਤ ਵਰਲਡ ਕੱਪ ਮੁਕਾਬਲਿਆਂ 'ਚ 3 ਗੋਲਡ, 2 ਚਾਂਦੀ ਅਤੇ 2 ਤਾਂਬੇ ਦੇ ਤਗ਼ਮੇ ਆਪਣੀ ਝੋਲੀ ਪਾਏ ਹਨ।


ਮਾਂ ਬੋਲੀ ਨੂੰ ਸਮਰਪਿਤ

ਪਰਦੇਸ ਟਾਇਮਜ਼

PARDES TIMES

ਸੱਦਾ ਪੱਤਰ ਰਾਹੀਂ 2006 - 2026 Only for Invitation

ਪਰਦੇਸ ਟਾਇਮਜ਼ ਵੱਲੋਂ ਜਨਵਰੀ 10, 2026 (ਦਿਨ ਸ਼ਨਿਚਰਵਾਰ) ਨੂੰ 20ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਐਡਵਰਟਾਈਜ਼ਰ, ਸਹਿਯੋਗੀ ਤੇ ਸੱਜਣਾਂ-ਮਿੱਤਰਾਂ ਨੂੰ ਇਸ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾ ਰਹੀ ਹੈ ਜੀ।

at, RAJA INDIAN CUISINE,
1275 W WINTON AVE HAYWARD, CA 94545

ਸਨਮਾਨ ਕਰਨ ਦਾ ਸਮਾਂ 5 ਤੋਂ 7 ਵਜੇ ਤੱਕ ਹੈ ਜੀ, ਕਿਰਪਾ ਕਰਕੇ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨੀ

Balbir Singh M.A.
Editor-In-Chief
510-938-7771
info@Pardestimes.com

ਹੋਰ ਜਾਣਕਾਰੀ ਲਈ ਸੰਪਰਕ ਕਰੋ


Ranjit Kandola
Managing Manager
916-917-2393

Issue- 483, Vol-20, December 15, 2025




# ਸਰਦੀਆਂ 'ਚ ਹੀਟਰ ਦੀ ਜ਼ਿਆਦਾ ਵਰਤੋਂ ਅੱਖਾਂ ਲਈ ਹੈ ਨੁਕਸਾਨਦੇਹ

ਨਵੰਬਰ ਦੇ ਖ਼ਤਮ ਹੁੰਦੇ ਹੀ ਸ਼ਹਿਰ ਵਿੱਚ ਸਰਦੀ ਵਧਦੀ ਜਾ ਰਹੀ ਹੈ। ਲੋਕ ਠੰਢ ਤੋਂ ਬਚਣ ਲਈ ਘਰਾਂ ਵਿੱਚ ਹੀਟਰ ਅਤੇ ਬਲੋਅਰ ਦੀ ਵਰਤੋਂ ਕਰ ਰਹੇ ਹਨ। ਇਨ੍ਹਾਂ ਦੀ ਵਰਤੋਂ ਨਾਲ ਸਰਦੀ ਤੋਂ ਰਾਹਤ ਤਾਂ ਮਿਲ ਰਹੀ ਹੈ ਪਰ ਸਿਹਤ 'ਤੇ ਬੁਰਾ ਅਸਰ ਪੈ ਰਿਹਾ ਹੈ। ਇਸ ਕਾਰਨ ਅੱਖਾਂ ਵਿੱਚ ਨਮੀ ਸੁੱਕਣ, ਅੱਖਾਂ ਵਿੱਚ ਜਲਨ, ਭਾਰੀਪਨ ਦੀ ਸਮੱਸਿਆ ਲੈ ਕੇ ਮਰੀਜ਼ ਹਸਪਤਾਲ ਪਹੁੰਚ ਰਹੇ ਹਨ। ਹੀਟਰ ਅਤੇ ਬਲੋਅਰ ਦੀ ਗਰਮ ਹਵਾ ਸਿੱਧੇ ਅੱਖਾਂ ਵਿੱਚ ਪੈਣ ਨਾਲ ਸਮੱਸਿਆ ਵਧਾ ਰਹੀ ਹੈ ਅਤੇ ਅੱਖਾਂ ਦੀ ਨਮੀ ਸੁੱਕ ਰਹੀ ਹੈ। ਆਈ.ਜੀ.ਐੱਮ.ਸੀ. ਦੇ ਅੱਖਾਂ ਦੇ ਰੋਗ ਵਿਭਾਗ ਦੀ ਓ।ਪੀ.ਡੀ. ਵਿੱਚ ਰੋਜ਼ਾਨਾ 250 ਤੋਂ 300 ਮਰੀਜ਼ ਇਲਾਜ ਕਰਵਾਉਣ ਪਹੁੰਚ ਰਹੇ ਹਨ। ਇਨ੍ਹਾਂ ਵਿੱਚੋਂ 10 ਤੋਂ 15 ਮਰੀਜ਼ ਹੀਟਰ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਲੈ ਕੇ ਆ ਰਹੇ ਹਨ। ਅੱਖਾਂ ਵਿੱਚ ਖੁਸ਼ਕੀ ਇੱਕ ਆਮ ਸਮੱਸਿਆ ਹੈ



ਪਰ ਕਈ ਵਾਰ ਇਹ ਕਿਸੇ ਵਿਅਕਤੀ ਦੇ ਜੀਵਨ ਪੱਧਰ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ। ਮੌਸਮ ਦਾ ਅਸਰ ਸਭ ਤੋਂ ਜ਼ਿਆਦਾ ਅੱਖਾਂ 'ਤੇ ਹੀ ਪੈਂਦਾ ਹੈ।

### ਸਰਦੀ 'ਚ ਵਧਦੀ ਹੈ ਖੁਸ਼ਕੀ ਦੀ ਸਮੱਸਿਆ

ਮੌਸਮ, ਹੀਟਿੰਗ, ਠੰਢੀ ਅਤੇ ਤੇਜ਼ ਹਵਾਵਾਂ ਸਿੱਧੇ ਚਿਹਰੇ 'ਤੇ ਲੱਗਦੀਆਂ ਹਨ। ਇਸ ਕਾਰਨ ਅੱਖਾਂ ਸੁੱਕੀਆਂ ਹੋ ਜਾਂਦੀਆਂ ਹਨ। ਸਰਦੀਆਂ ਵਿੱਚ ਹੀਟਿੰਗ ਕਾਰਨ ਵੀ ਖੁਸ਼ਕੀ ਦੀ ਸਮੱਸਿਆ ਹੋ ਜਾਂਦੀ ਹੈ। ਸਰਦੀਆਂ ਵਿੱਚ ਲੋਕ ਪਾਣੀ ਘੱਟ ਪੀਂਦੇ ਹਨ। ਪਾਣੀ ਘੱਟ ਪੀਣ ਨਾਲ ਸਰੀਰ ਨੂੰ ਲੋੜੀਂਦੀ ਮਾਤਰਾ ਵਿੱਚ ਹਾਈਡਰੇਸ਼ਨ ਨਹੀਂ ਮਿਲ ਪਾਉਂਦਾ ਹੈ। ਇਸ ਕਾਰਨ ਅੱਖਾਂ ਵਿੱਚ ਖੁਸ਼ਕੀ ਦੀ ਸਮੱਸਿਆ ਹੋ ਸਕਦੀ ਹੈ।

### ਸਮੇਂ 'ਤੇ ਪੀਓ ਪਾਣੀ

ਅੱਖਾਂ ਦੀ ਖੁਸ਼ਕੀ ਨੂੰ ਖ਼ਤਮ ਕਰਨ ਲਈ ਸਮੇਂ 'ਤੇ ਪਾਣੀ ਪੀਣਾ ਚਾਹੀਦਾ ਹੈ। ਅੱਖਾਂ ਵਿੱਚ ਖੁਸ਼ਕੀ ਹੋਣ 'ਤੇ ਖੁਜਲੀ ਅਤੇ ਜਲਨ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਅੱਖਾਂ ਨੂੰ ਠੰਢੇ ਪਾਣੀ ਨਾਲ ਧੋਣਾ ਚਾਹੀਦਾ ਹੈ। ਠੰਢੀਆਂ ਹਵਾਵਾਂ ਵੀ ਅੱਖਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਸਰਦ ਹਵਾਵਾਂ ਦੇ ਨਾਲ ਧੂੜ ਦੇ ਕਣ ਅਤੇ ਜ਼ਹਿਰੀਲਾ ਧੂੰਆਂ ਅੱਖਾਂ ਵਿੱਚ ਚਲਾ ਜਾਂਦਾ ਹੈ। ਇਸ ਕਾਰਨ ਅੱਖਾਂ ਵਿੱਚ ਖੁਸ਼ਕੀ ਦੀ ਸਮੱਸਿਆ ਹੋ ਸਕਦੀ ਹੈ।

### ਬਚਾਅ ਦੇ ਉਪਾਅ

* ਕਾਫ਼ੀ ਮਾਤਰਾ ਵਿੱਚ ਪਾਣੀ ਪੀਓ: ਇਸ ਨਾਲ ਅੱਖਾਂ ਦੀ ਖੁਸ਼ਕੀ, ਜਲਨ ਅਤੇ ਖੁਜਲੀ ਆਦਿ ਸਮੱਸਿਆਵਾਂ ਤੋਂ ਬਚਿਆ ਜਾ ਸਕੇਗਾ।
* ਘਰੋਂ ਬਾਹਰ ਨਿਕਲਦੇ ਸਮੇਂ ਚਸ਼ਮਾ ਜ਼ਰੂਰ ਲਗਾਓ।
* ਘਰ ਅਤੇ ਦਫ਼ਤਰ ਵਿੱਚ ਕੰਮ ਕਰਦੇ ਸਮੇਂ ਚੰਗੀ ਰੋਸ਼ਨੀ ਹੋਵੇ, ਇਸ ਦਾ ਧਿਆਨ ਰੱਖੋ।
* ਕਾਫ਼ੀ ਮਾਤਰਾ ਵਿੱਚ ਪੌਸ਼ਟਿਕ ਤੱਤਾਂ ਦਾ ਸੇਵਨ ਕਰੋ।

### ਅੱਖਾਂ 'ਤੇ ਪੈ ਰਿਹਾ ਸਿੱਧਾ ਅਸਰ

ਆਈ.ਜੀ.ਐੱਮ.ਸੀ. ਵਿੱਚ ਅੱਖਾਂ ਦੇ ਰੋਗ ਵਿਭਾਗ ਦੇ ਡਾਕਟਰ ਪ੍ਰਵੀਨ ਪੰਵਰ ਨੇ ਕਿਹਾ ਕਿ ਸਰਦੀਆਂ ਵਿੱਚ ਲੋਕ ਹੀਟਰ ਬਹੁਤ ਜ਼ਿਆਦਾ ਵਰਤਦੇ ਹਨ। ਇਸ ਕਾਰਨ ਲੋਕਾਂ ਵਿੱਚ ਬਹੁਤ ਜ਼ਿਆਦਾ ਖੁਸ਼ਕੀ ਦੀ ਸਮੱਸਿਆ ਦੇਖਣ ਨੂੰ ਮਿਲ ਰਹੀ ਹੈ। ਖੁਸ਼ਕੀ ਦਾ ਸਭ ਤੋਂ ਵੱਡਾ ਕਾਰਨ ਮੌਸਮ, ਹੀਟਿੰਗ ਅਤੇ ਮੋਬਾਈਲ ਫੋਨ ਦੀ ਜ਼ਿਆਦਾ ਵਰਤੋਂ ਹੈ। ਇਸ ਦਾ ਸਿੱਧਾ ਅਸਰ ਲੋਕਾਂ ਦੀਆਂ ਅੱਖਾਂ 'ਤੇ ਪੈ ਰਿਹਾ ਹੈ। ਲੋਕਾਂ ਨੂੰ ਹੀਟਰ ਦੀ ਘੱਟ ਹੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਹੀਟਰ ਲਗਾਇਆ ਹੈ ਤਾਂ ਉਸ ਨੂੰ ਅੱਖਾਂ ਦੇ ਨੇੜੇ ਨਾ ਰੱਖੋ ਅਤੇ ਜ਼ਿਆਦਾ ਦੇਰ ਤੱਕ ਨੇੜੇ ਨਾ ਬੈਠੋ।

# ਬਚਪਨ ਤੋਂ ਬੁਢਾਪੇ ਤਕ ਚਾਰ ਵਾਰ ਆਉਂਦੀਆਂ ਹਨ ਵੱਡੀਆਂ ਤਬਦੀਲੀਆਂ

ਸਾਡਾ ਦਿਮਾਗ ਜੀਵਨ ਭਰ ਇੱਕੋ ਜਿਹਾ ਨਹੀਂ ਰਹਿੰਦਾ। ਇਹ ਲਗਾਤਾਰ ਵਿਕਸਤ ਹੁੰਦਾ ਅਤੇ ਬਦਲਦਾ ਰਹਿੰਦਾ ਹੈ। ਜਿਵੇਂ-ਜਿਵੇਂ ਸਾਡੀ ਉਮਰ ਵਧਦੀ ਹੈ, ਸਾਡੇ ਦਿਮਾਗ ਵਿੱਚ ਵੀ ਉਸੇ ਹਿਸਾਬ ਨਾਲ ਬਦਲਾਅ ਆਉਂਦੇ ਹਨ। ਇਸ ਨਾਲ ਜੁੜੀ ਇੱਕ ਖੋਜ ਵਿੱਚ ਪਤਾ ਲੱਗਾ ਹੈ ਕਿ ਵਿਅਕਤੀ ਦਾ ਦਿਮਾਗ ਚਾਰ ਮੁੱਖ ਸਟੇਜਾਂ ਵਿੱਚੋਂ ਗੁਜ਼ਰਦਾ ਹੈ। ਇਹ ਚਾਰ ਸਟੇਜਾਂ ਹਨ: 9, 32, 66 ਅਤੇ 83 ਸਾਲ ਦੀ ਉਮਰ। ਇਸ ਦੌਰਾਨ ਵਿਅਕਤੀ ਦੇ ਦਿਮਾਗ ਵਿੱਚ ਅਹਿਮ ਬਦਲਾਅ ਆਉਂਦੇ ਹਨ, ਜੋ ਉਸਦੇ ਸੋਚਣ, ਸਮਝਣ ਅਤੇ ਦੁਨੀਆ ਨੂੰ ਦੇਖਣ ਦੇ ਤਰੀਕੇ ਨੂੰ ਨਵਾਂ ਆਕਾਰ ਦਿੰਦੇ ਹਨ। ਆਓ ਇਨ੍ਹਾਂ ਚਾਰਾਂ ਸਟੇਜਾਂ ਬਾਰੇ ਸਮਝੀਏ-



ਇਹ ਖੋਜ ਕੈਂਬਰਿਜ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਕੀਤੀ। ਉਨ੍ਹਾਂ ਨੇ ਸਿਫ਼ਰ ਤੋਂ ਲੈ ਕੇ ਨੱਬੇ ਸਾਲ ਤੱਕ ਦੀ ਉਮਰ ਦੇ 3,802 ਲੋਕਾਂ ਦੇ ਦਿਮਾਗ ਦਾ ਵਿਸਤਾਰ ਨਾਲ ਅਧਿਐਨ ਕੀਤਾ। ਇਸ ਲਈ ਐਮ.ਆਰ.ਆਈ. ਸਕੈਨ ਵਰਗੀਆਂ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਗਈ।

ਦਿਮਾਗ ਦੇ ਜੀਵਨ ਭਰ ਦੇ ਚਾਰ ਸਟੇਜ:

1. ਬਚਪਨ ਤੋਂ ਅੱਲ੍ਹੜ ਅਵਸਥਾ ਦਾ ਸਟੇਜ (9 ਸਾਲ ਦੀ ਉਮਰ)

ਇਹ ਉਹ ਉਮਰ ਹੈ ਜਦੋਂ ਬੱਚੇ ਦਾ ਦਿਮਾਗ ਬਚਪਨ ਦੀ ਸੀਮਾ ਤੋਂ ਨਿਕਲ ਕੇ ਅੱਲ੍ਹੜ ਅਵਸਥਾ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਦੌਰਾਨ ਦਿਮਾਗ ਦੇ ਵੱਖ-ਵੱਖ ਹਿੱਸਿਆਂ ਵਿੱਚ ਤੇਜ਼ੀ ਨਾਲ ਸੰਚਾਰ ਵਧਦਾ ਹੈ ਅਤੇ ਸਿੱਖਣ ਦੀ ਗਤੀ ਬਹੁਤ ਤੇਜ਼ ਹੁੰਦੀ ਹੈ।

2. ਮੈਚਿਓਰਿਟੀ ਅਤੇ ਸਥਿਰਤਾ ਦਾ ਦੌਰ (32 ਸਾਲ ਦੀ ਉਮਰ)

ਇਹ ਉਮਰ ਇੱਕ ਬਹੁਤ ਵੱਡਾ ਮੋੜ ਮੰਨੀ ਜਾਂਦੀ ਹੈ। ਇਸ ਤੋਂ ਬਾਅਦ ਦਿਮਾਗ "ਐਡਲਟ ਮੋਡ" ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਹ ਸਭ ਤੋਂ ਲੰਬਾ ਸਟੇਜ ਹੁੰਦਾ ਹੈ, ਜੋ ਲਗਭਗ ਤਿੰਨ ਦਹਾਕਿਆਂ ਤੱਕ ਚੱਲਦਾ ਹੈ। ਇਸ ਦੌਰਾਨ ਦਿਮਾਗ ਦੀ ਬਣਤਰ ਕਾਫ਼ੀ ਸਥਿਰ ਅਤੇ ਮੈਚਿਓਰ ਹੋ ਜਾਂਦੀ ਹੈ। ਵਿਅਕਤੀ ਦੀ ਸੋਚ, ਫ਼ੈਸਲੇ ਲੈਣ ਦੀ ਸਮਰੱਥਾ ਅਤੇ ਭਾਵਨਾਤਮਕ ਸਮਝ ਇਸ ਉਮਰ ਵਿੱਚ ਪੂਰੀ ਤਰ੍ਹਾਂ ਵਿਕਸਤ ਹੋ ਜਾਂਦੀ ਹੈ। ਇਸ ਲਈ ਕਿਹਾ ਜਾਂਦਾ ਹੈ ਕਿ 32 ਸਾਲ ਦੀ ਉਮਰ ਤੱਕ ਆਉਂਦੇ-ਆਉਂਦੇ ਵਿਅਕਤੀ ਦਾ ਦਿਮਾਗ ਪੂਰੀ ਤਰ੍ਹਾਂ ਮੈਚਿਓਰ ਹੋ ਜਾਂਦਾ ਹੈ।

3. ਬੁਢਾਪੇ ਦੀ ਸ਼ੁਰੂਆਤ (66 ਸਾਲ ਦੀ ਉਮਰ)

ਇਸ ਉਮਰ ਦੇ ਆਸ-ਪਾਸ ਦਿਮਾਗ 'ਅਰਲੀ ਏਜਿੰਗ' ਯਾਨੀ ਸ਼ੁਰੂਆਤੀ ਬੁਢਾਪੇ ਦੇ ਸਟੇਜ ਵਿੱਚ ਪ੍ਰਵੇਸ਼ ਕਰਦਾ ਹੈ। ਰਿਟਾਇਰਮੈਂਟ ਦਾ ਸਮਾਂ ਆਉਣ ਦੇ ਨਾਲ-ਨਾਲ ਦਿਮਾਗ ਦੇ ਕੰਮ ਕਰਨ ਦੀ ਗਤੀ ਥੋੜ੍ਹੀ ਹੌਲੀ ਹੋਣ ਲੱਗਦੀ ਹੈ, ਪਰ ਤਜ਼ਰਬਾ ਅਤੇ ਗਿਆਨ ਆਪਣੇ ਸਿਖਰ 'ਤੇ ਹੁੰਦਾ ਹੈ।

4. ਲੇਟ ਏਜਿੰਗ (83 ਸਾਲ ਦੀ ਉਮਰ)

ਇਹ "ਲੇਟ ਏਜਿੰਗ" ਦੇ ਸਟੇਜ ਦੀ ਸ਼ੁਰੂਆਤ ਹੈ। ਇਸ ਉਮਰ ਵਿੱਚ ਦਿਮਾਗ ਦੀ ਬਣਤਰ ਵਿੱਚ ਗਿਰਾਵਟ ਦੇ ਲੱਛਣ ਨਜ਼ਰ ਆ ਸਕਦੇ ਹਨ ਅਤੇ ਡਿਮੇਨਸ਼ੀਆ ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਸਕਦਾ ਹੈ।

### ਕਿਉਂ ਹਨ ਇਹ ਚਾਰ ਸਟੇਜ ਮਹੱਤਵਪੂਰਨ?

ਇਸ ਅਧਿਐਨ ਦੀ ਮੁੱਖ ਖੋਜਕਰਤਾ ਅਲੈਕਸਾ ਮੌਸਲੇ ਅਨੁਸਾਰ, ਇਨ੍ਹਾਂ ਪੜਾਵਾਂ ਨੂੰ ਸਮਝਣ ਨਾਲ ਸਾਨੂੰ ਇਹ ਜਾਨਣ ਵਿੱਚ ਮਦਦ ਮਿਲਦੀ ਹੈ ਕਿ ਕੁਝ ਲੋਕਾਂ ਦਾ ਦਿਮਾਗ ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਵੱਖਰੇ ਢੰਗ ਨਾਲ ਕਿਉਂ ਵਿਕਸਤ ਹੁੰਦਾ ਹੈ। ਭਾਵੇਂ ਉਹ ਬਚਪਨ ਵਿੱਚ ਸਿੱਖਣ ਦੀ ਸਮੱਸਿਆ ਹੋਵੇ ਜਾਂ ਬੁਢਾਪੇ ਵਿੱਚ ਯਾਦਦਾਸ਼ਤ ਕਮਜ਼ੋਰ ਹੋਣਾ। ਇਸ ਨਾਲ ਭਵਿੱਖ ਵਿੱਚ ਦਿਮਾਗ ਨਾਲ ਜੁੜੀਆਂ ਬਿਮਾਰੀਆਂ ਦੇ ਇਲਾਜ ਅਤੇ ਬਚਾਅ ਵਿੱਚ ਮਦਦ ਮਿਲ ਸਕਦੀ ਹੈ।

# ਸਰਦੀਆਂ 'ਚ ਤਿਲ ਖਾਓ, ਅਥਾਹ ਫਾਇਦਾ ਪਾਓ

ਸਰਦੀਆਂ ਦਾ ਮੌਸਮ ਆ ਚੁੱਕਿਆ ਹੈ ਅਤੇ ਇਸ ਦੇ ਨਾਲ ਹੀ ਸਾਡੀ ਖੁਰਾਕ ਵਿੱਚ ਕੁਝ ਖਾਸ ਚੀਜ਼ਾਂ ਦੀ ਮੰਗ ਵੱਧ ਜਾਂਦੀ ਹੈ, ਜੋ ਸਾਨੂੰ ਅੰਦਰੋਂ ਗਰਮ ਰੱਖ ਸਕਣ। ਇਸ ਸੂਚੀ ਵਿੱਚ ਇੱਕ ਬੇਹੱਦ ਸ਼ਕਤੀਸ਼ਾਲੀ ਬੀਜ ਸ਼ਾਮਲ ਹੈ- ਤਿਲ। ਦਿਸਣ ਵਿੱਚ ਇਹ ਭਾਵੇਂ ਛੋਟੇ ਹੋਣ, ਪਰ ਸਿਹਤ ਲਾਭਾਂ ਦੇ ਮਾਮਲੇ ਵਿੱਚ ਇਹ ਕਿਸੇ 'ਪਾਵਰਹਾਊਸ' ਤੋਂ ਘੱਟ ਨਹੀਂ ਹਨ। ਭਾਰਤ ਵਿੱਚ ਸਦੀਆਂ ਤੋਂ, ਖਾਸ ਕਰਕੇ ਮਕਰ ਸੰਕ੍ਰਾਂਤੀ ਦੇ ਆਸ-ਪਾਸ, ਤਿਲ ਨੂੰ ਅੰਮ੍ਰਿਤ ਸਮਾਨ ਮੰਨਿਆ ਗਿਆ ਹੈ। ਆਓ ਜਾਣਦੇ ਹਾਂ ਕਿ ਇਸ ਛੋਟੇ ਜਿਹੇ ਬੀਜ ਨੂੰ ਸਰਦੀਆਂ ਦੀ ਖੁਰਾਕ ਵਿੱਚ ਸ਼ਾਮਲ ਕਰਨਾ ਕਿਉਂ ਜ਼ਰੂਰੀ ਹੈ ਅਤੇ ਇਸ ਦੇ 10 ਫਾਇਦੇ ਕੀ ਹਨ।



ਤਿਲ ਵਿੱਚ ਪ੍ਰੋਟੀਨ, ਕੈਲਸ਼ੀਅਮ, ਆਇਰਨ, ਮੈਗਨੀਸ਼ੀਅਮ ਅਤੇ ਸਿਹਤਮੰਦ ਫੈਟ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਇਸ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਨ ਨਾਲ ਤੁਹਾਨੂੰ ਇਹ 10 ਅਦਭੁਤ ਫਾਇਦੇ ਮਿਲ ਸਕਦੇ ਹਨ:

**ਹੱਡੀਆਂ ਬਣਾਏ ਮਜ਼ਬੂਤ:** ਤਿਲ ਵਿੱਚ ਦੁੱਧ ਤੋਂ ਵੀ ਜ਼ਿਆਦਾ ਕੈਲਸ਼ੀਅਮ ਹੁੰਦਾ ਹੈ। ਇਹ ਸਾਡੀਆਂ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕਰਦਾ ਹੈ।

**ਦਿਲ ਨੂੰ ਰੱਖੇ ਸਿਹਤਮੰਦ:** ਇਸ ਵਿੱਚ ਮੌਜੂਦ ਮੋਨੋਅਨਸੈਚੂਰੇਟਿਡ ਫੈਟੀ ਐਸਿਡਸ ਬੁਰੇ ਕੋਲੈਸਟ੍ਰੋਲ ਨੂੰ ਘੱਟ ਕਰਦੇ ਹਨ ਅਤੇ ਦਿਲ ਦੀਆਂ ਬਿਮਾਰੀਆਂ ਦੇ ਖਤਰੇ ਨੂੰ ਦੂਰ ਰੱਖਦੇ ਹਨ।

**ਪਾਚਨ ਵਿੱਚ ਸੁਧਾਰ:** ਤਿਲ ਵਿੱਚ ਫਾਈਬਰ ਚੰਗੀ ਮਾਤਰਾ ਵਿੱਚ ਹੁੰਦਾ ਹੈ, ਜੋ ਕਬਜ਼ ਨੂੰ ਦੂਰ ਕਰਦਾ ਹੈ ਅਤੇ ਪਾਚਨ ਪ੍ਰਣਾਲੀ ਨੂੰ ਠੀਕ ਰੱਖਦਾ ਹੈ।

**ਸਰੀਰ ਨੂੰ ਤੁਰੰਤ ਊਰਜਾ:** ਠੰਢ ਦੇ ਦਿਨਾਂ ਵਿੱਚ ਆਲਸ ਮਹਿਸੂਸ ਹੁੰਦਾ ਹੈ। ਤਿਲ ਖਾਣ ਨਾਲ ਸਰੀਰ ਨੂੰ ਤੁਰੰਤ ਊਰਜਾ ਮਿਲਦੀ ਹੈ ਅਤੇ ਤੁਸੀਂ ਤਰੋਤਾਜ਼ਾ ਮਹਿਸੂਸ ਕਰਦੇ ਹੋ।

**ਖੂਨ ਦੀ ਕਮੀ ਦੂਰ:** ਆਇਰਨ ਨਾਲ ਭਰਪੂਰ ਹੋਣ ਕਾਰਨ ਇਹ ਅਨੀਮੀਆ (ਖੂਨ ਦੀ ਕਮੀ) ਨੂੰ ਦੂਰ ਕਰਨ ਵਿੱਚ ਵੀ ਸਹਾਇਕ ਹੈ।

**ਚਮੜੀ ਨੂੰ ਨਿਖਾਰੇ:** ਤਿਲ ਵਿੱਚ ਐਂਟੀਆਕਸੀਡੈਂਟਸ ਹੁੰਦੇ ਹਨ, ਜੋ ਚਮੜੀ ਨੂੰ ਫ੍ਰੀ ਰੈਡੀਕਲਸ ਤੋਂ ਬਚਾਉਂਦੇ ਹਨ, ਜਿਸ ਨਾਲ ਤੁਹਾਡੀ ਚਮੜੀ ਚਮਕਦਾਰ ਅਤੇ ਜਵਾਨ ਬਣੀ ਰਹਿੰਦੀ ਹੈ।

**ਬਲੱਡ ਪ੍ਰੈਸ਼ਰ ਕੰਟਰੋਲ:** ਮੈਗਨੀਸ਼ੀਅਮ ਦੀ ਮੌਜੂਦਗੀ ਕਾਰਨ ਇਹ ਹਾਈ ਬਲੱਡ ਪ੍ਰੈਸ਼ਰ ਨੂੰ ਨਿਯੰਤਰਿਤ ਰੱਖਣ ਵਿੱਚ ਮਦਦ ਕਰਦਾ ਹੈ।

**ਤਣਾਅ ਕਰੇ ਘੱਟ:** ਤਿਲ ਵਿੱਚ ਕੁਝ ਅਜਿਹੇ ਤੱਤ ਹੁੰਦੇ ਹਨ ਜੋ ਮੂਡ ਨੂੰ ਬਿਹਤਰ ਬਣਾਉਣ ਅਤੇ ਤਣਾਅ ਨੂੰ ਘੱਟ ਕਰਨ ਵਿੱਚ ਵੀ ਮਦਦਗਾਰ ਹੋ ਸਕਦੇ ਹਨ।

ਵਾਲਾਂ ਲਈ ਵਰਦਾਨ: ਇਸ ਵਿੱਚ ਪਾਏ ਜਾਣ ਵਾਲੇ ਪੋਸ਼ਣ ਤੱਤ ਵਾਲਾਂ ਨੂੰ ਮਜ਼ਬੂਤ ਅਤੇ ਸੰਘਣਾ ਬਣਾਉਂਦੇ ਹਨ, ਨਾਲ ਹੀ ਉਨ੍ਹਾਂ ਦਾ ਝੜਨਾ ਵੀ ਘੱਟ ਕਰਦੇ ਹਨ।

**ਗਰਮ ਤਾਸੀਰ:** ਸਰਦੀਆਂ ਵਿੱਚ ਸਰੀਰ ਨੂੰ ਅੰਦਰੋਂ ਗਰਮ ਰੱਖਣ ਲਈ ਇਹ ਇੱਕ ਕੁਦਰਤੀ ਅਤੇ ਬਿਹਤਰੀਨ ਉਪਾਅ ਹੈ।

### ਸਰਦੀਆਂ ਦੀ ਖੁਰਾਕ ਵਿੱਚ ਤਿਲ ਨੂੰ ਕਿਵੇਂ ਕਰੀਏ ਸ਼ਾਮਲ?

ਤਿਲ ਨੂੰ ਆਪਣੀ ਰੋਜ਼ਾਨਾ ਖੁਰਾਕ ਵਿੱਚ ਸ਼ਾਮਲ ਕਰਨਾ ਬਹੁਤ ਆਸਾਨ ਅਤੇ ਸੁਆਦੀ ਹੈ:

ਤਿਲ ਦੇ ਲੱਡੂ ਜਾਂ ਚਿੱਕੀ: ਇਹ ਸਭ ਤੋਂ ਰਵਾਇਤੀ ਅਤੇ ਪ੍ਰਸਿੱਧ ਤਰੀਕਾ ਹੈ। ਗੁੜ ਦੇ ਨਾਲ ਤਿਲ ਦੇ ਲੱਡੂ ਬਣਾ ਕੇ ਖਾਓ।

**ਸਲਾਦ ਅਤੇ ਸਬਜ਼ੀਆਂ ਵਿੱਚ:** ਭੁੰਨੇ ਹੋਏ ਤਿਲ ਨੂੰ ਆਪਣੇ ਸਲਾਦ, ਦਹੀਂ ਜਾਂ ਫਿਰ ਕਿਸੇ ਵੀ ਸੁੱਕੀ ਸਬਜ਼ੀ (ਜਿਵੇਂ ਭਿੰਡੀ ਜਾਂ ਆਲੂ) 'ਤੇ ਉੱਪਰੋਂ ਪਾ ਕੇ ਖਾਓ।

ਨਾਸ਼ਤੇ ਦੇ ਨਾਲ: ਸਵੇਰ ਦੇ ਨਾਸ਼ਤੇ ਵਿੱਚ ਦਲੀਆ, ਓਟਸ ਜਾਂ ਸਮੂਦੀ ਵਿੱਚ ਇੱਕ ਚਮਚ ਤਿਲ ਮਿਲਾ ਲਓ।

**ਤਿਲ ਦਾ ਤੇਲ:** ਖਾਣਾ ਪਕਾਉਣ ਲਈ ਤਿਲ ਦੇ ਤੇਲ ਦੀ ਵਰਤੋਂ ਕਰੋ। ਇਸਦੀ ਮਾਲਿਸ਼ ਵੀ ਸਰੀਰ ਨੂੰ ਗਰਮਾਹਟ ਦਿੰਦੀ ਹੈ।

**ਰੋਟੀ ਜਾਂ ਪਰਾਂਠੇ:** ਆਟਾ ਗੁੰਨ੍ਹਦੇ ਸਮੇਂ ਥੋੜ੍ਹਾ-ਜਿਹਾ ਤਿਲ ਮਿਲਾ ਲਓ ਜਾਂ ਫਿਰ ਤਿਲ ਨੂੰ ਪਰਾਂਠੇ ਦੀ ਸਟੱਫਿੰਗ ਵਿੱਚ ਵੀ ਵਰਤਿਆ ਜਾ ਸਕਦਾ ਹੈ।

ਯਾਦ ਰੱਖੋ, ਤਿਲ ਦੀ ਥੋੜ੍ਹੀ ਮਾਤਰਾ ਵੀ ਬਹੁਤ ਫਾਇਦੇਮੰਦ ਹੁੰਦੀ ਹੈ, ਇਸ ਲਈ ਇਸਨੂੰ ਰੋਜ਼ਾਨਾ ਥੋੜ੍ਹਾ-ਥੋੜ੍ਹਾ ਜ਼ਰੂਰ ਖਾਓ।

# ਅਲਜ਼ਾਈਮਰ ਦੀ ਸ਼ੁਰੂਆਤ ਹੋਣ ਤੋਂ 10 ਸਾਲ ਪਹਿਲਾਂ ਦਿਖ ਜਾਂਦੇ ਨੇ ਲੱਛਣ

ਖੋਜਕਰਤਾਵਾਂ ਨੇ ਇੱਕ ਨਵਾਂ ਔਜ਼ਾਰ (ਭਵਿੱਖਬਾਣੀ ਮਾਡਲ) ਵਿਕਸਤ ਕੀਤਾ ਹੈ ਜੋ ਕਿਸੇ ਵਿਅਕਤੀ ਦੇ ਯਾਦਦਾਸ਼ਤ ਅਤੇ ਸੋਚਣ ਸੰਬੰਧੀ ਸਮੱਸਿਆਵਾਂ ਦੇ ਵਿਕਾਸ ਦੇ ਜੋਖਮ ਦੀ ਭਵਿੱਖਬਾਣੀ ਕਰਨ ਵਿੱਚ ਮਦਦ ਕਰ ਸਕਦਾ ਹੈ, ਜੋ ਕਿ ਆਮ ਤੌਰ 'ਤੇ ਅਲਜ਼ਾਈਮਰ ਬਿਮਾਰੀ ਦੀ ਸ਼ੁਰੂਆਤ ਨਾਲ ਜੁੜੇ ਹੁੰਦੇ ਹਨ। ਇਹ ਲੱਛਣਾਂ ਦੇ ਪ੍ਰਗਟ ਹੋਣ ਤੋਂ 10 ਸਾਲ ਪਹਿਲਾਂ ਤੱਕ ਲੱਛਣਾਂ ਦੀ ਭਵਿੱਖਬਾਣੀ ਕਰ ਸਕਦਾ ਹੈ। ਮੇਓ ਕਲੀਨਿਕ ਟੀਮ ਨੇ ਕਿਹਾ ਕਿ ਔਰਤਾਂ ਨੂੰ ਆਪਣੀ ਸਾਰੀ ਜ਼ਿੰਦਗੀ ਦੌਰਾਨ ਨਿਊਰੋਡੀਜਨਰੇਟਿਵ ਸਥਿਤੀਆਂ ਜਾਂ ਹਲਕੇ ਬੋਧਾਤਮਕ ਕਮਜ਼ੋਰੀ ਦੇ ਵਿਕਾਸ ਦਾ ਵਧੇਰੇ ਜੋਖਮ ਹੁੰਦਾ ਹੈ, ਜਿਸਨੂੰ ਅਲਜ਼ਾਈਮਰ ਬਿਮਾਰੀ ਦੇ ਪਹਿਲਾਂ ਦੇ ਲੱਛਣ ਮੰਨਿਆ ਜਾਂਦਾ ਹੈ। ਅਲਜ਼ਾਈਮਰ ਇੱਕ ਉਮਰ-ਸਬੰਧਤ ਵਿਕਾਰ ਹੈ ਜਿਸ ਵਿੱਚ ਯਾਦਦਾਸ਼ਤ, ਬੋਲੀ ਅਤੇ ਸੋਚਣ ਦੀਆਂ ਪ੍ਰਕਿਰਿਆਵਾਂ ਹੌਲੀ-ਹੌਲੀ ਘਟਦੀਆਂ ਹਨ, ਅੰਤ ਵਿੱਚ ਰੋਜ਼ਾਨਾ ਕਾਰਜਾਂ ਨੂੰ ਪ੍ਰਭਾਵਤ ਕਰਦੀਆਂ ਹਨ। ਦ ਲੈਂਸੇਟ ਨਿਊਰੋਲੋਜੀ ਵਿੱਚ ਪ੍ਰਕਾਸ਼ਿਤ ਅਧਿਐਨ ਨੇ 5,858 ਭਾਗੀਦਾਰਾਂ ਦੇ ਡੇਟਾ ਦਾ ਵਿਸ਼ਲੇਸ਼ਣ ਕੀਤਾ।

ਇਸ ਔਜ਼ਾਰ ਨੇ ਉਮਰ, ਲਿੰਗ, ਜੈਨੇਟਿਕ ਜੋਖਮ ਕਾਰਕਾਂ, ਅਤੇ ਦਿਮਾਗ ਵਿੱਚ ਐਮੀਲੋਇਡ ਦੇ ਪੱਧਰਾਂ ਵਰਗੇ ਕਾਰਕਾਂ ਨੂੰ ਜੋੜਿਆ ਹੈ ਜੋ ਫਓਠ ਸਕੈਨ (ਪੋਜ਼ੀਟ੍ਰੋਨ ਐਮੀਸ਼ਨ ਟੋਮੋਗ੍ਰਾਫੀ) ਦੁਆਰਾ ਖੋਜੇ ਗਏ ਦਿਮਾਗ ਵਿੱਚ 10 ਸਾਲਾਂ ਦੇ ਅੰਦਰ ਜਾਂ ਉਨ੍ਹਾਂ ਦੇ ਜੀਵਨ ਕਾਲ ਵਿੱਚ ਬੌਧਿਕ ਕਮਜ਼ੋਰੀ ਜਾਂ ਡਿਮੈਂਸ਼ੀਆ ਦੇ ਵਿਕਾਸ ਦੇ ਜੋਖਮ ਦਾ ਅੰਦਾਜ਼ਾ ਲਗਾਉਂਦੇ ਹਨ। ਖੋਜਕਰਤਾ ਰੋਨਾਲਡ ਪੀਟਰਸਨ ਨੇ ਕਿਹਾ, "ਇਸ ਤਰ੍ਹਾਂ ਦਾ ਜੋਖਮ ਅਨੁਮਾਨ ਲੋਕਾਂ ਅਤੇ ਉਨ੍ਹਾਂ ਦੇ ਡਾਕਟਰਾਂ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਇਲਾਜ ਕਦੋਂ ਸ਼ੁਰੂ ਕਰਨਾ ਹੈ ਜਾਂ ਲੱਛਣਾਂ ਦੀ ਸ਼ੁਰੂਆਤ ਵਿੱਚ ਦੇਰੀ ਕਰਨ ਲਈ ਜੀਵਨਸ਼ੈਲੀ ਵਿੱਚ ਬਦਲਾਅ ਕਰਨੇ ਹਨ, ਜਿਵੇਂ ਕਿ ਕੋਲੈਸਟ੍ਰੋਲ ਦਾ ਪੱਧਰ ਦਿਲ ਦੇ ਦੌਰੇ ਦੇ ਜੋਖਮ ਦੀ ਭਵਿੱਖਬਾਣੀ ਕਰਨ ਵਿੱਚ ਮਦਦ ਕਰਦਾ ਹੈ।"

# KACEES EXPRESS WASH

## ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd, Richmond, CA 94806**







## ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ